## Restaurant Supply (Wholesaler)



ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:

Prag International
Ravi Kapoor (CEO)

1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com




**Licenced Illinois & Wisconsin State.**



Jesse Singh
847-606-3664

Why pay rent if you can buy Find Out How much you can qualify!
Get Free Pre-Approval

Buying, Selling Renting or Investing

RE/MAX



Amndip Singh
847-409-8787

New construction 60% cash back

Buy through us get free inspection & attorney fees free+cashback.
Selling Commission just pay only 1%

WEBSITE: jsingh.remax.com; E-Mail: jsingh@remax.net



Twenty-Sixth Year of Publication | ਮਿਡਵੈਸਟ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 27, Issue 26; June 27, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388





'ਪੰਜਾਬ ਟਾਈਮਜ਼' ਦੀ 27ਵੀਂ ਵਰ੍ਹੇਗੰਢ ਮੌਕੇ ਇਸ ਦੇ ਬਾਨੀ ਸੰਪਾਦਕ ਸਵ. ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਮਰਹੂਮ ਸਾਥੀਆਂ ਨੂੰ ਯਾਦ ਕੀਤਾ ਗਿਆ। 'ਪੰਜਾਬ ਟਾਈਮਜ਼ ਨਾਈਟ-2026' ਮੌਕੇ ਹਾਜ਼ਰ ਅਖਬਾਰ ਦੇ ਪ੍ਰੈਜ਼ੀਡੈਂਟ ਸ. ਮਨਦੀਪ ਸਿੰਘ ਜੰਮੂ, ਮੈਨੇਜਿੰਗ ਐਡੀਟਰ ਜਸਪ੍ਰੀਤ ਜੰਮੂ, ਐਡਵਾਈਜ਼ਰੀ ਬੋਰਡ ਦੇ ਮੈਂਬਰ ਅਤੇ ਵਿਸ਼ੇਸ਼ ਮਹਿਮਾਨ। ਪ੍ਰੋਗਰਾਮ ਵਿਚ ਹਾਜ਼ਰ ਹੋਣ ਦੇ ਬਾਵਜੂਦ ਤਸਵੀਰ ਵਿਚ ਸ. ਜਗਦੀਸ਼ਰ ਸਿੰਘ ਕਲੇਰ ਦੇ ਸ਼ਾਮਲ ਨਾ ਹੋ ਸਕਣ ਦਾ ਸਾਨੂੰ ਬੇਹੱਦ ਅਫਸੋਸ ਹੈ।


-ਪ੍ਰੋਗਰਾਮ ਦਾ ਵੇਰਵਾ ਅਤੇ ਤਸਵੀਰਾਂ ਅਗਲੇ ਅੰਕ ਵਿਚ।



## India Palace Restaurant
And Banquet Hall



Best Price Wholesale
Ph: 630-400-0996
Lakhvir S. Johal
Ph: 317-709-7800

Restaurant-Fine Indian Cuisine
(Ph: 317-298-0773)
Banquet Hall Available Up to 550 People

Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

## Singh Auto Group



3983 ST RD 38E
Lafayette, IN 47905
Ph: 765-607-1300
www.singhautosgroup.com

**University Motors**

3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

## Bhaura Transport LLC
Noblesville, IN

**ਡਰਾਈਵਰਾਂ ਦੀ ਲੋੜ ਹੈ**



*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493



# ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਪੈਲਾਟਾਈਨ:** ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਲੰਘੇ ਐਤਵਾਰ ਨੂੰ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੌਕੇ ਜਿੱਥੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਥੇ ਹੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਵੀ ਸਜਾਏ ਗਏ। ਵੱਡੀ ਗਿਣਤੀ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ।

ਸਵੇਰ ਦੇ ਦੀਵਾਨਾਂ ਦੌਰਾਨ ਸਿਮਰਤਪ੍ਰੀਤ ਕੌਰ ਅਤੇ ਅਨਹਦਪ੍ਰੀਤ ਕਰ ਨੇ ਕਵੀਸ਼ਰੀ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਉਪਰੰਤ ਬੀਬੀ ਬਾਣੀ ਕੌਰ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰਦੁਆਰਾ ਸਾਹਿਬ ਦੇ ਰਾਗੀ ਜਥਿਆਂ ਭਾਈ ਆਸਵਿੰਦਰ ਸਿੰਘ, ਭਾਈ ਅਰਸ਼ਦੀਪ ਸਿੰਘ ਅਤੇ ਭਾਈ ਸਤਵੀਰ ਸਿੰਘ ਦੇ ਜਥੇ ਅਤੇ ਭਾਈ ਅਨਮੋਲ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਮਿਲਾਪ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਜੀ ਨੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਥਾ ਕਰਕੇ ਸੰਗਤ ਨੂੰ ਗੁਰੂ





ਇਤਿਹਾਸ ਨਾਲ ਜੋੜਿਆ। ਉਨ੍ਹਾਂ ਬੱਚਿਆਂ ਨੂੰ ਵੀ ਸਿੱਖੀ ਦਾ ਇਤਿਹਾਸ ਦੱਸਣ ਲਈ ਮਾਪਿਆਂ ਨੂੰ ਬੇਨਤੀ ਕੀਤੀ। ਵੱਡੀ ਗਿਣਤੀ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪੁੱਜੀਆਂ ਹੋਈਆਂ ਸਨ। ਸਾਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸੰਗਤ ਮੈਂਬਰਾਂ ਵਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਠੰਢੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ ਸੀ।

# ਯਾਦਗਾਰੀ ਹੋ ਨਿੱਬੜਿਆ ਸੁਖ਼ਨਵਰ ਸ਼ਿਕਾਗੋ ਸੰਸਥਾ ਦਾ ਆਲਮੀ ਪੰਜਾਬੀ ਮੁਸ਼ਾਇਰਾ

**ਸ਼ਿਕਾਗੋ:** ਸੁਖ਼ਨਵਰ ਸ਼ਿਕਾਗੋ ਅਮਰੀਕਾ ਅਦਬੀ ਸੰਸਥਾ ਵਲੋਂ ਲੰਘੇ ਦਿਨੀਂ ਆਲਮੀ ਪੰਜਾਬੀ ਮੁਸ਼ਾਇਰਾ ਆਯੋਜਿਤ ਕੀਤਾ ਗਿਆ, ਜਿਸ ਹੁਸੈਨ ਪਾਕਿਸਤਾਨ, ਗ਼ੁਲਾਮ ਮੁਸਤਫ਼ਾ ਅੰਜੁਮ, ਆਬਿਦ ਰਸ਼ੀਦ, ਕਸ਼ਿਸ਼ ਹੁਸ਼ਿਆਰਪੁਰੀ, ਸਾਜਿਦ ਚੌਧਰੀ, ਰਾਜ ਲਾਲੀ ਬਟਾਲਾ, ਰਾਕਿੰਦ ਕੌਰ, ਨੂੰ ਹੋਰ ਵੀ ਖ਼ੁਸ਼ਗਵਾਰ ਕਰਨ ਲਈ ਵਿਸ਼ੇਸ਼ ਦਿਨਾਂ 'ਤੇ ਮੁਸ਼ਾਇਰੇ ਕਰਵਾਏ ਜਾਂਦੇ ਹਨ। ਸੁਖ਼ਨਵਰ ਸ਼ਿਕਾਗੋ ਅਦਬੀ ਸੰਸਥਾ ਅਮਰੀਕਾ ਦੀ ਆਪਣੀ




ਵਿਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਨਾਮਵਰ ਸ਼ਾਇਰਾਂ ਨੇ ਸ਼ਿਰਕਤ ਕੀਤੀ। ਇਸ ਮੁਸ਼ਾਇਰੇ ਵਿਚ ਮਸ਼ਹੂਰ ਡਰਾਮਾ ਨਿਗਾਰ ਸ. ਆਤਮਜੀਤ ਸਿੰਘ ਜੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਨਿਊਯਾਰਕ ਤੋਂ ਇਜਾਜ਼ ਹੁਸੈਨ ਭੱਟੀ ਸਾਹਿਬ ਅਤੇ ਮਸ਼ਹੂਰ ਪੰਜਾਬੀ ਅਦੀਬ ਰਾਜਿੰਦਰ ਸਿੰਘ ਸਹਿਰਾਅ ਵੀ ਵਿਸ਼ੇਸ਼ ਤੌਰ 'ਤੇ ਹਾਜ਼ਿਰ ਹੋਏ।

ਸੁਖ਼ਨਵਰ ਪੰਜਾਬ ਅਮਰੀਕਾ ਵਿਚ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿਣ ਵਾਲੀ ਸੰਸਥਾ ਹੈ। ਇਸ ਮੁਸ਼ਾਇਰੇ ਵਿਚ ਸ਼ਿਕਾਗੋ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਮਸ਼ਹੂਰ ਸ਼ਾਇਰ ਅਖ਼ਤਰ ਗੁਰਲੀਨ ਕੌਰ, ਰਾਜ ਰੰਗੋਲੀ, ਬਦਰ ਇਸਲਾਮ ਬਦਰ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸ਼ਾਇਰਾ ਤਾਹਿਰਾ ਰਿਦਾ ਨੇ ਮੰਚ ਸੰਚਾਲਨ ਦੀ ਭੂਮਿਕਾ ਬੜੇ ਸ਼ਾਇਰਾਨਾ ਅੰਦਾਜ਼ ਵਿਚ ਨਿਭਾਈ। ਸ਼ਹਿਰ ਦੇ ਸਾਹਿਤਕ ਪ੍ਰੇਮੀਆਂ ਨੇ ਭਾਰੀ ਗਿਣਤੀ ਵਿਚ ਹਾਜ਼ਰ ਹੋ ਕੇ ਸ਼ਾਇਰਾਂ-ਅਦੀਬਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਤਿੰਨ-ਚਾਰ ਘੰਟੇ ਸ਼ਾਇਰਾਨਾ ਮਾਹੌਲ ਬਣਿਆ ਰਿਹਾ ਤੇ ਇਹ ਮੁਸ਼ਾਇਰਾ ਯਾਦਗਾਰੀ ਹੋ ਨਿੱਬੜਿਆ।

ਸੁਖ਼ਨਵਰ ਪੰਜਾਬ ਅਤੇ ਸੁਖ਼ਨਵਰ ਸ਼ਿਕਾਗੋ ਵਲੋਂ ਹਮੇਸ਼ਾਂ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਅਤੇ ਆਪਸੀ ਭਾਈਚਾਰੇ ਦੀ ਸਾਂਝ ਵੱਖਰੀ ਪਛਾਣ ਹੈ। ਸੁਖ਼ਨਵਰ ਪੰਜਾਬ ਦੇ ਪ੍ਰਧਾਨ ਆਬਿਦ ਰਸ਼ੀਦ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਆਯੋਜਨ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਦੋਵਾਂ ਪੰਜਾਬਾਂ ਦੇ ਅਦੀਬਾਂ ਵਿਚ ਸਾਂਝ ਪੈਦਾ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦਾ ਯਤਨ ਹੈ।

ਸੰਸਥਾ ਵੱਲੋਂ ਚਾਹ ਅਤੇ ਲੰਚ ਦਾ ਵੀ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ। ਸਾਹਿਤਕ ਪ੍ਰੇਮੀਆਂ ਲਈ ਮੁਸ਼ਾਇਰੇ ਦੀ ਰਿਕਾਰਡਿੰਗ ਯੂ ਟਿਊਬ 'ਤੇ ਵੀ ਉਪਲਬਧ ਹੈ ਤੇ Sukhanvar Punjab ਚੈਨਲ ਉੱਤੇ ਵੀ ਦੇਖੀ ਜਾ ਸਕਦੀ ਹੈ।

# ਸ. ਸੁਰਿੰਦਰ ਸਿੰਘ ਮੁਲਤਾਨੀ ਨੂੰ ਸਦਮਾ, ਪਤਨੀ ਦਾ ਦੇਹਾਂਤ

**ਸ਼ਿਕਾਗੋ:** ਸ਼ਿਕਾਗੋ ਵਿਚ ਸਥਾਪਤ ਵੱਡੇ ਮੁਲਤਾਨੀ ਪਰਿਵਾਰ ਨਾਲ ਸਬੰਧਤ ਬਿਜ਼ਨਸਮੈਨ ਸ. ਸੁਰਿੰਦਰ ਸਿੰਘ ਮੁਲਤਾਨੀ ਦੀ ਪਤਨੀ ਅਤੇ ਸ. ਗਗਨ ਸਿੰਘ ਮੁਲਤਾਨੀ ਦੀ ਮਾਤਾ, ਬੀਬੀ ਜਗਵਿੰਦਰ ਕੌਰ ਪਰਮਾਤਮਾ ਦੁਆਰਾ ਬਖ਼ਸ਼ੀ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 70 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਪਤੀ, ਇਕ ਪੁੱਤਰ, ਦੋ ਧੀਆਂ, ਨੂੰਹ, ਦੋ ਜਵਾਈ ਅਤੇ ਪੰਜ ਪੋਤੇ-ਪੋਤੀਆਂ/ਦੋਹਤੇ-ਦੋਹਤੀਆਂ ਛੱਡ ਗਏ ਹਨ। ਉਹ ਪੰਜਾਬ ਦੇ ਪਿੰਡ ਪੰਜਢੇਰਾ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧ ਰੱਖਦੇ ਸਨ। ਉਹ ਇੰਡੀਆ ਗਏ ਹੋਏ ਸਨ, ਜਿੱਥੇ ਬਾਹਰ ਦਾ ਖਾਣਾ ਖਾਣ ਮਗਰੋਂ ਉਨ੍ਹਾਂ ਨੂੰ ਡਾਇਰੀਆ ਹੋ ਗਿਆ। ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਪਰ ਹੌਲੀ-ਹੌਲੀ ਉਨ੍ਹਾਂ ਦੇ ਸਰੀਰਕ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਤੇ ਅਖੀਰ ਉਹ ਚਲਾਣਾ ਕਰ ਗਏ। ਉਨ੍ਹਾਂ ਦੀ ਮ੍ਰਿਤਕ ਦੇਹ ਪੰਜਾਬ ਤੋਂ ਅਮਰੀਕਾ ਲਿਆਂਦੀ ਗਈ ਹੈ।



ਬੀਬੀ ਜਗਵਿੰਦਰ ਕੌਰ, ਗੁਰਦੁਆਰਾ ਸਾਹਿਬ ਦੇ ਸਾਬਕਾ ਬੋਰਡ ਮੈਂਬਰ ਸ. ਹਰਵਿੰਦਰ ਸਿੰਘ ਘੋਤੜਾ ਦੇ ਭੈਣ, ਸਵੀ ਅਟੱਲ ਦੇ ਮਾਸੀ, ਗੁਰਦੁਆਰਾ ਸਾਹਿਬ ਪੈਲਾਟਾਈਨ ਦੇ ਮੁੱਖ ਸੇਵਾਦਾਰ ਸ. ਤਰਲੋਚਨ ਸਿੰਘ ਮੁਲਤਾਨੀ, ਬਿਜ਼ਨਸਮੈਨ ਸ. ਗੁਲਜ਼ਾਰ ਸਿੰਘ ਮੁਲਤਾਨੀ, ਸਤਵੰਤ ਸਿੰਘ ਅਟੱਲ ਅਤੇ ਜਸਵੀਰ ਸਿੰਘ ਪਲੀਆ ਦੇ ਨਜ਼ਦੀਕੀ ਰਿਸ਼ਤੇਦਾਰ ਸਨ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਬੀਬੀ ਜਗਵਿੰਦਰ ਕੌਰ ਦਾ ਅੰਤਿਮ ਸੰਸਕਾਰ 26 ਜੂਨ, ਸ਼ੁੱਕਰਵਾਰ ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਦਰਮਿਆਨ ਡੇਵਨਪੋਰਟ ਫੈਮਿਲੀ ਫਿਊਨਰਲ ਹੋਮਜ਼ ਐਂਡ ਕ੍ਰੀਮੇਟਰੀ 941 S. Old Rand Road, Lake Zurich, IL 60047 ਵਿਚ ਹੋਵੇਗਾ। ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 2:00 ਵਜੇ ਤੋਂ ਸ਼ਾਮ 4:00 ਵਜੇ ਤੱਕ ਸਿੱਖ ਰਿਲੀਜੀਅਸ ਸੋਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਹੋਰ ਵਧੇਰੇ ਜਾਣਕਾਰੀ ਲਈ ਸ. ਸੁਰਿੰਦਰ ਸਿੰਘ ਮੁਲਤਾਨੀ ਨਾਲ ਫੋਨ ਨੰਬਰ 630-400-5020, ਗਗਨ ਸਿੰਘ ਨਾਲ 630-202-5999 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਵਧਾਈਆਂ ਮੈਲਿਕੀ ਸਿੰਘ ਹੈਨੇਗਨ !

*ਬਹੁਤ ਫਖ਼ਰ ਹੈ ਸਾਨੂੰ ਤੇਰੇ 'ਤੇ।*

*ਜੋ ਤੂੰ ਕਰ ਦਿਖਾਇਆ ਧਾਰਮਿਕ ਸੰਸਥਾਵਾਂ ਵੀ ਉੱਥੇ ਪਹੁੰਚ ਨਹੀਂ ਸਕੀਆਂ। ਇਲੀਨੌਏ ਸਟੇਟ ਦੇ ਵਿੱਲਾ ਪਾਰਕ ਸ਼ਹਿਰ ਦੇ 1800 ਬੱਚਿਆਂ ਵਾਲੇ ਹਾਈ ਸਕੂਲ ਵਿਚ ਇਕੱਲਾ ਪੱਗ ਵਾਲਾ ਹੋਣਾ, ਉਹ ਵੀ ਗੋਰਾ ਹੋਣ ਦੇ ਬਾਵਜੂਦ ਤੇ ਨਾ ਹੀ ਕਿਸੇ ਦੇ ਮਜਬੂਰ ਜਾਂ ਉਤਸ਼ਾਹ ਕਰਨ ਬਿਨਾਂ, ਆਪੂੰ ਪੱਗ ਬੰਨ੍ਹਣੀ ਸਿੱਖ ਕੇ ਦੂਜਿਆਂ ਨੂੰ ਪੱਗ ਬਾਰੇ ਦੱਸਣਾ, ਇਹ ਗੁਰੂ ਦੀ ਬਖ਼ਸ਼ਿਸ਼ ਹੀ ਹੈ। ਗੁਰੂ ਦੀ ਰਹਿਮਤ ਸਦਕਾ ਹੀ ਤੈਨੂੰ ਐਨੇ ਇਨਾਮ ਮਿਲੇ। ਸਕੂਲ ਦੇ ਇਤਿਹਾਸ ਵਿਚ ਪਹਿਲੀ ਵਾਰ ਤੇਰੇ ਡਰਾਮੇ ਨੂੰ ਸਟੇਟ ਚੈਂਪੀਅਨਸ਼ਿਪ ਮਿਲੀ। ਪੱਗ ਬੰਨ੍ਹ ਕੇ ਸਕੂਲ ਵਿਚ ਮਿਊਜ਼ਿਕ ਪ੍ਰੋਗਰਾਮ ਦੇਣੇ ਖਾਲਾ ਜੀ ਦਾ ਵਾੜਾ ਨਹੀਂ ਸੀ। ਤੇਰੀ ਲਿਆਕਤ ਸਦਕਾ ਤੇਰੇ ਨਜ਼ਦੀਕੀ ਦੋਸਤਾਂ ਨੇ ਤੈਨੂੰ ਪੱਗ ਸਮੇਤ ਕਬੂਲਿਆ, ਤੇਰੀ ਸ਼ਲਾਘਾ ਕੀਤੀ। 5 ਬੱਚਿਆਂ ਵਲੋਂ South Asian Students Association ਬਣਾਉਣੀ ਬਹੁਤ ਸ਼ਲਾਘਾਯੋਗ ਕਦਮ ਸੀ। ਪਹਿਲੀ ਵਾਰ ਸਕੂਲ ਵਿਚ ਪੰਜਾਬੀ ਗਾਣਾ ਗਾਉਣਾ ਤੇਰੀ ਹਿੰਮਤ ਦਾ ਮੀਲ ਪੱਥਰ ਸੀ। ਕਾਲਜ ਬੋਰਡ ਦਾ National recognition ਇਨਾਮ ILMEA ਦਾ choir ਵਿਚ All State Honor, 5000 ਬੱਚਿਆਂ ਵਿਚੋਂ Bass ਵਿਚ ਪਹਿਲਾ ਨੰਬਰ ਲੈਣਾ, vocal jazz ਵਿਚ ਹਜ਼ਾਰਾਂ ਬੱਚਿਆਂ ਵਿਚੋਂ 16ਵਾਂ ਸਥਾਨ ਹਾਸਲ ਕਰਨਾ, ਪੰਜਾਂ ਵਿਚੋਂ ਚਾਰ ਜੱਜਾਂ ਵਲੋਂ ਸਟੇਟ ਲੈਵਲ ਦਾ ਐਕਟਰ ਦਾ ਇਨਾਮ ਦੇਣਾ, Thespian ਇਨਾਮ, Saxophone ਦਾ ਸੈਕਸ਼ਨ ਲੀਡਰ ਤੇ ਹਾਈ ਸਕੂਲ ਸ਼ੁਰੂ ਕਰਨ ਵੇਲੇ ਦਾ ਡਾਇਰੈਕਟਰ ਇਨਾਮ ਤੇ ਸਕੂਲ ਦੇ ਚਾਰ ਸਾਲਾਂ ਦੌਰਾਨ National School Chorus ਇਨਾਮ ਲੈਣ 'ਤੇ ਬਹੁਤ ਬਹੁਤ ਮੁਬਾਰਕਾਂ।*

*ਵਾਹਿਗੁਰੂ ਤੈਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖੇ।*



**ਵਲੋਂ: ਨਾਨਾ ਠਾਕਰ ਸਿੰਘ ਬਸਾਤੀ ਅਤੇ ਨਾਨੀ ਰਜਿੰਦਰ ਕੌਰ ਬਸਾਤੀ**

## ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਹੈਲਪਰ ਦੀ ਲੋੜ ਹੈ।

ਗਰੀਨਵੁੱਡ (ਇੰਡੀਅਨਐਪੋਲਿਸ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰੋ:

**317-796-1088**

## ਮਿਲਵਾਕੀ (ਵਿਸਕਾਨਸਿਨ) ਵਿਚ ਗਰੋਸਰੀ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ

ਮਿਲਵਾਕੀ ਸਥਿਤ ਇੰਡੀਅਨ ਗਰੋਸਰੀ ਅਤੇ ਲਿਕਰ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ।

*ਚੰਗੀ ਤਨਖਾਹ

ਚਾਹਵਾਨ ਸੰਪਰਕ ਕਰੋ:

**ਗੁਰਮੁਖ ਸਿੰਘ:**
**414-339-3689**

## Change of Name

This is to certify that I, **Ratnakar Singh**, father of **Vaidish**, resident of Balagere, Bengaluru, Karnataka India presently residing at **3580 Rambla PL, Santa Clara, CA**, do hereby declare that my son's name **Vaidish** has been changed to **Vaidish Singh**.

All concerned please note.

## Infinity Truck Repair

ਮੋਬਾਈਲ ਟਰੱਕ ਰਿਪੇਅਰ ਸੇਵਾ- ਜਿੱਥੇ ਟਰੱਕ ਓਥੇ ਸੇਵਾ!

**Serving Chicagoland and surrounding areas!**

### ਸੇਵਾਵਾਂ/Services

* Yard PM's/DOT inspections
* Brakes and wheel seal jobs.
* Check Engine Light issues
* Battery and No start Issue
* Tire swap and replacement
* Air Leaks and brake chambers
* Other General Repairs

* ਇਮਾਨਦਾਰ ਕੰਮ, ਤੇਜ਼ ਸੇਵਾ, ਸਹੀ ਰੇਟ
* ਪੰਜਾਬੀ ਟਰੱਕਰ ਵੀਰਾਂ ਲਈ ਭਰੋਸੇਯੋਗ ਸੇਵਾ

**Contact: Cheema: 224-966-8657**

Stay onTrack, we have got your back!

# Matrimonials

## ਲੜਕੇ ਦੀ ਲੋੜ ਹੈ

Hindu/Sikh family seeks a suitable match for their beautiful daughter, 29 years, 5'6", U.S. citizen, Doctor of Dental Medicine (DMD), currently practicing as a dentist in Ohio. Family-oriented, well-educated, and professionally accomplished. Parents and sibling are U.S. citizens. Seeking a well-educated, professionally qualified match from a respectable family. Contact us at 937-397-9366

25-28

Jatt Sikh family seeks a well-educated match for their US born daughter. April 1992 born, 5'5", highly educated (Bachelors, Masters, Post-Masters). Currently working as a School Psychologist in California. Seeking a well-settled, professionally qualified match. Strong preference for US West Coast residents and non-turbaned only. Contact : 301-653-7029

23-26

Seeking a suitable match for a US-born and raised Punjabi Hindu Brahmin girl, 23, 5'1". A Yale graduate starting dental school in June 2026, she is a talented Bharatanatyam dancer, vegetarian, and thoughtfully grounded. She is from a progressive, well-educated family seeking a mature, US-raised Punjabi Hindu partner with shared cultural values and a vegetarian lifestyle. Please text at: 678-304-8184. Refer MV.

23-26

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered. Contact us at: 269-830-0980

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ San Diego ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

25-28

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਉਮਰ 38 ਸਾਲ, 5'-11" ਲੰਬਾ, USA ਤੋਂ Master Degree Holder, ਸਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ, ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ. ਵਧੇਰੇ ਜਾਣਕਾਰੀ ਲਈ ਅੱਜ ਹੀ+1 (510) 558-5650 'ਤੇ ਕਾਲ ਕਰੋ ਜਾਂ +91 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

24-27

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੇ ਯੂ.ਐੱਸ.ਏ. ਸਿਟੀਜ਼ਨ ਉਮਰ 34, ਕੱਦ 6.1" ਇੰਚ ਡਾਕਟਰ ਲੜਕੇ ਲਈ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਕੱਦ ਘਟੋ-ਘੱਟ 5.5 ਇੰਚ ਹੋਵੇ, ਮੈਡੀਕਲ ਲਾਈਨ ਨਾਲ ਸਬੰਧਤ ਲੜਕੀ ਨੂੰ ਪਹਿਲ। ਅਮਰੀਕਾ ਜਾਂ ਕੈਨੇਡਾ ਵਿਚ ਸਟੂਡੈਂਟ ਵੀਜ਼ਾ ਜਾਂ ਐਚ1ਬੀ ਵੀਜ਼ੇ ਵਾਲੀ ਲੜਕੀ ਵੀ ਵਿਚਾਰਨਯੋਗ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ, ਫੋਨ: 224-381-2362 ਜਾਂ 847-323-1827

23-26

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

23-26

ਯੂ.ਐਸ.ਏ. ਸੈਟਲਡ ਜੱਟ ਸਿੱਖ ਪਰਿਵਾਰ ਨੂੰ ਆਪਣੇ ਕੈਨੇਡੀਅਨ ਸਿਟੀਜ਼ਨ 32 ਸਾਲਾ 5'10" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਕੈਨੇਡਾ ਵਿਚ ਪ੍ਰੋਫੈਸ਼ਨਲ ਸਾਈਕੈਟਰਿਕ LPN ਨਰਸਿੰਗ ਦੀ ਜੌਬ ਕਰ ਰਿਹਾ ਹੈ। ਕੁਝ ਦਿਨਾਂ ਦੇ ਵਿਆਹ ਤੋਂ ਬਾਅਦ ਲੀਗਲੀ ਡਾਇਵੋਰਸੀ ਹੈ। ਯੂਐਸਏ ਸੈਟਲਡ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 224-281-8629

22-25

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਊਧਵ ਦੇ 6 ਸੰਸਦ ਮੈਂਬਰ ਏਕਨਾਥ ਸ਼ਿੰਦੇ ਨਾਲ ਗਏ

**ਮੁੰਬਈ:** ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਆਗੂ ਏਕਨਾਥ ਸ਼ਿੰਦੇ ਨੇ ਸ਼ਿਵ ਸੈਨਾ (ਯੂਬੀਟੀ) ਛੱਡ ਕੇ ਆਏ ਛੇ ਸੰਸਦ ਮੈਂਬਰਾਂ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਸਾਡੇ ਹੱਥ ਛੇ ਟਾਈਗਰ ਹਨ। ਇਸ ਤਰ੍ਹਾਂ 'ਆਪ੍ਰੇਸ਼ਨ ਟਾਈਗਰ' ਸਫ਼ਲ ਹੋ ਗਿਆ ਹੈ। ਦੂਜੇ ਪਾਸੇ ਸ਼ਿਵ ਸੈਨਾ (ਯੂਬੀਟੀ) ਦੇ ਬੁਲਾਰੇ ਸੰਜੇ ਰਾਉਤ ਨੇ ਕਿਹਾ ਕਿ ਭਾਜਪਾ 'ਚ ਫੜਨਵੀਸ ਨੂੰ ਕਮਜ਼ੋਰ ਕਰਨ ਲਈ ਸ਼ਿੰਦੇ ਦੀ ਵਰਤੋਂ ਕੀਤੀ ਜਾ ਰਹੀ ਹੈ।



ਕਰੀਬ ਇਕ ਹਫ਼ਤਾ ਪਹਿਲਾਂ ਸ਼ਿਵ ਸੈਨਾ (ਯੂਬੀਟੀ) ਦੇ ਛੇ ਲੋਕ ਸਭਾ ਮੈਂਬਰਾਂ ਨੇ ਆਪਣਾ ਵੱਖ ਧੜਾ ਬਣਾਉਣ ਦਾ ਪੱਤਰ ਲੋਕ ਸਭਾ ਸਪੀਕਰ ਨੂੰ ਸੌਂਪਿਆ ਸੀ। ਪਰ ਉਸ ਤੋਂ ਬਾਅਦ ਸਾਰੇ ਛੇ ਸੰਸਦ ਮੈਂਬਰ ਇਕੱਠੇ ਨਹੀਂ ਹੋ ਰਹੇ ਸਨ। ਇਸ ਨਾਲ ਭੰਬਲਭੂਸੇ ਦਾ ਮਾਹੌਲ ਬਣਿਆ ਹੋਇਆ ਸੀ। ਵਿਧਾਨ ਮੰਡਲ ਦੇ ਮੌਨਸੂਨ ਸੈਸ਼ਨ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਦੌਰਾਨ ਜਦ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਤੋਂ ਆਪ੍ਰੇਸ਼ਨ ਟਾਈਗਰ ਬਾਰੇ ਸਵਾਲ ਕੀਤਾ ਗਿਆ ਸੀ, ਤਾਂ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਜਲਦ ਹੀ ਵੱਡੀ ਖ਼ਬਰ ਦਿਆਂਗੇ। ਸੋਮਵਾਰ ਨੂੰ ਉਹ ਸ਼ਿਵ ਸੈਨਾ (ਯੂਬੀਟੀ) ਦੇ ਛੇ ਬਾਗ਼ੀ ਸੰਸਦ ਮੈਂਬਰਾਂ ਦੇ ਨਾਲ ਸਾਹਮਣੇ ਆਏ ਤੇ ਕਿਹਾ ਕਿ ਇਕ ਆਪ੍ਰੇਸ਼ਨ ਟਾਈਗਰ 2022 'ਚ ਹੋਇਆ ਸੀ, ਜਦ ਅਸੀਂ ਬਾਲਾ ਸਾਹਿਬ ਠਾਕਰੇ ਦੇ ਵਿਚਾਰਾਂ ਨੂੰ ਅੱਗੇ ਲਿਜਾਣ ਲਈ ਵੱਖ ਹੋਏ ਸੀ। ਤਦ ਸਾਡੇ ਕੋਲ 40 ਵਿਧਾਇਕ ਸਨ, ਹੁਣ ਸ਼ਿਵ ਸੈਨਾ ਦੇ ਦੁਬਾਰਾ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਸਾਡੇ ਕੋਲ 57 ਵਿਧਾਇਕ ਹਨ। ਹੁਣ ਦੂਜਾ ਆਪ੍ਰੇਸ਼ਨ ਟਾਈਗਰ ਹੋਇਆ ਹੈ। ਹੁਣ ਆਪ੍ਰੇਸ਼ਨ ਟਾਈਗਰ ਕਾਮਯਾਬੀ ਨਾਲ ਪੂਰਾ ਹੋ ਚੁੱਕਾ ਹੈ। ਸ਼ਿੰਦੇ ਦੀ ਹੀ ਪਾਰਟੀ ਦੇ ਸੀਨੀਅਰ ਆਗੂ ਰਾਮਦਾਸ ਕਦਮ ਨੇ ਵੀ ਆਪ੍ਰੇਸ਼ਨ ਟਾਈਗਰ ਨੂੰ ਸੌ ਫ਼ੀਸਦੀ ਸਫ਼ਲ ਦੱਸਦੇ ਹੋਏ ਕਿਹਾ ਕਿ ਹੁਣ ਅਜਿਹਾ ਹੀ ਇਕ ਆਪ੍ਰੇਸ਼ਨ ਮੁੰਬਈ ਮਹਾਨਗਰਪਾਲਿਕਾ 'ਚ ਵੀ ਹੋਵੇਗਾ। ਉਨ੍ਹਾਂ ਦਾ ਇਸ਼ਾਰਾ ਮਹਾਨਗਰਪਾਲਿਕਾ (ਬੀਐੱਮਸੀ) 'ਚ ਚੁਣ ਕੇ ਆਏ ਸ਼ਿਵ ਸੈਨਾ (ਯੂਬੀਟੀ) ਦੇ ਕੌਂਸਲਰਾਂ ਦੇ ਸ਼ਿਵ ਸੈਨਾ 'ਚ ਸ਼ਾਮਲ ਸੀ।

ਦੂਜੇ ਪਾਸੇ ਆਪਣੇ ਸੰਸਦ ਮੈਂਬਰਾਂ ਦੇ ਪਾਰਟੀ ਛੱਡ ਕੇ ਜਾਣ ਤੋਂ ਨਿਰਾਸ਼ ਸ਼ਿਵ ਸੈਨਾ (ਯੂਬੀਟੀ) ਦੇ ਆਗੂ ਊਧਵ ਠਾਕਰੇ ਨੇ ਪਾਰਟੀ ਛੱਡ ਕੇ ਗਏ ਸੰਸਦ ਮੈਂਬਰਾਂ ਦੇ ਖੇਤਰਾਂ 'ਚ ਜਾ ਕੇ ਉਨ੍ਹਾਂ ਨੂੰ ਕੋਸਣਾ ਸ਼ੁਰੂ ਕਰ ਦਿੱਤਾ ਹੈ, ਤਾਂ ਉਨ੍ਹਾਂ ਦੀ ਪਾਰਟੀ ਦੇ ਬੁਲਾਰੇ ਸੰਜੇ ਰਾਉਤ ਇਨ੍ਹਾਂ ਸੰਸਦ ਮੈਂਬਰਾਂ ਲਈ ਅਪਸ਼ਬਦਾਂ ਦੀ ਵਰਤੋਂ ਕਰਨ ਤੋਂ ਬਾਜ਼ ਨਹੀਂ ਆ ਰਹੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਭਾਜਪਾ 'ਚ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਕਮਜ਼ੋਰ ਕਰਨ ਲਈ ਏਕਨਾਥ ਸ਼ਿੰਦੇ ਦੀ ਵਰਤੋਂ ਕੀਤੀ ਜਾ ਰਹੀ ਹੈ। ਰਾਊਤ ਨੇ ਪਾਰਟੀ ਛੱਡ ਕੇ ਗਏ ਧਾਰਾਸ਼ਿਵ ਦੇ ਸੰਸਦ ਮੈਂਬਰ ਓਮਰਾਜੇ ਨਿੰਬਾਲਕਰ ਨੂੰ 'ਬਦਨਾਮ ਗੱਦਾਰ ਕਰਾਰ ਦਿੰਦੇ ਹੋਏ ਉਨ੍ਹਾਂ ਦੀ ਸਖ਼ਤ ਨਿੰਦਾ ਕੀਤੀ। ਰਾਊਤ ਨੇ ਕਿਹਾ ਕਿ ਦਲ-ਬਦਲੂਆਂ ਕੋਲ ਕੋਈ ਵਿਚਾਰਕ ਆਧਾਰ ਨਹੀਂ ਹੁੰਦਾ। ਉਹ ਸਿਰਫ਼ ਆਪਣੇ ਸਵਾਰਥ ਤੋਂ ਪ੍ਰੇਰਿਤ ਹੁੰਦੇ ਹਨ। ਰਾਊਤ ਨੇ ਕਿਹਾ ਕਿ ਕੀ ਗੱਦਾਰਾਂ ਦਾ ਕਦੀ ਕੋਈ ਸਟੈਂਡ ਹੁੰਦਾ ਹੈ? ਊਧਵ ਠਾਕਰੇ ਦਾ ਸਾਥ ਛੱਡਣ ਵਾਲੇ ਬਦਨਾਮ ਗੱਦਾਰ ਹਨ। ਜੈ ਓਮਰਾਜੇ ਨਿੰਬਾਲਕਰ ਨੂੰ ਲੱਗਦਾ ਹੈ ਕਿ ਇਸ ਕਦਮ ਲਈ ਉਨ੍ਹਾਂ ਦੇ ਪਿਤਾ ਦੀ ਆਤਮਾ ਅਸ਼ੀਰਵਾਦ ਦੇਵੇਗੀ।

# ਪਿੰਡਾਂ ਦੀ ਵਾਗਡੋਰ ਭਗਵੰਤ ਮਾਨ ਤੇ ਸ਼ਹਿਰਾਂ ਦੀ ਜ਼ਿੰਮੇਵਾਰੀ ਕੇਜਰੀਵਾਲ ਨੇ ਸੰਭਾਲੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ 27 ਜੂਨ ਨੂੰ ਮਾਝੇ ਦੇ ਤਿੰਨ ਦਿਨਾਂ ਦੌਰੇ 'ਤੇ ਆ ਰਹੇ ਹਨ। ਤਿੰਨ ਦਿਨਾਂ ਦੌਰਾਨ ਉਹ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਬਟਾਲਾ ਵਿਖੇ ਹੋਣ ਵਾਲੇ ਧਾਰਮਿਕ ਸਮਾਗਮ ਵਿਚ ਹਿੱਸਾ ਲੈਣਗੇ। ਇਸ ਤੋਂ ਪਹਿਲਾਂ ਪਿਛਲੇ ਦਿਨੀਂ ਕੇਜਰੀਵਾਲ ਨੇ ਮਾਲਵੇ ਦੇ ਬਠਿੰਡਾ, ਲੁਧਿਆਣਾ ਅਤੇ ਦੁਆਬਾ ਦੇ ਮੋਹਾਲੀ ਵਿਖੇ ਵੱਖ-ਵੱਖ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ ਸੀ। ਬਠਿੰਡਾ ਰੋਡ ਸ਼ੋਅ ਦੌਰਾਨ ਕੇਜਰੀਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਫਿਰ ਤੋਂ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ ਸੀ।



ਜਾਣਕਾਰੀ ਅਨੁਸਾਰ ਕੇਜਰੀਵਾਲ ਮਾਝੇ ਦੇ ਤਿੰਨ ਦਿਨਾਂ ਦੌਰੇ 'ਤੇ 27 ਜੂਨ ਨੂੰ ਅੰਮ੍ਰਿਤਸਰ ਰਣਜੀਤ ਐਵਨਿਊ ਗਰਾਊਡ: ਵਿਚ ਇਕ ਸ਼ਾਮ ਭਗਵਾਨ ਸ਼ਿਵ ਦੇ ਨਾਮ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ। ਉਸ ਤੋਂ ਬਾਅਦ 28 ਨੂੰ ਸਰਕਾਰੀ ਕਾਲਜ਼ ਗੁਰਦਾਸਪੁਰ ਅਤੇ 29 ਜੂਨ ਨੂੰ ਐੱਸ.ਐੱਲ. ਬਾਵਾ ਸਕੂਲ ਬਟਾਲਾ ਦੇ ਮੈਦਾਨ ਵਿਚ ਕਰਵਾਏ ਜਾ ਰਹੇ ਧਾਰਮਿਕ ਸਮਾਗਮ ਵਿਚ ਹਿੱਸਾ ਲੈਣਗੇ। ਕੇਜਰੀਵਾਲ ਨੇ ਪਿਛਲੇ ਦਿਨਾਂ ਦੌਰਾਨ ਨਵੰਬਰ ਮਹੀਨੇ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਦੀ ਭਵਿੱਖਬਾਣੀ ਕੀਤੀ ਸੀ, ਜਿਸ ਕਰਕੇ ਆਪ ਨੇ ਆਪਣੀਆਂ ਸਿਆਸੀ ਸਰਗਮੀਆਂ ਵਧਾ ਦਿੱਤੀਆਂ ਹਨ। ਦੱਸਿਆ ਜਾਂਦਾ ਹੈ ਕਿ ਆਪ ਨੇ ਰਣਨੀਤੀ ਤਹਿਤ ਦਿਹਾਤੀ ਖੇਤਰ ਪਿੰਡਾਂ ਦੀ ਵਾਗਡੋਰ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਭਾਲੀ ਹੈ ਅਤੇ ਉਹ ਸੱਥ ਪ੍ਰੋਗਰਾਮ ਤਹਿਤ ਵੱਖ-ਵੱਖ ਹਲਕਿਆਂ 'ਚ ਪੁੱਜ ਰਹੇ ਹਨ। ਜਦਕਿ ਸ਼ਹਿਰੀ ਖਿੱਤੇ ਦੀ ਜ਼ਿੰਮੇਵਾਰੀ ਅਰਵਿੰਦ ਕੇਜਰੀਵਾਲ ਨੇ ਸੰਭਾਲੀ ਹੈ। ਪਿਛਲੇ ਦਿਨੀਂ ਨਗਰ ਨਿਗਮ ਬਠਿੰਡਾ ਅਤੇ ਮੋਹਾਲੀ ਦੇ ਮੇਅਰ ਚੁਣੇ ਜਾਣ ਬਾਅਦ ਉਹਨਾਂ ਦੋਵਾਂ ਸ਼ਹਿਰਾਂ ਵਿਚ ਰੋਡ ਸ਼ੋਅ ਕੱਢਿਆ ਸੀ।

## ਆਪ ਨੇਤਾਵਾਂ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਬਾਰੇ ਦੁਬਿਧਾ ਬਰਕਰਾਰ

ਅਰਵਿੰਦ ਕੇਜਰੀਵਾਲ ਦਾ ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿ 29 ਜੂਨ ਨੂੰ ਪੰਜ ਸਿੰਘ ਸਾਹਿਬਾਨ ਨੇ ਸਿੱਖ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਇਆ ਹੋਇਆ ਹੈ। ਮੰਤਰੀ ਅਤੇ ਆਪ ਦੇ ਵਿਧਾਇਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣਗੇ ਜਾਂ ਨਹੀਂ ਇਸ ਨੂੰ ਲੈ ਕੇ ਦੁਬਿਧਾ ਬਰਕਰਾਰ ਹੈ, ਪਰ ਅਰਵਿੰਦ ਕੇਜਰੀਵਾਲ ਇਕ ਧਾਰਮਿਕ ਸਮਾਗਮ 'ਇਕ ਸ਼ਾਮ ਭਗਵਾਨ ਸ਼ਿਵ ਦੇ ਨਾਮ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ। ਇਹਨਾਂ ਸਮਾਗਮਾਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਪੁੱਜਣ ਦੇ ਕਿਆਸ ਵੀ ਲਾਏ ਜਾ ਰਹੇ ਹਨ।

## ਯੂਕਰੇਨ ਨੇ ਮਾਸਕੋ ਨੂੰ ਮੁੜ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ



**ਕੀਵ:** ਯੂਕਰੇਨ ਨੇ ਦੁਬਾਰਾ ਰੂਸ ਦੀ ਰਾਜਧਾਨੀ ਮਾਸਕੋ 'ਤੇ ਡ੍ਰੋਨ ਹਮਲੇ ਦੀ ਕੋਸ਼ਿਸ਼ ਕੀਤੀ। ਰੂਸ ਦੇ ਏਅਰ ਡਿਫੈਂਸ ਸਿਸਟਮ ਨੇ ਮਾਸਕੋ ਵੱਲ ਵਧ ਰਹੇ 84 ਡ੍ਰੋਨਾਂ ਨੂੰ ਆਕਾਸ਼ ਵਿਚ ਹੀ ਨਸ਼ਟ ਕਰ ਦਿੱਤਾ। ਇਸ ਸਥਿਤੀ ਕਾਰਨ ਮਾਸਕੋ ਦੇ ਹਵਾਈ ਅੱਡਿਆਂ 'ਤੇ ਜਹਾਜ਼ਾਂ ਦਾ ਆਵਾਜਾਈ ਕਈ ਘੰਟਿਆਂ ਤੱਕ ਰੁਕੀ ਰਹੀ। ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਸੋਮਵਾਰ ਨੂੰ ਹੋਏ ਉਸ ਦੇ ਡ੍ਰੋਨ ਹਮਲੇ ਵਿਚ ਰੂਸ ਦੇ ਵੋਰਨੇਜ ਇਲਾਕੇ ਵਿਚ ਸਥਿਤ ਰੂਸੀ ਮਿਜ਼ਾਈਲਾਂ ਲਈ ਇਲੈਕਟ੍ਰਾਨਿਕਸ ਤਿਆਰ ਕਰਨ ਵਾਲੇ ਕਾਰਖਾਨੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਇਸ ਦੌਰਾਨ, ਯੂਕਰੇਨ ਵਿਚ ਰੂਸ ਦੇ ਹਮਲਿਆਂ ਵਿਚ ਛੇ ਲੋਕ ਮਾਰੇ ਗਏ।

# ਫੇਕ ਵੀਡੀਓਜ਼ ਰਾਹੀਂ ਕੂੜ ਪ੍ਰਚਾਰ ਕਰ ਰਹੇ ਹਨ ਵਿਰੋਧੀ: ਭਗਵੰਤ ਮਾਨ

**ਫਰੀਦਕੋਟ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਜਨਤਾ ਦਾ ਸਮਰਥਨ ਗੁਆ ਚੁੱਕੇ ਵਿਰੋਧੀ ਆਗੂ ਉਨ੍ਹਾਂ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਫੇਕ ਵੀਡੀਓਜ਼ ਚਲਾ ਕੇ ਕੂੜ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹਨ ਅਤੇ 2027 ਵਿੱਚ ਵੀ ਸੂਬੇ ਵਿੱਚ 'ਆਪ' ਦੀ ਸਰਕਾਰ ਬਣੇਗੀ। ਨੇੜਲੇ ਪਿੰਡ ਪੰਜਗਰਾਈ ਕਲਾਂ ਵਿੱਚ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ 1 ਮੁੱਖ ਮੰਤਰੀ ਨੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਚੰਡੀਗੜ੍ਹ ਦੇ ਬੰਦ ਕਮਰਿਆਂ ਵਿੱਚੋਂ ਨਹੀਂ, ਸਗੋਂ ਪਿੰਡਾਂ ਦੀਆਂ ਸੱਥਾਂ ਵਿੱਚੋਂ ਚੱਲ ਰਹੀ ਹੈ। ਇਸ ਦੌਰਾਨ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।



ਮਾਨ ਨੇ ਜਾਗਤ ਜੋਤ ਸਤਿਕਾਰ ਐਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁਝ ਸਿਆਸੀ ਧਿਰਾਂ ਪਹਿਲਾਂ ਕਾਨੂੰਨ ਬਣਾਉਣ ਦੀ ਮੰਗ ਕਰਦੀਆਂ ਰਹੀਆਂ, ਪਰ ਬਾਅਦ ਵਿੱਚ ਆਪਣੇ ਸਿਆਸੀ ਹਿੱਤਾਂ ਲਈ ਰੁਖ ਬਦਲ ਲਿਆ। ਉਨ੍ਹਾਂ ਕਿਹਾ ਕਿ ਅਜਿਹਾ ਰਵੱਈਆ ਸਿੱਖ ਧਰਮ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਮਾਨ ਨੇ ਕਿਹਾ ਕਿ ਹੁਣ ਤੱਕ 67,500 ਸਰਕਾਰੀ ਨੌਕਰੀਆਂ ਬਿਨਾਂ ਕਿਸੇ ਸਿਫ਼ਾਰਸ਼ ਜਾਂ ਰਿਸ਼ਵਤ ਦੇ ਸਿਰਫ਼ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਉਨ੍ਹਾਂ 10 ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਦਾ - ਵੀ ਜ਼ਿਕਰ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਪੰਜਗਰਾਈ ਕਲਾਂ ਦੇ ਵਿਕਾਸ ਕਾਰਜਾਂ ਲਈ 50 ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਉਨ੍ਹਾਂ ਦੱਸਿਆ ਕਿ ਪਿੰਡ ਦੇ ਵਿਕਾਸ ਲਈ ਹੁਣ ਤੱਕ 3 ਕਰੋੜ 86 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ

**27 ਜੂਨ 2026** ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ

### ਵਿਛੜੀਆਂ ਰੂਹਾਂ



ਲਖਵਿੰਦਰ ਬਿਹਾਰੀਪੁਰੀਆ | ਗੁਰਪ੍ਰੀਤ ਤੂਰ | ਹਰਦੀਪ ਸਿੰਘ



ਸਵ. ਮਿਹਰ ਸਿੰਘ ਢੀਂਡਸਾ

ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਵਲੋਂ

### ਮੇਲੇ ਦੇ ਰੂਹ-ਏ-ਰਵਾਂ



ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ) | ਭੁਪਿੰਦਰ ਸਿੰਘ ਧਾਲੀਵਾਲ | ਸੁਖਵਿੰਦਰ ਸਿੰਘ ਘੱਗਰ | ਦੀਦਾਰ ਸਿੰਘ ਧਨੋਆ | ਰਣਬੀਰ ਸਿੰਘ ਧਾਲੀਵਾਲ



ਸੋਹਣ ਸਿੰਘ ਗਿੱਲ | ਨੋਨਾ ਗਰੇਵਾਲ | ਗੁਰਚਰਨ ਸਿੰਘ ਝੱਜ | ਜੈਦੇਵ ਸਿੰਘ ਭੱਠਲ | ਲਵ ਮਿਨਹਾਸ | ਗੁਰਿੰਦਰਜੀਤ ਸਿੰਘ ਗਰੇਵਾਲ | ਬਲਦੇਵ ਸਿੰਘ ਗਿੱਲ

### ਮੁੱਖ ਮਹਿਮਾਨ



ਢੀਂਡਸਾ ਬਰਦਰਜ਼

### ਚੇਅਰਮੈਨ | ਵਾਈਸ ਚੇਅਰਮੈਨ



ਬੱਬੂ ਐਪਲਟਨ | ਹਰਪ੍ਰੀਤ ਗਿੱਲ



ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ | ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ | ਬਲਜੀਤ ਟਿਵਾਣਾ ਸਾਬਕਾ ਪ੍ਰਧਾਨ | ਦੀਪਇੰਦਰ ਵਿਰਕ ਸਾਬਕਾ ਪ੍ਰਧਾਨ | ਹਨੀ ਖੰਗੂੜਾ ਸਾਬਕਾ ਪ੍ਰਧਾਨ | ਕਮਲਜੀਤ ਘੁਮਾਣ ਸਾਬਕਾ ਪ੍ਰਧਾਨ


### ਖੁੱਲ੍ਹਾ ਅਖਾੜਾ






ਪਿੰਦੀ ਛੀਨਾ ਪ੍ਰਧਾਨ | ਓਂਕਾਰ ਸਹੋਤਾ ਵਾਈਸ ਪ੍ਰਧਾਨ

### ਕਲੱਬ ਮੈਂਬਰ




ਜਿੰਦੀ ਖੰਗੂੜਾ | ਜਸਵਿੰਦਰ ਗਿੱਲ | ਜੱਸੀ ਸਹੋਤਾ | ਗਗਨ ਬਾਜਵਾ | ਗੋਲਡੀ ਲਾਲੀ | ਹਰਜਿੰਦਰ ਸਮਰਾ | ਸੁਖਰਾਜ ਸਿੰਘ ਤੱਖਰ | ਵਿੱਕੀ ਸ਼ੰਮੀਪੁਰੀਆ | ਮਨਦੀਪ ਨਿੱਝਰ | ਸ਼ੇਰਾ ਖਾਂਬੜਾ



ਪਾਲੀ ਧਾਲੀਵਾਲ | ਮਿੰਦਰ ਭੱਠਲ | ਜਗਜੀਤ ਨਾਹਲ | ਸੁਖਦੀਪ ਸਿੰਘ | ਜਸਪ੍ਰੀਤ ਮਠਾੜੂ | ਸੋਨੂੰ ਸਹੋਤਾ | ਨੰਨਾ ਸਹੋਤਾ | ਜਗਦੀਸ਼ ਸੰਧੂ | ਹਰਬੰਤ ਗਰੇਵਾਲ | ਸਤਨਾਮ ਸਿੰਘ



ਸੁਖਵੀਰ ਉੱਪਲ | ਅਜੇ ਕੁਮਾਰ | ਮਨਜੀਤ ਸਿੰਘ | ਮਨਮੋਹਨ ਸਿੰਘ ਭੱਠਲ | ਸੁਰਿੰਦਰ ਭੱਟੀ | ਹਰਕਮਲਦੀਪ ਸਿੰਘ | ਗੁਰਜੀਤ ਸੰਧੂ | ਪਰਮਿੰਦਰ ਸਿੰਘ | ਇੰਦਰਜੀਤ ਸਿੰਘ | ਲੱਖਾ ਦਾਖਾ



ਗੁਰਪਾਲ ਸੰਧੂ | ਜੋਤੀ ਸਹੋਤਾ | ਸੁਰਜੀਤ ਸਿੰਘ ਡੀ ਸੀ | ਬੰਟੀ ਕਨੋਸ਼ਾ | ਯਾਦਵਿੰਦਰ ਗਿੱਲ | ਨਵਜੋਤ ਸਿੰਘ | ਜਗਦੀਪ ਬਰਿਆਣਾ | ਜਤਨਬੀਰ ਸਿੰਘ | ਗੋਗਾ ਘੁਮਾਣ | ਯਾਦਵਿੰਦਰ ਗਿੱਲ | ਦੀਪਾ ਹੀਰ

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਘੂੜਾ 224-381-2830
ਜਿੰਦੀ ਖੰਘੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ





## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ




## ਬੈਸਟ ਰੇਡਰ ਤੇ ਬੈਸਟ ਸਟਾਪਰ ਨੂੰ ਵਿਸ਼ੇਸ਼ ਸਨਮਾਨ ਸੈਣੀ ਪਰਿਵਾਰ ਵਲੋਂ




## ਵਿਸ਼ੇਸ਼ ਮਹਿਮਾਨ



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ | ਕੁਲਵੰਤ ਢਿੱਲੋਂ | ਸੰਦੀਪ ਸਹੋਤਾ | ਖੜਕ ਸਿੰਘ



ਰਾਜ ਪੰਮਾ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਚਰਨਜੀਤ ਸਿੰਘ | ਹਰਜਿੰਦਰ ਚਾਹਲ | ਕਸ਼ਮੀਰ ਸਿੰਘ



ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਗੋਲਡੀ | ਅਮੋਲਕ ਗਾਖਲ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ




## ਕਬੱਡੀ ਦੇ ਚੌਥੇ ਇਨਾਮ ਦੇ ਸਪਾਂਸਰ




## ਵਾਲੀਬਾਲ ਦਾ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ



ਗੁਰਦੀਪ ਸਿੰਘ ਸਮਰਾ



ਚਰਨਜੀਤ ਸਮਰਾ

## ਗੈਸਟ ਆਫ ਆਨਰਜ਼



ਅਵਤਾਰ ਸਿੰਘ | ਰਣਜੀਤ ਸਿੰਘ | ਲੱਕੀ | ਸਨੀ ਗਿੱਲ | ਜਸਵਿੰਦਰ ਪੁਰੇਵਾਲ | ਭੁਪਿੰਦਰ ਸੇਖੋਂ | ਕੁਮਾਰ | ਬੀ ਸੀ ਟਰੱਕਿੰਗ | ਲਾਲੀ ਸਿੱਧੂ | ਨਛੱਤਰ ਸਿੰਘ | ਬਲਜਿੰਦਰ ਢਿੱਲੋਂ | ਵੀਰ ਬਰਾੜ | ਪਰਮਿੰਦਰ ਸਿੰਘ ਗਰੇਵਾਲ

## ਡਾਇਮੰਡ ਸਪਾਂਸਰ



ਸੁਖਵਿੰਦਰ ਸਿੰਘ ਪੰਧੇਰ | ਰਛਪਾਲ ਖੰਗੂੜਾ | ਬਲਦੇਵ ਸਿੰਘ ਸੱਲ੍ਹਾਂ | ਪਾਲ ਖਲੀਲ | ਹੈਪੀ ਹੀਰ | ਰਿੰਪੀ ਖੱਟੜਾ | ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਬਿਕਰਮ ਸਿੱਧੂ | ਪਰਮਿੰਦਰ ਵਾਲੀਆ | ਜਸਕਰਨ ਸਿੰਘ ਧਾਲੀਵਾਲ




ਹਰਦੀਪ ਗਿੱਲ | ਸਵਰਨ ਸੇਖੋਂ | ਦਵਿੰਦਰ ਸਿੰਘ ਰੰਗੀ | ਸੋਨੀ ਹਿਊਸਟਨ | ਜੱਸੀ ਧਾਲੀਵਾਲ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਮੱਖਣ ਗਿੱਲ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਸਵ. ਰਾਜਿੰਦਰ ਸਿੰਘ ਬੈਂਸ | ਹੈਰੀ ਢੱਟ



ਬਲਜੀਤ ਸਿੰਘ | ਜਸਵੰਤ ਸਿੰਘ | ਹਰਭਜਨ ਸਿੰਘ ਚਾਹਲ | ਸੁਖਵੰਤ ਪਹਿਲਵਾਨ | ਅਜੇ ਭੰਗੂ | ਸਰਬਜੀਤ ਸਿੰਘ ਸਿੱਧੂ | ਸੁਖਵੀਰ ਸਿੰਘ ਗਿੱਲ | ਰਵਿੰਦਰ ਸਹੋਤਾ | ਡਾ. ਵਿਕਰਮ ਸਿੰਘ ਗਿੱਲ | ਗੁਰਲਾਲ ਸਿੰਘ ਭੱਠਲ | ਹਰਨੂਰ ਸਿੰਘ ਧਾਲੀਵਾਲ | ਗੁਲਜ਼ਾਰ ਸਿੰਘ ਮੁਲਤਾਨੀ | ਰਾਣਾ ਸਿੰਘ ਵਿਰਕ | ਮਨਦੀਪ ਸਿੰਘ ਭੁਰਾ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਗੋਲਡ ਸਪਾਂਸਰ



ਦਿਲਰਾਜ ਢੀਂਡਸਾ | ਜਗਜੀਤ ਢੀਂਡਸਾ | ਬਿਕਰਮ ਸੋਹੀ | ਗੁਰਪ੍ਰੀਤ ਸਿੱਧੂ | ਅਰਸ਼ਦੀਪ ਭੋਗਲ | ਟੋਨੀ ਸੰਘੇੜਾ | ਹਰਜੀਤ ਸਿੰਘ | ਮਨਦੀਪ ਸਿੰਘ ਸੁਮਲ | ਦੇਸੀ ਬਰਦਰਜ਼ | ਜੀਤ ਸਿੰਘ



ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਅਜੀਤਪਾਲ ਸਿੰਘ ਬੈਨੀਪਾਲ | ਲਵਪ੍ਰੀਤ ਗਰੇਵਾਲ | ਗੁਰਪ੍ਰੀਤ ਗਰੇਵਾਲ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ | ਸੁਖੀ ਸਿੰਘ | ਦਰਸ਼ਨ ਸਿੰਘ ਗਿੱਲ | ਧਰਮਵੀਰ ਮਾਨ | ਕੰਵਰਸ਼ੇਰ ਸਿੰਘ ਢਿੱਲੋਂ



ਮੇਜਰ ਚਾਹਲ | ਦਲਵੀਰ ਸਿੰਘ | ਜਸਵਿੰਦਰ ਗਿੱਲ | ਨਾਜਰ ਸਿੰਘ ਗਿੱਲ | ਇੰਦਰਜੀਤ ਗਿੱਲ | ਅਮਰਿੰਦਰ ਸਿੱਧੂ | ਜਿੰਮੀ ਸ਼ਰਮਾ | ਜਗਤਾਰ ਸਿੰਘ | ਹਰਜੀਤ ਮਾਂਗਟ | ਸਤਨਾਮ ਸਿੰਘ | ਸੁਰਜੀਤ ਸਿੰਘ



ਬਲਬੀਰ ਬੈਦਵਾਨ | ਜਤਿੰਦਰ ਭੰਡਾਲ | ਸੋਨੀ ਔਜਲਾ | ਧਰਮਿੰਦਰ ਬਾਠ | ਗੁਰਮੀਤ ਬਾਠ | ਲਖਵੀਰ ਸਿੰਘ ਭੁੱਲਰ | ਬਲਵਿੰਦਰ ਸਿੰਘ ਵਿਰਕ | ਵਰਿੰਦਰ ਗਰੇਵਾਲ | ਲੱਕੀ ਸਹੋਤਾ | ਸੰਤੋਖ ਸਿੰਘ ਡੀ. ਸੀ. | ਸਤਨਾਮ ਮਿਨਹਾਸ



ਕੁਲਵੰਤ ਸਿੰਘ ਨਾਗਰਾ | ਚਰਨ ਸਿੰਘ ਨਾਗਰਾ | ਰਵਿੰਦਰ ਸਿੰਘ ਰਵੀ | ਗੁਰਮੇਲ ਸਿੰਘ ਅਟਵਾਲ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਗੁਰਚਰਨ ਝਾਵਰ | ਰਾਣਾ ਸੇਖੋਂ | ਨਰੇਸ਼ ਖਤਾਣਾ | ਮੁਖਤਿਆਰ ਗਿੱਲ | ਸਤੀਸ਼ ਖਤਾਣਾ | ਭਿੰਦਰ ਪੰਮਾ



ਕੁਲਵਿੰਦਰ ਬੱਬੀ | ਬਲਵੀਰ ਸਿੰਘ ਮੁਲਤਾਨੀ | ਗਗਨਦੀਪ ਸਿੰਘ | ਗੁਰਵੀਰ ਸਿੰਘ | ਜਸਬੀਰ ਸਿੰਘ | ਪਰਮਜੀਤ ਸੋਹਲ | ਜਸਬੀਰ ਸਿੰਘ ਦਿਓਲ | ਗੁਰਮੁਖ ਸਿੰਘ | ਸੁਖਰਾਜ ਸਿੰਘ ਕਾਹਲੋਂ | ਰਾਜਾ ਤੱਲ੍ਹਣ | ਮਨਜੀਤ ਸਿੰਘ | ਬਲਦੇਵ ਰਾਜੂ | ਪ੍ਰਦੀਪ ਸਲਵਾਨ



ਡਾ. ਮੀਨੂੰ ਵੈਦ, ਮਾਨਵ ਸਲਵਾਨ, ਮਨੀਸ਼ ਸਲਵਾਨ | ਯਾਦਵਿੰਦਰ ਸੋਹਲ | ਮਨਜੀਤ ਸਹੋਤਾ | ਸਤਵੀਰ ਬਾਠ | ਪਰਮਜੀਤ ਬਾਠ | ਨਵੀ ਠੱਕਰ | ਹਰਮਿੰਦਰ ਗਿੱਲ | ਸ਼ਾਨਦੀਪ ਸਿੱਧੂ | ਕੀਰਤ ਸਿੰਘ | ਰਣਜੀਤ ਸਿੰਘ | ਰਵਿੰਦਰ ਰਵੀ | ਗੋਗੀ ਗਿੱਲ





SERVING WISCONSIN & ILLINOIS STATE
JESSE SINGH
Ph: 847-606-3664
RE/MAX
E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



PUNJABI CULTURAL SOCIETY CHICAGO
ਪੰਜਾਬੀ ਸਭਿਆਚਾਰਕ ਸਭਾ

# Shere Punjab Sports and Cultural Club, Chicago

## ਸਿਲਵਰ ਸਪਾਂਸਰ



ਤਾਰੀ | ਗੁਰਚਰਨ ਗਿੱਲ | ਗੁਲਜ਼ਾਰ ਵਿਰਕ | ਸਵ. ਸੰਦੀਪ ਧਾਲੀਵਾਲ | ਜੱਸਾ ਖਹਿਰਾ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ | ਪਾਲ ਸੰਘਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ | ਇੰਦਰਪਾਲ ਸਿੰਘ ਪਾਲ | ਭੁਪਿੰਦਰ ਸਿੰਘ | ਦਵਿੰਦਰ ਸਿੰਘ ਬਿੰਦ | ਰਜਿੰਦਰ ਸੋਨੂੰ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਮੱਖਣ ਸਿੰਘ ਕਲੇਰ | ਦਾਰਾ ਸਿੰਘ | ਗੁਰਿੰਦਰ ਸਿੰਘ ਸੰਧੂ | ਭਰਪੂਰ ਸਿੰਘ | ਅੱਛਰ ਸਿੰਘ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਸੰਤੋਖ ਸਿੰਘ ਭਟਨੂਰਾ | ਨਵੀ



ਗੁਰਪ੍ਰੀਤ ਸਿੰਘ ਗੇਹਲਣ | ਸਹੋਤਾ ਸਾਹਿਬ | ਇੰਦਰਜੀਤ ਗਰੇਵਾਲ | ਅਭੀ ਜ਼ੈਲਦਾਰ | ਰਿਪਨ ਜ਼ੈਲਦਾਰ | ਸਤਨਾਮ ਸਿੱਧੂ | ਦਿਲਪ੍ਰੀਤ ਢਿੱਲੋਂ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ | ਰੰਮੀ ਗਰੇਵਾਲ | ਤਰਲੋਚਨ ਸਿੰਘ ਮੁਲਤਾਨੀ | ਦਰਸ਼ਨ ਸਿੰਘ | ਮੰਗਾ ਪ੍ਰਧਾਨ



ਜਸਵਿੰਦਰ ਜੌਹਲ | ਹਰਮਿੰਦਰ ਖਹਿਰਾ | ਦਮਨ ਅਤੇ ਤਨੂ ਵਿਰਕ | ਕਰਾਊਨਪੁਆਇੰਟ ਗਰੁੱਪ | ਮੈਡੀਸਨ ਗਰੁੱਪ | ਹੈਰੀ ਅਰੋੜਾ | ਰਮਨ ਪੌਪਲੀ | ਦਮਨਜੀਤ ਸਿੰਘ ਹਰੀਕਾ

ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

Mortgage Loans
Residential & Commercial
(Licensed Mortgage Originator)
» Call: Amrik P. Singh
Serving Community from Last 14 Years
312-608-0006

Media
Radio Chann Pardesi
ਰੇਡੀਓ ਚੰਨ ਪਰਦੇਸੀ

5Rivers
ENTERTAINMENT

ASHKE BHANGRA CLUB
ਅਸ਼ਕੇ ਭੰਗੜਾ ਕਲੱਬ
CHICAGO

GoldenKey
LENDING
Grow your business with our Strategic
COMERCIAL LOAN SOLUTIONS
Partner with us for expert guidance and support
Contact Us at
317-620-4100
www.goldenkeylending.com
We speak your Language
English • ਪੰਜਾਬੀ • हिंदी • اردو
325 S. College Avenue, Indianapolis, Indiana 46202
NMLS 147421

Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
Domestic fares available
United Airlines
British Airways
For Emergency Call anytime at
847-436-9010
Etihad, Air India, KLM, Lufthansa, Delta, Qatar Airlines.

UMA TRAVELS
2541 W. Devon Ave., Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਯੂਰਪ 'ਚ ਲੂ ਬਣੀ ਜਾਨਾਂ ਦਾ ਖੌ

**ਪੈਰਿਸ:**ਯੂਰਪ ਵਿਚ ਲੂ ਨੇ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਕਰ ਦਿੱਤਾ ਹੈ। ਫਰਾਂਸ ਵਿਚ ਭਿਆਨਕ ਗਰਮੀ ਕਾਰਨ 5 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਹਜ਼ਾਰਾਂ ਸਕੂਲ ਬੰਦ ਕਰ ਦਿੱਤੇ ਗਏ ਹਨ ਜਾਂ ਉਨ੍ਹਾਂ ਦੇ ਟਾਈਮ-ਟੇਬਲ ਵਿਚ ਬਦਲਾਅ ਕੀਤਾ ਗਿਆ ਹੈ। ਬ੍ਰਿਟੇਨ ਦੇ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਸ ਹਫਤੇ ਤਾਪਮਾਨ



ਜੂਨ ਦੇ ਸਾਰੇ ਰਿਕਾਰਡ ਤੋੜ ਸਕਦਾ ਹੈ। ਓਥੇ ਗਰਮੀ ਤੋਂ ਰਾਹਤ ਪਾਉਣ ਦੀ ਕੋਸ਼ਿਸ਼ ਵਿਚ 13 ਵਿਅਕਤੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ।


ਫਰਾਂਸ ਦੇ ਬੋਰਡੋ ਵਿਚ ਤਾਪਮਾਨ 42 ਡਿਗਰੀ ਸੈਲਸੀਅਸ ਤੋਂ ਵੱਧ ਰਹਿਣ ਦੀ ਉਮੀਦ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਮੌਸਮ ਵਿਭਾਗ ਨੇ 49 ਖੇਤਰੀ ਪ੍ਰਸ਼ਾਸਕੀ ਇਲਾਕਿਆਂ ਵਿਚ ਰੈੱਡ ਅਲਰਟ ਜਾਰੀ ਕੀਤਾ ਹੈ। ਫਰਾਂਸ ਦੀ ਸਿਹਤ ਮੰਤਰੀ ਸਟੀਫਨੀ ਰਿਸਟ ਨੇ ਕਿਹਾ, "ਅਸੀਂ ਘੱਟੋ- ਘੱਟ ਕੁਝ ਦਿਨਾਂ ਤੱਕ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨ ਵਾਲੇ ਹਾਂ। ਸਾਨੂੰ ਨਹੀਂ ਪਤਾ ਕਿ ਤਾਪਮਾਨ ਕਦੋਂ ਘਟਣਾ ਸ਼ੁਰੂ ਹੋਵੇਗਾ।" ਸਥਾਨਕ ਅਧਿਕਾਰੀ ਨੇ ਦੱਸਿਆ ਕਿ ਬੋਰਡੋ ਖੇਤਰ ਵਿਚ ਹਫਤੇ ਦੇ ਅਖ਼ੀਰ ਵਿਚ 80 ਤੋਂ 95 ਸਾਲ ਦੀ ਉਮਰ ਦੇ ਤਿੰਨ ਬਜ਼ੁਰਗਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਗਰਮੀ ਕਾਰਨ ਹੋਈਆਂ ਸਿਹਤ ਸਮੱਸਿਆਵਾਂ ਦੇ ਨਤੀਜੇ ਵਜੋਂ ਹੋਈ।

ਸਪੇਨ ਦੀ ਮੌਸਮ ਏਜੰਸੀ ਨੇ ਆਮ ਤੌਰ 'ਤੇ ਠੰਢੇ ਰਹਿਣ ਵਾਲੇ ਉੱਤਰੀ ਖੇਤਰ, ਬਾਸਕ ਖੇਤਰ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਸੈਨ ਸੇਬੇਸਟੀਅਨ ਵਿਚ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ ਜੋ 22 ਜੂਨ ਲਈ ਸ਼ਹਿਰ ਦੇ ਇਤਿਹਾਸਕ ਔਸਤ ਤਾਪਮਾਨ ਤੋਂ ਦੁੱਗਣਾ ਹੈ।

ਕਲਾਈਮੇਟ ਮੋਨੀਟਰ ਅਨੁਸਾਰ ਸੋਮਵਾਰ ਨੂੰ ਯੂਰਪ ਵਿਚ ਵੱਧ ਤੋਂ ਵੱਧ ਤਾਪਮਾਨ 1961-1990 ਦੇ ਔਸਤ ਤੋਂ 4.1 ਡਿਗਰੀ ਸੈਲਸੀਅਸ ਵੱਧ ਦੇਖਿਆ ਗਿਆ। ਇਸ ਦੀ ਤੁਲਨਾ ਵਿਚ ਏਸ਼ੀਆ ਅਤੇ ਉੱਤਰੀ ਅਮਰੀਕਾ ਵਿਚ ਤਾਪਮਾਨ ਇਤਿਹਾਸਕ ਔਸਤ ਤੋਂ ਕ੍ਰਮਵਾਰ 2 ਅਤੇ 1.3 ਡਿਗਰੀ ਸੈਲਸੀਅਸ ਵੱਧ ਸੀ। ਵਧ ਰਹੀ ਆਲਮੀ ਤਪਸ਼ ਦਾ ਮੁੱਖ ਕਾਰਨ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਜਾ ਰਹੇ ਖਿਲਵਾੜ ਨੂੰ ਮੰਨਿਆ ਜਾ ਰਿਹਾ ਹੈ। ਇਸੇ ਕਾਰਨ ਕੁਦਰਤੀ ਕਰੋਪੀਆਂ 'ਚ ਵਾਧਾ ਹੋ ਰਿਹਾ ਹੈ।

# ਨਵੀਂ ਦਿੱਲੀ ਵਿਚ ਮਜ਼ਬੂਤ ਹੋਇਆ ਚੀਨ-ਈਰਾਨ ਦਾ ਰਣਨੀਤਕ ਗੱਠਜੋੜ

**ਨਵੀਂ ਦਿੱਲੀ:**ਪੱਛਮੀ ਏਸ਼ੀਆ ਵਿਚ ਚੱਲ ਰਹੇ ਸੰਘਰਸ਼ ਦੇ ਅੰਤ ਲਈ ਸਵਿਟਜ਼ਰਲੈਂਡ ਵਿਚ ਈਰਾਨ ਅਤੇ ਅਮਰੀਕਾ ਵਿਚਕਾਰ ਸ਼ਾਂਤੀ ਸਮਝੌਤੇ ਤੋਂ ਬਾਅਦ ਈਰਾਨ ਸਰਕਾਰ ਦੀਆਂ ਕੂਟਨੀਤਕ ਗਤੀਵਿਧੀਆਂ ਵਿਚ ਤੇਜ਼ੀ ਆਉਂਦੀ ਦਿਖਾਈ ਦੇ ਰਹੀ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਨਵੀਂ ਦਿੱਲੀ ਵਿਚ ਸੋਮਵਾਰ ਨੂੰ ਬ੍ਰਿਕਸ ਸੁਰੱਖਿਆ ਸਲਾਹਕਾਰਾਂ ਦੀ ਮੀਟਿੰਗ ਦੌਰਾਨ ਦੇਖਣ ਨੂੰ ਮਿਲੀ। ਈਰਾਨ ਦੀ ਸੁਪਰੀਮ ਨੈਸ਼ਨਲ ਸੁਰੱਖਿਆ ਕੌਂਸਲ ਦੇ ਡਿਪਟੀ ਸੈਕਟਰੀ ਡਾ. ਗਾਦਿਰ ਨੇਜਾਮੀਪੁਰ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦੀ ਮਹੱਤਵਪੂਰਨ ਮੁਲਾਕਾਤ ਹੋਈ।



ਇਸ ਮੀਟਿੰਗ ਵਿਚ ਚੀਨ ਨੇ ਈਰਾਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਖੁੱਲ੍ਹ ਕੇ ਸਮਰਥਨ ਕੀਤਾ। ਦੋਹਾਂ ਦੇਸ਼ਾਂ ਵਿਚਕਾਰ ਇਸ ਮੁਲਾਕਾਤ ਨੂੰ ਰਣਨੀਤਕ ਸਾਂਝੇਦਾਰੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਵਾਲਾ ਕਦਮ ਮੰਨਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਭਾਰਤ ਦੇ ਐੱਨਐੱਸਏ ਅਜੀਤ ਡੋਭਾਲ ਨੇ ਵੀ ਇਸ ਮੀਟਿੰਗ ਤੋਂ ਪਹਿਲਾਂ ਡਾ. ਗਾਦਿਰ ਨੇਜਾਮੀਪੁਰ ਨਾਲ ਮੁਲਾਕਾਤ ਕੀਤੀ। ਦੋਹਾਂ ਧਿਰਾਂ ਨੇ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਦੇ ਨਾਲ ਹੀ ਬ੍ਰਿਕਸ ਪਲੇਟਫਾਰਮ ਤਹਿਤ ਸਹਿਯੋਗ ਵਧਾਉਣ ਅਤੇ ਭਾਰਤ-ਈਰਾਨ ਦੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਈਰਾਨੀ ਦੂਤਘਰ ਵੱਲੋਂ ਦੱਸਿਆ ਗਿਆ ਹੈ ਕਿ ਡਾ. ਨੈਜਾਮੀਪੁਰ ਨੇ ਹਾਲੀਆ ਯੁੱਧ ਵਿਚ ਚੀਨ ਸਰਕਾਰ ਵੱਲੋਂ ਦਿੱਤੇ ਗਏ ਸਿਆਸੀ ਸਮਰਥਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਿਦੇਸ਼ੀ ਹਮਲੇ ਖ਼ਿਲਾਫ਼ ਈਰਾਨ ਦੀ ਜਿੱਤ ਉਸ ਦੇ ਰਾਸ਼ਟਰ ਦੀ ਅਟੁੱਟ ਇੱਛਾ ਸ਼ਕਤੀ, ਬੁੱਧੀਮਾਨ ਅਗਵਾਈ ਅਤੇ ਹਥਿਆਰਬੰਦ ਬਲਾਂ ਦੀ ਸਮਰੱਥਾ ਦਾ ਨਤੀਜਾ ਹੈ। ਉਨ੍ਹਾਂ ਦੋਹਾਂ ਦੇਸ਼ਾਂ ਵਿਚਕਾਰ ਸਿਆਸੀ, ਆਰਥਿਕ ਅਤੇ ਸੁਰੱਖਿਆ ਖੇਤਰਾਂ ਵਿਚ ਸਹਿਯੋਗ ਵਧਾਉਣ ਦੀਆਂ ਅਪਾਰ ਸੰਭਾਵਨਾਵਾਂ 'ਤੇ ਜ਼ੋਰ ਦਿੱਤਾ। ਚੀਨੀ ਵਿਦੇਸ਼ ਮੰਤਰੀ ਨੇ ਈਰਾਨੀ ਜਨਤਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਈਰਾਨ ਆਪਣੀ ਸੁਰੱਖਿਆ, ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਕਰਨ ਵਿਚ ਸਮਰੱਥ ਹੈ। ਉਨ੍ਹਾਂ ਖੇਤਰੀ ਦੇਸ਼ਾਂ ਨਾਲ ਈਰਾਨ ਦੇ ਸੁਧਰਦੇ ਸਬੰਧਾਂ ਦਾ ਸਵਾਗਤ ਕੀਤਾ ਅਤੇ ਖੇਤਰੀ ਸ਼ਾਂਤੀ-ਸਥਿਰਤਾ ਲਈ ਗੱਲਬਾਤ ਅਤੇ ਕੂਟਨੀਤਕ ਕੋਸ਼ਿਸ਼ਾਂ ਵਿਚ ਚੀਨ ਦੀ ਰਚਨਾਤਮਕ ਭੂਮਿਕਾ ਨਿਭਾਉਣ ਦੀ ਇੱਛਾ ਜਤਾਈ।

ਚੀਨ, ਈਰਾਨ ਦਾ ਸਭ ਤੋਂ ਵੱਡਾ ਤੇਲ ਖ਼ਰੀਦਦਾਰ ਬਣ ਗਿਆ ਹੈ ਅਤੇ ਦੋਹਾਂ ਦੇਸ਼ਾਂ ਵਿਚਕਾਰ 'ਵਿਆਪਕ ਰਣਨੀਤਕ ਸਾਂਝੇਦਾਰੀ ਪਹਿਲਾਂ ਹੀ ਮਜ਼ਬੂਤ ਹੈ। ਇਸ ਸਮਰਥਨ ਨਾਲ ਈਰਾਨ ਨੂੰ ਪੱਛਮੀ ਦਬਾਅ ਦਾ ਮੁਕਾਬਲਾ ਕਰਨ ਵਿਚ ਮਦਦ ਮਿਲੇਗੀ, ਜਦਕਿ ਚੀਨ ਮੱਧ ਪੂਰਬ ਵਿਚ ਆਪਣਾ ਪਹਿਲ ਨੂੰ ਅੱਗੇ ਵਧਾਉਣ ਵਿਚ ਸਫਲ ਪ੍ਰਭਾਵ ਵਧਾਉਣ ਅਤੇ 'ਬੈਲਟ ਐਂਡ ਰੋਡ' ਹੋਵੇਗਾ। ਪੀਟੀਆਈ ਅਨੁਸਾਰ ਐੱਨਐੱਸਏ ਅਜੀਤ ਡੋਭਾਲ ਨੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ। ਇਸ ਬਾਰੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜਾਇਸਵਾਲ ਨੇ 'ਐਕਸ' ਉੱਤੇ ਪੋਸਟ ਵਿਚ ਦੱਸਿਆ, "ਦੋਵਾਂ ਧਿਰਾਂ ਨੇ ਦੁਵੱਲੇ ਰਿਸ਼ਤਿਆਂ ਵਿਚ ਹੋਈ ਹਾਲੀਆ ਪ੍ਰਗਤੀ ਦੀ ਸਮੀਖਿਆ ਕੀਤੀ ਤੇ ਹੌਲੀ-ਹੌਲੀ ਆਮ ਵਾਂਗ ਹੋ ਰਹੇ ਰਿਸ਼ਤਿਆਂ ਦਾ ਨੋਟਿਸ ਲਿਆ। ਐੱਨਐੱਸਏ ਨੇ ਸਥਿਰ ਤੇ ਰਚਨਾਤਮਕ ਦੁਵੱਲੇ ਸਬੰਧਾਂ ਵਿਚ ਦੋਵਾਂ ਧਿਰਾਂ ਵਿਚਾਲੇ ਭਰੋਸੇ ਤੇ ਬਿਹਤਰ ਸਮਝ ਦੇ ਯੋਗਦਾਨ ਨੂੰ ਰੇਖਾਂਕਿਤ ਕੀਤਾ।

# ਟਰੰਪ ਨੇ ਨਾਟੋ ਤੇ ਮੇਲੋਨੀ ਨੂੰ ਲੰਮੇ ਹੱਥੀਂ ਲਿਆ

**ਵਾਸ਼ਿੰਗਟਨ:**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਖ਼ਿਲਾਫ ਯੁੱਧ ਵਿਚ ਸ਼ਾਮਲ ਨਾ ਹੋਣ 'ਤੇ ਨਾਟੋ ਅਤੇ ਇਟਲੀ ਦੀ ਪ੍ਰਧਾਨ ਮੰਤਰੀ ਜੋਰਜੀਆ ਮੇਲੋਨੀ ਨੂੰ ਲੰਮੇ ਹੱਥੀਂ ਲਿਆ ਹੈ। ਟਰੰਪ ਨੇ

> **ਟਰੰਪ ਨੇ ਦਾਅਵਾ ਕੀਤਾ ਸੀ ਕਿ ਜੀ-7 ਸੰਮੇਲਨ ਦੌਰਾਨ ਮੇਲੋਨੀ ਉਨ੍ਹਾਂ ਨਾਲ ਫੋਟੋ ਖਿਚਵਾਉਣ ਲਈ ਬਹੁਤ ਉਤਸ਼ਾਹਤ ਸੀ ਅਤੇ ਇਸ ਲਈ ਗਿੜਗਿੜਾ ਰਹੀ ਸੀ।**



ਈਰਾਨ ਦੇ ਬਹੁਤ ਗੰਭੀਰ ਪਰਮਾਣੂ ਖ਼ਤਰੇ ਨੂੰ ਖ਼ਤਮ ਕਰਨ ਵਿਚ ਸ਼ਾਮਲ ਨਾ ਹੋਣ 'ਤੇ ਉਨ੍ਹਾਂ ਦੀ ਕਾਫ਼ੀ ਆਲੋਚਨਾ ਕੀਤੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਹਿਯੋਗੀ ਅਮਰੀਕਾ ਦਾ ਸਮਰਥਨ ਕਰਨ ਵਿਚ ਅਸਫਲ ਰਹੇ ਹਨ, ਜਦਕਿ ਅਮਰੀਕਾ ਨੇ ਦਹਾਕਿਆਂ ਤੋਂ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਈ ਹੈ।

ਟਰੰਪ ਨੇ ਐਤਵਾਰ ਨੂੰ ਟਰੁੱਥ ਸੋਸ਼ਲ 'ਤੇ ਇਕ ਪੋਸਟ ਵਿਚ ਈਰਾਨ ਦੇ ਪਰਮਾਣੂ ਖ਼ਤਰੇ ਨੂੰ ਖ਼ਤਮ ਕਰਨ ਦੇ ਯਤਨਾਂ ਵਿਚ ਕੁਝ ਅਮਰੀਕੀ ਸਹਿਯੋਗੀਆਂ ਦੇ ਸਿੱਧੇ ਤੌਰ 'ਤੇ ਸ਼ਾਮਲ ਨਾ ਹੋਣ 'ਤੇ ਨਿਰਾਸ਼ਾ ਪ੍ਰਗਟ ਕੀਤੀ। ਉਨ੍ਹਾਂ ਦੇ ਨਿਸ਼ਾਨੇ 'ਤੇ ਖ਼ਾਸ ਤੌਰ 'ਤੇ ਇਟਲੀ ਦੀ ਪ੍ਰਧਾਨ ਮੰਤਰੀ ਮੇਲੋਨੀ ਰਹੀ, ਜਿਨ੍ਹਾਂ ਨਾਲ ਉਨ੍ਹਾਂ ਦਾ ਰਿਸ਼ਤਾ ਹਾਲ ਹੀ ਵਿਚ ਫਰਾਂਸ ਵਿਚ ਹੋਏ ਜੀ-7 ਸਿਖਰ ਸੰਮੇਲਨ ਤੋਂ ਬਾਅਦ ਖ਼ਰਾਬ ਹੋ ਗਿਆ ਹੈ।

ਟਰੰਪ ਨੇ ਦਾਅਵਾ ਕੀਤਾ ਸੀ ਕਿ ਜੀ-7 ਸੰਮੇਲਨ ਦੌਰਾਨ ਮੇਲੋਨੀ ਉਨ੍ਹਾਂ ਨਾਲ ਫੋਟੋ ਖਿਚਵਾਉਣ ਲਈ ਬਹੁਤ ਉਤਸ਼ਾਹਤ ਸੀ ਅਤੇ ਇਸ ਲਈ ਗਿੜਗਿੜਾ ਰਹੀ ਸੀ। ਜਦਕਿ ਮੇਲੋਨੀ ਨੇ ਉਨ੍ਹਾਂ ਦੇ ਦਾਅਵੇ ਨੂੰ ਖ਼ਾਰਜ ਕਰਦਿਆਂ ਕਿਹਾ, "ਮੈਂ ਅਤੇ ਇਟਲੀ ਕਦੇ ਗਿੜਗਿੜਾਉਂਦੇ ਨਹੀਂ।" ਅਮਰੀਕੀ ਰਾਸ਼ਟਰਪਤੀ ਨੇ ਪੋਸਟ ਵਿਚ ਲਿਖਿਆ, 'ਨਾਟੋ 'ਤੇ ਕਈ ਟ੍ਰਿਲੀਅਨ ਡਾਲਰ ਖ਼ਰਚ ਕਰਨ ਦੇ ਬਾਵਜੂਦ, ਉਹ, ਇਟਲੀ ਅਤੇ ਉਸ ਦੀ ਪ੍ਰਧਾਨ ਮੰਤਰੀ ਈਰਾਨ ਅਤੇ ਉਸ ਦੇ ਬਹੁਤ ਗੰਭੀਰ ਪਰਮਾਣੂ ਖ਼ਤਰੇ ਬਾਰੇ ਸੋਚਣਗੇ ਵੀ ਨਹੀਂ। ਅਸੀਂ ਦਹਾਕਿਆਂ ਤੋਂ ਉਨ੍ਹਾਂ ਦੀ ਰੱਖਿਆ ਕਰ ਰਹੇ ਹਾਂ, ਜਦੋਂ ਪਰਖ ਦਾ ਸਮਾਂ ਆਇਆ ਤਾਂ ਉਹ ਸਾਡੀ ਅਤੇ ਬਾਕੀ ਦੁਨੀਆ ਦੀ ਰੱਖਿਆ ਕਰਨ ਲਈ ਮੌਜੂਦ ਨਹੀਂ ਹੁੰਦੇ ਹਨ। ਇਹ ਚੰਗਾ ਨਹੀਂ ਹੈ।"

ਟਰੰਪ ਈਰਾਨ ਯੁੱਧ ਵਿਚ ਸ਼ਾਮਲ ਨਾ ਹੋਣ ਲਈ ਨਾਟੋ ਦੀ ਕਈ ਵਾਰ ਆਲੋਚਨਾ ਕਰ ਚੁੱਕੇ ਹਨ। ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੀ ਧਾਰਾ ਪੰਜ ਮੁਤਾਬਕ ਮੈਂਬਰ ਦੇਸ਼ ਇਸ ਗੱਲ 'ਤੇ ਸਹਿਮਤ ਹਨ ਕਿ ਕਿਸੇ ਇਕ ਮੈਂਬਰ 'ਤੇ ਹਮਲਾ ਸਾਰਿਆਂ 'ਤੇ ਹਮਲਾ ਮੰਨਿਆ ਜਾਵੇਗਾ ਅਤੇ ਅਜਿਹੇ ਹਥਿਆਰਬੰਦ ਹਮਲੇ ਦੇ ਜਵਾਬ ਵਿਚ ਸਮੂਹਿਕ ਕਾਰਵਾਈ ਲਈ ਵਚਨਬੱਧ ਹਨ।

## ਟਰੰਪ ਦੀ ਧਮਕੀ ਦਾ ਈਰਾਨ ਵੱਲੋਂ ਜਵਾਬ

ਹੋਰਮੁਜ਼ ਜਲਡਮਰੂਮੱਧ 'ਤੇ ਨਿਯੰਤਰਣ ਲੈਣ ਸੰਬੰਧੀ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਧਮਕੀ 'ਤੇ ਈਰਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਈਰਾਨੀ ਸੰਸਦ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਦੇ ਮੁਖੀ ਇਬਰਾਹੀਮ ਅਜ਼ੀਜ਼ੀ ਨੇ ਕਿਹਾ ਕਿ ਹੋਰਮੁਜ਼ ਜਲਡਮਰੂਮੱਧ ਅਮਰੀਕਾ ਦਾ ਨਿੱਜੀ 'ਕੈਸੀਨੋ' ਨਹੀਂ ਹੈ।

ਅਜ਼ੀਜ਼ੀ ਨੇ ਐਕਸ 'ਤੇ ਲਿਖਿਆ ਕਿ ਅਮਰੀਕਾ ਧਮਕੀਆਂ ਦਿੰਦਾ ਹੈ, ਜਦਕਿ ਈਰਾਨ ਕਾਰਵਾਈ ਕਰਦਾ ਹੈ। ਉਨ੍ਹਾਂ ਨੇ ਹੋਰਮੁਜ਼ ਨੂੰ ਈਰਾਨ ਦੀ ਪ੍ਰਭੂਸੱਤਾ ਵਾਲਾ ਜਲਖੇਤਰ ਦੱਸਦੇ ਹੋਏ ਕਿਹਾ ਕਿ ਇਸ ਮਹੱਤਵਪੂਰਨ ਸਮੁੰਦਰੀ ਮਾਰਗ 'ਤੇ ਆਖ਼ਰੀ ਫ਼ੈਸਲਾ ਈਰਾਨ ਦੀ ਜਨਤਾ ਤੇ ਉਸ ਦੇ ਹਥਿਆਰਬੰਦ ਦਸਤਿਆਂ ਨੇ ਹੀ ਕਰਨਾ ਹੈ।

## ਈਰਾਨ ਦੇ ਬਾਜ਼ਾਰ 'ਤੇ ਅਮਰੀਕਾ ਦੀ ਨਜ਼ਰ

ਏਪੀ ਅਨੁਸਾਰ ਅਮਰੀਕੀ ਵਣਜ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਹੈ ਕਿ ਅਮਰੀਕਾ ਈਰਾਨ ਨੂੰ ਅਗਲੇ 60 ਦਿਨਾਂ ਲਈ ਤੇਲ ਵੇਚਣ ਦਾ ਲਾਇਸੈਂਸ ਜਾਰੀ ਕਰ ਰਿਹਾ ਹੈ। ਖ਼ਾਸ ਗੱਲ ਇਹ ਹੈ ਕਿ ਈਰਾਨ ਅਮਰੀਕਾ ਨੂੰ ਵੀ ਤੇਲ ਨਿਰਯਾਤ ਕਰ ਸਕੇਗਾ। ਈਰਾਨ 'ਤੇ 1990 ਤੋਂ ਤੇਲ ਰੋਕਾਂ ਲਾਗੂ ਸਨ। ਬੇਸੈਂਟ ਨੇ ਕਿਹਾ ਕਿ ਈਰਾਨ ਨੂੰ ਇਹ ਛੋਟ 21 ਅਗਸਤ ਤੱਕ ਜਾਰੀ ਰਹੇਗੀ। ਇਸ ਦੌਰਾਨ ਵੇਂਸ ਨੇ ਕਿਹਾ ਕਿ ਅਮਰੀਕਾ ਈਰਾਨ ਦੀਆਂ ਵਿਦੇਸ਼ ਵਿਚ ਜ਼ਬਤ ਕੀਤੀਆਂ ਗਈਆਂ ਸੰਪਤੀਆਂ ਨੂੰ ਜਾਰੀ ਕਰ ਸਕਦਾ ਹੈ ਤਾਂ ਜੋ ਈਰਾਨ ਆਪਣੇ ਨਾਗਰਿਕਾਂ ਲਈ ਅਮਰੀਕੀ ਸੋਇਆਬੀਨ, ਮੱਕੀ ਅਤੇ ਕਣਕ ਖ਼ਰੀਦ ਸਕੇ। ਉਨ੍ਹਾਂ ਕਿਹਾ ਕਿ ਟਰੰਪ ਦੇ ਦਾਮਾਦ ਜੇਰੇਡ ਕੁਸ਼ਨਰ ਨੇ ਕਤਰ ਨਾਲ ਇਸ ਵਿਚਾਰ 'ਤੇ ਗੱਲ ਕੀਤੀ ਹੈ। ਚੀਨ ਨੂੰ ਤੇਲ ਸਸਤਾ ਵੇਚ ਰਿਹੈ ਈਰਾਨ ਅਮਰੀਕਾ ਨਾਲ ਸ਼ਾਂਤੀ ਸਮਝੌਤੇ ਤੋਂ ਬਾਅਦ ਈਰਾਨ ਨੇ ਚੀਨ ਨੂੰ ਵੇਚੇ ਜਾਣ ਵਾਲੇ ਕੱਚੇ ਤੇਲ ਦੀ ਕੀਮਤਾਂ ਵਿਚ ਕਟੌਤੀ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਈਰਾਨ ਪ੍ਰਤੀ ਬੈਰਲ ਢਾਈ ਤੋਂ ਪੰਜ ਡਾਲਰ ਤੱਕ ਦੀ ਛੋਟ 'ਤੇ ਤੇਲ ਵੇਚ ਰਿਹਾ ਹੈ। ਸਮਝੌਤੇ ਤੋਂ ਪਹਿਲਾਂ ਇਹ ਛੋਟ ਲਗਪਗ ਇਕ ਡਾਲਰ ਕਾਪੀ ਬੈਰਲ ਸੀ। ਈਰਾਨ ਨੇ ਤੇਲ ਭੇਜਣ ਦੀ ਮਾਤਰਾ ਵੀ ਵਧਾ ਦਿੱਤੀ ਹੈ। ਉਸ ਨੇ 15 ਜੂਨ ਤੋਂ ਬਾਅਦ ਕਰੀਬ 3.6 ਕਰੋੜ ਬੈਰਲ ਕੱਚੇ ਤੇਲ ਦਾ ਨਿਰਯਾਤ ਕੀਤਾ ਹੈ।

# ਮੈਂ ਟਰੰਪ ਦੀ ਹਰ ਗੱਲ ਨਹੀਂ ਮੰਨਦਾ: ਨੇਤਨਯਾਹੂ



**ਤੇਲ ਅਵੀਵ:**ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਨੂੰ ਖ਼ਾਰਜ ਕਰ ਦਿੱਤਾ ਹੈ ਜਿਸ ਵਿਚ ਟਰੰਪ ਨੇ ਕਿਹਾ ਸੀ ਕਿ ਇਜ਼ਰਾਈਲ ਉਨ੍ਹਾਂ ਦੀ ਹਰ ਗੱਲ ਮੰਨਦਾ ਹੈ। ਨੇਤਨਯਾਹੂ ਨੇ ਕਿਹਾ ਕਿ ਨਾ ਤਾਂ ਟਰੰਪ ਉਨ੍ਹਾਂ ਦੀ ਹਰ ਇੱਛਾ ਮੁਤਾਬਕ ਕੰਮ ਕਰਦੇ ਹਨ ਅਤੇ ਨਾ ਹੀ ਇਜ਼ਰਾਈਲ ਅਮਰੀਕੀ ਰਾਸ਼ਟਰਪਤੀ ਦੇ ਨਿਰਦੇਸ਼ਾਂ 'ਤੇ ਚੱਲਦਾ ਹੈ।

> **ਅਸੀਂ ਟਰੰਪ ਦੀ ਹਰ ਗੱਲ 'ਤੇ ਸਹਿਮਤ ਨਹੀਂ ਹੁੰਦੇ।**

ਅਸੀਂ ਟਰੰਪ ਦੀ ਹਰ ਗੱਲ 'ਤੇ ਸਹਿਮਤ ਨਹੀਂ ਹੁੰਦੇ। ਯਰੂਸ਼ਲਮ ਨਿਊਜ਼ ਸਿੰਡੀਕੇਟ ਦੇ ਅੰਤਰਰਾਸ਼ਟਰੀ ਨੀਤੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਨੇਤਨਯਾਹੂ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੋਵੇਂ ਸੁਤੰਤਰ ਅਤੇ ਆਤਮ-ਗੌਰਵ ਵਾਲੇ ਦੇਸ਼ ਹਨ।

# ਖਾਦ ਲੈ ਕੇ ਹੋਰਮੁਜ਼ ਤੋਂ ਨਿਕਲੇ ਚਾਰ ਜਹਾਜ਼

**ਨਵੀਂ ਦਿੱਲੀ:**ਹੋਰਮੁਜ਼ ਜਲਡਮਰੂਮੱਧ ਤੋਂ ਸੋਮਵਾਰ ਨੂੰ ਤੇਲ ਟੈਂਕਰਾਂ ਦੀ ਆਵਾਜਾਈ ਵਿਚ ਕੁਝ ਵਾਧਾ ਦੇਖਿਆ ਗਿਆ। ਚਾਰ ਭਾਰਤੀ ਜਹਾਜ਼ਾਂ ਨੇ ਉਸ ਨੂੰ ਪਾਰ ਕਰ ਕੇ ਭਾਰਤ ਦਾ ਰੁਖ਼ ਕੀਤਾ। ਇਨ੍ਹਾਂ ਜਹਾਜ਼ਾਂ 'ਤੇ ਯੂਰੀਆ, ਡੀਏਪੀ ਅਤੇ ਸਲਫਰ ਲੱਦੀ ਹੋਈ ਹੈ ਜਿਸ ਨੂੰ ਖਾਦ ਦੇ ਰੂਪ ਵਿਚ ਵਰਤਿਆ ਜਾਵੇਗਾ। ਬੇੜੇ ਨਿਗਰਾਨੀ ਅੰਕੜਿਆਂ ਅਨੁਸਾਰ ਲਗਪਗ 20 ਲੱਖ ਬੈਰਲ ਕੱਚਾ ਤੇਲ ਲੈ ਕੇ ਜਾ ਰਹੇ ਦੋ ਟੈਂਕਰ ਜਲਡਮਰੂਮੱਧ ਤੋਂ ਗੁਜ਼ਰੇ। ਐਤਵਾਰ ਨੂੰ ਇਸ ਮਾਰਗ 'ਤੇ ਆਵਾਜਾਈ ਕਮਜ਼ੋਰ ਰਹੀ ਸੀ ਕਿਉਂਕਿ ਜਹਾਜ਼ਰਾਨੀ ਕੰਪਨੀਆਂ



ਵਿਚ ਸੁਰੱਖਿਆ ਨੂੰ ਲੈ ਕੇ ਚਿੰਤਾ ਬਣੀ ਹੋਈ ਸੀ। ਰਸਾਇਣ ਅਤੇ ਖਾਦ ਮੰਤਰਾਲੇ ਅਨੁਸਾਰ ਭਾਰਤ ਲਈ ਚੱਲੇ ਜਹਾਜ਼ ਕ੍ਰਿਸ਼ਨਾਪਟਨਮ, ਕਾਕੀਨਾਡਾ, ਪਾਰਾਦੀਪ ਅਤੇ ਮੁੰਦਰਾ ਪੋਰਟ 'ਤੇ ਪਹੁੰਚਣਗੇ।

ਪੰਜਾਬ ਟਾਈਮਜ਼

27 ਜੂਨ, ਸ਼ਨਿਚਰਵਾਰ

# ਜ਼ੋਰ ਫੜ ਰਹੀ ਚੋਣ ਸਰਗਰਮੀ

ਜਿਵੇਂ-ਜਿਵੇਂ ਵਿਧਾਨ ਸਭਾ ਦੀਆਂ ਚੋਣਾਂ ਦਾ ਸਮਾਂ ਨੇੜੇ ਆਉਂਦਾ ਜਾ ਰਿਹਾ ਹੈ, ਉਵੇਂ-ਉਵੇਂ ਹੀ ਪੰਜਾਬ ਵਿਚ ਰਾਜਨੀਤਕ ਪਾਰਟੀਆਂ ਨੇ ਆਪੋ-ਆਪਣੇ ਢੰਗ-ਤਰੀਕੇ ਨਾਲ ਸਰਗਰਮੀਆਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਇੱਥੇ 3 ਦਿਨਾ ਫੇਰੀ ਨੂੰ ਵੀ ਇਸੇ ਕੜੀ ਵਜੋਂ ਦੇਖਿਆ ਜਾ ਰਿਹਾ ਹੈ। ਇਹ ਕਿਆਸਅਰਾਈਆਂ ਜਾਰੀ ਰਹੀਆਂ ਕਿ ਦੋਹਾਂ ਪਾਰਟੀਆਂ ਦੇ ਤੋੜ-ਵਿਛੋੜੇ ਤੋਂ ਬਾਅਦ ਇਕ ਵਾਰ ਭਾਜਪਾ, ਅਕਾਲੀ ਦਲ ਨਾਲ ਮਿਲ ਕੇ ਚੋਣਾਂ ਲੜ ਸਕਦੀ ਹੈ। ਪਰ ਜਿਸ ਤਰ੍ਹਾਂ ਭਾਜਪਾ ਨੇ ਬੜੀ ਤੇਜ਼ੀ ਨਾਲ ਸੂਬੇ ਵਿਚ ਸਿਆਸੀ ਹਲਚਲ ਵਧਾਈ ਹੈ, ਉਸ ਤੋਂ ਇਹ ਜ਼ਰੂਰ ਸਪੱਸ਼ਟ ਹੋਣਾ ਸ਼ੁਰੂ ਹੋ ਗਿਆ ਹੈ ਕਿ ਇਸ ਵਾਰ ਉਹ ਆਪਣੇ ਬਲਬੂਤੇ 'ਤੇ ਹੀ ਚੋਣ ਮੈਦਾਨ ਵਿਚ ਉਤਰਨ ਦੀ ਇੱਛਾ ਰੱਖਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਥਿਤ ਵੀਡੀਓ ਕਾਰਨ ਅਕਾਲ ਤਖ਼ਤ ਸਾਹਿਬ ਅਤੇ ਮੁੱਖ ਮੰਤਰੀ ਵਿਚਕਾਰ ਸ਼ੁਰੂ ਹੋਈ ਖਿਚੋਤਾਣ ਨੇ ਵੀ ਮਾਹੌਲ ਕਾਫੀ ਗਰਮਾ ਰਖਿਆ ਹੈ।

ਬੰਗਾਲ ਦੀਆਂ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਭਾਜਪਾ ਦੇ ਹੌਸਲੇ ਵਧੇ ਹੋਏ ਦਿਖਾਈ ਦਿੰਦੇ ਹਨ। ਦੇਸ਼ ਦੇ ਬਹੁਤੇ ਸੂਬਿਆਂ ਵਿਚ ਉਸ ਦੀ ਹਕੂਮਤ ਬਣਨ ਨਾਲ ਵੀ ਉਸ ਦੇ ਵਿਸ਼ਵਾਸ ਵਿਚ ਵਾਧਾ ਹੋਇਆ ਹੈ। ਪੰਜਾਬ ਚੋਣਾਂ ਲਈ ਉਹ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀਆਂ ਸੇਵਾਵਾਂ ਨੂੰ ਵੀ ਵਰਤ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਦੇ ਕੇਂਦਰੀ ਆਗੂਆਂ ਨੇ ਸੂਬੇ ਦੇ ਵੱਖ-ਵੱਖ ਭਾਈਚਾਰਿਆਂ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਹੁਣ ਤੱਕ ਉਸ ਦੇ ਵੱਡੇ-ਛੋਟੇ ਆਗੂਆਂ ਨੇ ਲਗਭਗ ਸਾਰੇ ਹੀ ਖੇਤਰਾਂ ਵਿਚ ਆਪਣੇ ਰਾਹ ਬਣਾ ਲਏ ਹਨ। ਇਨ੍ਹਾਂ ਤਿਆਰੀਆਂ ਦੇ ਆਧਾਰ 'ਤੇ ਉਹ ਆਪਣੇ ਬਲਬੂਤੇ 'ਤੇ ਇਕ ਧਿਰ ਵਜੋਂ ਆਪਣੇ-ਆਪ ਨੂੰ ਸਥਾਪਿਤ ਕਰਨ ਲਈ ਯਤਨਸ਼ੀਲ ਹੈ। ਪਿਛਲੇ ਲੰਮੇ ਸਮੇਂ ਤੋਂ ਇਸ ਨੇ ਸੂਬੇ ਵਿਚ ਸਾਰੇ ਹੀ ਭਾਈਚਾਰਿਆਂ ਦੇ ਛੋਟੇ-ਵੱਡੇ ਆਗੂਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਯਤਨ ਕੀਤਾ ਹੈ। ਇਸ ਵਿਚ ਉਹ ਵੱਡੀ ਹੱਦ ਤੱਕ ਕਾਮਯਾਬ ਵੀ ਰਹੀ ਹੈ। ਅੱਜ ਨਾ ਸਿਰਫ਼ ਬਹੁਤ ਸਾਰੇ ਅਕਾਲੀ ਦਲਾਂ ਦੇ ਜਾਣੇ-ਪਛਾਣੇ ਆਗੂ ਇਸ ਪਾਰਟੀ ਵਿਚ ਸ਼ਾਮਿਲ ਹੋਏ ਦਿਖਾਈ ਦਿੰਦੇ ਹਨ, ਸਗੋਂ ਇਸ ਨੇ ਸੂਬੇ ਵਿਚ ਕਾਂਗਰਸ ਦੇ ਕਈ ਵੱਡੇ ਆਗੂਆਂ ਨੂੰ ਵੀ ਆਪਣੀਆਂ ਸਫ਼ਾਂ ਵਿਚ ਦਾਖ਼ਲ ਕਰ ਲਿਆ ਹੈ। ਇੱਥੋਂ ਤੱਕ ਕਿ ਇਸ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਦੇ ਸਵਾਤੀ ਮਾਲੇਵਾਲ ਸਮੇਤ ਸੱਤ ਮੈਂਬਰਾਂ ਨੂੰ ਵੀ ਆਪਣੇ ਨਾਲ ਰਲਾਉਣ ਤੋਂ ਗੁਰੇਜ਼ ਨਹੀਂ ਕੀਤਾ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਨੇ ਵੀ ਆਪਣੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਪਣੀਆਂ ਸਰਗਰਮੀਆਂ ਪੂਰੀ ਤਰ੍ਹਾਂ ਮਘਾ ਦਿੱਤੀਆਂ ਹਨ। ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤੋਂ ਬਾਅਦ ਇਸ ਨੇ ਅਮਨ-ਕਾਨੂੰਨ ਦੀ ਸਥਿਤੀ 'ਤੇ ਕਾਬੂ ਪਾਉਣ ਲਈ ਪ੍ਰਭਾਵਸ਼ਾਲੀ ਕਦਮ ਉਠਾਏ ਹਨ। ਬਿਜਲੀ ਮੁਫ਼ਤ ਦੇਣ ਦੇ ਆਪਣੇ ਵਾਅਦੇ ਨੂੰ ਨਿਭਾਇਆ ਹੈ ਅਤੇ ਇਸੇ ਕੜੀ ਵਿਚ ਹੀ ਹੁਣ ਔਰਤਾਂ ਲਈ ਵੀ ਆਰਥਿਕ ਸਹਾਇਤਾ ਆਉਂਦੇ ਮਹੀਨੇ ਤੋਂ ਦੇਣੀ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।

ਕਾਂਗਰਸ ਚਾਹੇ ਹੁਣ ਤੱਕ ਇਸ ਦੌੜ ਵਿਚ ਪਿੱਛੇ ਦਿਖਾਈ ਦੇ ਰਹੀ ਹੈ ਪਰ ਆਉਂਦੇ ਦਿਨਾਂ ਵਿਚ ਸੂਬੇ ਵਿਚ ਪਾਰਟੀ ਅੰਦਰ ਨਵੀਆਂ ਤਬਦੀਲੀਆਂ ਲਿਆ ਕੇ ਉਹ ਵੀ ਪੂਰੀ ਤਰ੍ਹਾਂ ਮੈਦਾਨ ਵਿਚ ਉਤਰਨਾ ਚਾਹੁੰਦੀ ਹੈ। ਵੱਖ-ਵੱਖ ਅਕਾਲੀ ਦਲ ਚਾਹੇ ਸਰਗਰਮੀ ਜ਼ਰੂਰ ਵਿਖਾ ਰਹੇ ਹਨ ਪਰ ਉਨ੍ਹਾਂ ਦੀਆਂ ਆਪਸੀ ਉਲਝਣਾਂ ਨੇ ਹੀ ਉਨ੍ਹਾਂ ਦੀ ਰਫ਼ਤਾਰ ਤੇ ਗਤੀ ਨੂੰ ਹਾਲੇ ਤੇਜ਼ ਨਹੀਂ ਹੋਣ ਦਿੱਤਾ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੇ ਇਸ ਦੌਰੇ ਨੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿਚ ਨਵਾਂ ਉਤਸ਼ਾਹ ਪੈਦਾ ਕੀਤਾ ਹੈ। ਨਿਤਿਨ ਨਬੀਨ ਨੇ ਇੱਥੇ ਆ ਕੇ ਉਨ੍ਹਾਂ ਮੁੱਦਿਆਂ ਨੂੰ ਕੇਂਦਰ ਬਿੰਦੂ ਬਣਾਇਆ ਹੈ, ਜੋ ਨਾ ਸਿਰਫ਼ ਸੂਬੇ ਲਈ ਅਹਿਮ ਹਨ, ਸਗੋਂ ਕਈ ਦਹਾਕਿਆਂ ਤੱਕ ਇਨ੍ਹਾਂ ਕਰਕੇ ਪੰਜਾਬ ਦੀ ਗਤੀ ਵੀ ਧੀਮੀ ਰਹੀ ਹੈ। ਚਾਹੇ ਪਹਿਲੀਆਂ ਅਕਾਲੀ, ਕਾਂਗਰਸੀ ਅਤੇ ਹੁਣ 'ਆਪ' ਦੀ ਸਰਕਾਰ ਨੇ ਵੀ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਪ੍ਰਭਾਵਸ਼ਾਲੀ ਕਦਮ ਉਠਾਏ ਹਨ ਪਰ ਸੂਬੇ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਅਤੇ ਇਸ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਲਈ ਹਾਲੇ ਬਹੁਤ ਕੁਝ ਕਰਨ ਦੀ ਲੋੜ ਹੈ। ਆਉਂਦੇ ਸਮੇਂ ਵਿਚ ਵੱਖ-ਵੱਖ ਪਾਰਟੀਆਂ ਅਜਿਹੇ ਮੁੱਦਿਆਂ ਨੂੰ ਲੈ ਕੇ ਲੋਕਾਂ ਤੱਕ ਜਾਣਗੀਆਂ ਤੇ ਇਸ ਨਾਲ ਰਾਜ ਵਿਚ ਸਿਆਸੀ ਸਰਗਰਮੀਆਂ ਹੋਰ ਵੀ ਤੇਜ਼ ਹੋਣ ਦੀ ਸੰਭਾਵਨਾ ਬਣੀ ਨਜ਼ਰ ਆਉਂਦੀ ਹੈ।

ਪਰ ਪੰਜਾਬ ਸਰਕਾਰ ਅਤੇ ਅਕਾਲ ਤਖ਼ਤ ਸਾਹਿਬ ਵਿਚ ਪੈਦਾ ਹੋਇਆ ਟਕਰਾਉ ਆਉਂਦੇ ਦਿਨਾਂ ਵਿਚ ਕੀ ਮੋੜ ਲਵੇਗਾ ਇਸ ਦਾ ਪੰਜਾਬ ਦੀ ਸਿਆਸਤ ਉੱਤੇ ਗਹਿਰਾ ਪ੍ਰਭਾਵ ਪਵੇਗਾ। ਰਾਜਨੀਤਕ ਮਾਹਿਰਾਂ ਦਾ ਵਿਚਾਰ ਹੈ ਕਿ ਜਲਦੀ ਹੀ ਸਾਹਮਣੇ ਆਉਣ ਵਾਲਾ ਕਥਿਤ ਵੀਡੀਓ ਦਾ ਕੱਚ-ਸੱਚ ਪੰਜਾਬ ਦੇ ਚੋਣ ਦੰਗਲ ਨੂੰ ਨਵੀਂ ਦਿਸ਼ਾ ਦਿਖਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੱਤਰਕਾਰਾਂ ਦੀ ਕਪਾਹ?

ਤਖਤ ਸਾਹਿਬ 'ਤੇ ਦੇਖ ਮਨਰਜ਼ੀਆਂ ਨੂੰ, ਦੁਖੀ ਦਿਲਾਂ 'ਚੋਂ ਨਿੱਕ.ਲਦੀ ਆਹ ਬੇਲੀ।
ਫੜਕੇ 'ਕੈਮਰੇ ਮਾਈਕ' ਹਨ ਤੁਰੇ ਫਿਰਦੇ, ਸਵਾਲ ਪੁੱਛਦੇ ਨੇ 'ਖਾਹ-ਮੁਖਾਹ' ਬੇਲੀ।
ਲਾਈਕ, ਵਿਊਜ਼, ਕੁਮੈਂਟਾਂ ਦੀ ਹੋੜ ਅੰਦਰ, ਪੱਤਰਕਾਰੀ ਨੂੰ ਲਾ ਰਹੇ ਨੇ ਢਾਹ ਬੇਲੀ।
ਮਨਘੜੰਤ ਹੀ ਚੱਕਵੀਆਂ ਸੁਰਖੀਆਂ ਨੇ, ਵਿਚ ਮੀਡ੍ਹੀਏ ਪਾਇਆ ਏ ਗਾਹ ਬੇਲੀ।
ਲੱਗਾ ਹੋਇਆ ਏ ਬਹੁਤਿਆਂ ਚੈਨਲਾਂ ਨੂੰ, ਤੇਲ ਬ.ਲਦੀ 'ਤੇ ਪਾਉਣ ਦਾ ਪਾਹ ਬੇਲੀ।
ਪੰਥਕ ਹਿਰਦਿਆਂ ਵਿਚ ਤਾਂ ਹੌਲ ਉੱਠਣ, ਪੱਤਰਕਾਰਾਂ ਲਈ 'ਖਿੜੀ ਕਪਾਹ' ਬੇਲੀ।

# ਆਪਣੀਆਂ ਵੋਟਾਂ ਦੀ ਪਹਿਰੇਦਾਰੀ ਕਰਨ ਪੰਜਾਬੀ

ਸਤਨਾਮ ਸਿੰਘ ਮਾਣਕ

ਪੰਜਾਬ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਅਮਲ ਤੇਜ਼ੀ ਨਾਲ ਚੱਲ ਰਿਹਾ ਹੈ। ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨੰਦਿਤਾ ਮਿੱਤਰਾ ਵਲੋਂ ਇਸ ਸਾਰੇ ਅਮਲ ਦਾ ਸੰਚਾਲਨ ਕੀਤਾ ਜਾ ਰਿਹਾ ਹੇ ਤੇ ਉਨ੍ਹਾਂ ਵਲੋਂ ਉੱਪਰ ਤੋਂ ਲੈ ਕੇ ਹੇਠਾਂ ਤੱਕ ਹਰ ਪੱਧਰ 'ਤੇ ਅਮਲੇ ਦੀ ਟ੍ਰੇਨਿੰਗ ਵੀ ਕਰਵਾਈ ਜਾ ਰਹੀ ਹੈ। ਪਿਛਲੇ ਦਿਨੀਂ ਭਾਰਤ ਦੇ ਸੀਨੀਅਰ ਉਪ ਚੋਣ ਕਮਿਸ਼ਨਰ ਭਾਨੂ ਪ੍ਰਕਾਸ਼ ਯੇਰੂ ਵੀ ਪੰਜਾਬ ਦੌਰੇ 'ਤੇ ਆਏ ਸਨ। ਉਨ੍ਹਾਂ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿਚ ਮੁਹਾਲੀ, ਫਤਹਿਗੜ੍ਹ ਸਾਹਿਬ, ਪਟਿਆਲਾ, ਰੋਪੜ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਚੋਣ ਅਧਿਕਾਰੀਆਂ ਦੀ ਮੀਟਿੰਗ ਵੀ ਹੋਈ ਸੀ। ਇਸ ਮੀਟਿੰਗ ਤੋਂ ਬਾਅਦ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਹੁਣ ਤੱਕ ਰਾਜ ਵਿਚ ਜ਼ਿਲ੍ਹਾ ਚੋਣ ਅਧਿਕਾਰੀਆਂ, ਸਹਾਇਕ ਜ਼ਿਲ੍ਹਾ ਚੋਣ ਅਧਿਕਾਰੀਆਂ, ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ, ਸਹਾਇਕ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ ਤੱਕ ਦੀ ਟ੍ਰੇਨਿੰਗ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਹੁਣ 15 ਤੋਂ 25 ਜੂਨ ਤੱਕ ਰਾਜ ਵਿਚ ਬੂਥ ਪੱਧਰ ਦੇ ਚੋਣ ਅਧਿਕਾਰੀਆਂ ਅਤੇ ਬੂਥ ਪੱਧਰ ਦੇ ਸੁਪਰਵਾਈਜ਼ਰਾਂ ਦੀ ਟ੍ਰੇਨਿੰਗ ਦਾ ਕੰਮ ਮੁਕੰਮਲ ਕੀਤਾ ਜਾਏਗਾ। ਇਸ ਤੋਂ ਬਾਅਦ 26 ਜੁਲਾਈ ਤੋਂ ਬੂਥ ਪੱਧਰ ਦੇ ਚੋਣ ਅਧਿਕਾਰੀ ਘਰ-ਘਰ ਜਾ ਕੇ ਵੋਟਰਾਂ ਤੋਂ ਫਾਰਮ ਭਰਵਾਉਣਗੇ। ਉਕਤ ਮੀਟਿੰਗ ਵਿਚ ਰਸਮੀ ਤੌਰ 'ਤੇ ਇਹ ਵੀ ਜਾਣਕਾਰੀ ਦਿੱਤੀ ਗਈ ਸੀ, ਕਿ ਪੰਜਾਬ ਦੇ ਕੁਲ 23 ਜ਼ਿਲ੍ਹਿਆਂ, 117 ਵਿਧਾਨ ਸਭਾ ਹਲਕਿਆਂ ਅਤੇ 24453 ਪੋਲਿੰਗ ਸਟੇਸ਼ਨਾਂ ਜੋ 14664 ਸਥਾਨਾਂ 'ਤੇ ਸਥਿਤ ਹਨ, ਨੂੰ ਇਹ ਪ੍ਰਕਿਰਿਆ ਕਵਰ ਕਰੇਗੀ। ਮੁੱਖ ਚੋਣ ਅਧਿਕਾਰੀ ਅਨੰਦਿਤਾ ਮਿੱਤਰਾ ਨੇ ਇਹ ਵੀ ਦੱਸਿਆ ਗਿਆ ਸੀ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਲਈ 2003 ਦੀਆਂ ਵੋਟਰ ਸੂਚੀਆਂ ਨੂੰ ਆਧਾਰ ਬਣਾਇਆ ਗਿਆ ਹੈ ਅਤੇ ਹੁਣ ਤੱਕ 85.82 ਫੀਸਦੀ ਮੈਪਿੰਗ (2003 ਦੀਆਂ ਵੋਟਰ ਸੂਚੀਆਂ ਨਾਲ ਮਿਲਾਣ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

ਵਰਣਨਯੋਗ ਹੈ ਕਿ ਪੰਜਾਬ ਤੋਂ ਪਹਿਲਾਂ ਬਿਹਾਰ, ਪੱਛਮੀ ਬੰਗਾਲ ਤੇ ਉੱਤਰ ਪ੍ਰਦੇਸ਼ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਅਮਲ ਮੁਕੰਮਲ ਹੋ ਚੁੱਕਾ ਹੈ। ਬਾਕੀ ਰਾਜਾਂ ਵਿਚ ਅਜੇ ਇਹ ਅਮਲ ਚੱਲ ਰਿਹਾ ਹੈ। ਬਿਹਾਰ ਅਤੇ ਪੱਛਮੀ ਬੰਗਾਲ ਵਿਚ ਇਹ ਅਮਲ ਚੋਣਾਂ ਦੇ ਬਹੁਤ ਨੇੜੇ ਜਾ ਕੇ ਸ਼ੁਰੂ ਹੋਇਆ ਸੀ। ਇਸ ਕਰਕੇ ਚੋਣ ਕਮਿਸ਼ਨ ਅਤੇ ਉਸ ਨਾਲ ਸੰਬੰਧਿਤ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਇਸ ਅਮਲ ਨੂੰ ਕਾਹਲੀ-ਕਾਹਲੀ ਸਿਰੇ ਚੜ੍ਹਾਉਣਾ ਪਿਆ। ਇਸ ਕਾਰਨ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਵਿਚ ਬਹੁਤ ਸਾਰੀਆਂ ਤਰੁਟੀਆਂ ਵੀ ਰਹਿ ਗਈਆਂ ਹਨ। ਵਿਰੋਧੀ ਪਾਰਟੀਆਂ ਨੇ ਉਪਰੋਕਤ ਦੋਹਾਂ ਰਾਜਾਂ ਬਾਰੇ ਇਹ ਵੀ ਦੋਸ਼ ਲਾਏ ਹਨ ਕਿ ਜਾਣ-ਬੁੱਝ ਕੇ ਵਿਰੋਧੀ ਪਾਰਟੀਆਂ ਨੂੰ ਵੋਟਾਂ ਪਾਉਣ ਵਾਲੇ ਵਰਗਾਂ ਅਤੇ ਵਿਸ਼ੇਸ਼ ਕਰਕੇ ਮੁਸਲਿਮ ਘੱਟ ਗਿਣਤੀ ਨਾਲ ਸੰਬੰਧਿਤ ਵੋਟਰਾਂ ਦੀਆਂ ਵੋਟਾਂ ਵੱਡੀ ਪੱਧਰ 'ਤੇ ਕੱਟੀਆਂ ਗਈਆਂ ਹਨ। ਭਾਵੇਂ ਚੋਣ ਕਮਿਸ਼ਨ ਨੇ ਇਨ੍ਹਾਂ ਰਾਜਾਂ ਵਿਚ ਵੋਟਰ ਸੂਚੀਆਂ ਦੀ ਸੁਧਾਈ ਦਾ ਅਮਲ ਇਹ ਕਹਿ ਕੇ ਆਰੰਭ ਕੀਤਾ ਸੀ ਕਿ ਬਹੁਤ ਸਾਰੇ ਬੰਗਲਾਦੇਸ਼ੀ ਅਤੇ ਮਿਆਂਮਾਰ ਦੇ ਰੋਹਿੰਗਿਆ ਮੁਸਲਮਾਨ ਬਿਹਾਰ ਅਤੇ ਬੰਗਾਲ ਵਿਚ ਵਸ ਚੁੱਕੇ ਹਨ, ਇਨ੍ਹਾਂ ਵਿਦੇਸ਼ੀਆਂ ਨੂੰ ਵੋਟਰ ਸੂਚੀਆਂ ਤੋਂ ਬਾਹਰ ਕੱਢਣ ਲਈ ਅਜਿਹੀ ਵਿਸ਼ੇਸ਼ ਸੁਧਾਈ ਦੀ ਲੋੜ ਹੈ। ਪਰ ਇਨ੍ਹਾਂ ਰਾਜਾਂ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਤੋਂ ਬਾਅਦ ਵੀ ਚੋਣ ਕਮਿਸ਼ਨ ਇਹ ਦੱਸਣ ਵਿਚ ਅਸਫਲ ਰਿਹਾ ਹੈ, ਕਿ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਕਿੰਨੇ ਵਿਦੇਸ਼ੀਆਂ ਦੀ ਸ਼ਨਾਖ਼ਤ ਕੀਤੀ ਗਈ ਹੈ? ਬਿਹਾਰ ਅਤੇ ਪੱਛਮੀ ਬੰਗਾਲ ਵਿਚ ਵੋਟਰ ਸੂਚੀਆਂ ਦੀ ਹੋਈ ਵਿਸ਼ੇਸ਼ ਗਹਿਰੀ ਸੁਧਾਈ ਤੋਂ ਬਾਅਦ ਨਿਰਪੱਖ ਪੱਤਰਕਾਰਾਂ ਨੇ ਜੋ ਖੋਜ ਰਿਪੋਰਟਾਂ ਜਾਰੀ ਕੀਤੀਆਂ ਹਨ, ਉਨ੍ਹਾਂ ਨਾਲ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਵੋਟਰ ਸੂਚੀਆਂ ਦੀ ਸਹੀ ਢੰਗ ਨਾਲ ਸੁਧਾਈ ਨਹੀਂ ਹੋ ਸਕੀ। ਦੋਵਾਂ ਰਾਜਾਂ ਵਿਚ ਹੀ ਵੱਡੀ ਪੱਧਰ 'ਤੇ ਡਬਲ ਅਤੇ ਜਾਅਲੀ ਅਤੇ ਮਰ ਚੁੱਕੇ ਵੋਟਰ ਅਜੇ ਵੀ ਵੋਟਰ ਸੂਚੀਆਂ ਵਿਚ ਸ਼ਾਮਿਲ ਹਨ। ਇਕ-ਇਕ ਪਤੇ 'ਤੇ ਸੈਂਕੜੇ-ਸੈਂਕੜੇ ਲੋਕਾਂ ਦੀਆਂ ਵੋਟਾਂ ਬਣੀਆਂ ਹੋਈਆਂ ਹਨ। ਬਿਹਾਰ ਅਤੇ ਪੱਛਮੀ ਬੰਗਾਲ ਤੋਂ ਬਾਅਦ ਤੀਜੇ ਵੱਡੇ ਰਾਜ ਜਿੱਥੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਵਾਦ-ਵਿਵਾਦ ਵਧੇਰੇ ਤਿੱਖਾ ਹੋਇਆ ਸੀ, ਉਹ ਉੱਤਰ ਪ੍ਰਦੇਸ਼ ਹੈ। ਉਸ ਵਿਚ ਵੀ ਸਮਾਜਵਾਦੀ




ਪਾਰਟੀ ਵਲੋਂ ਇਹ ਦੋਸ਼ ਲਗਾਏ ਗਏ ਸਨ ਕਿ ਮੁਸਲਿਮ ਘੱਟ-ਗਿਣਤੀ ਅਤੇ ਸਮਾਜਵਾਦੀ ਪਾਰਟੀ ਨਾਲ ਸੰਬੰਧਿਤ ਵੋਟਰਾਂ ਦੀਆਂ ਵੋਟਾਂ ਜਾਣ ਬੁੱਝ ਕੇ ਕੱਟੀਆਂ ਜਾ ਰਹੀਆਂ ਹਨ। ਹੇਠਲੀ ਪੱਧਰ 'ਤੇ ਆਪਣੇ ਵਰਕਰਾਂ ਨੂੰ ਸਰਗਰਮ ਕਰ ਕੇ ਅਜਿਹੇ ਵੋਟਰਾਂ ਨੂੰ ਮੁੜ ਵੋਟਰ ਸੂਚੀਆਂ ਵਿਚ ਸ਼ਾਮਿਲ ਕਰਵਾਉਣ ਲਈ ਸਮਾਜਵਾਦੀ ਪਾਰਟੀ ਵਲੋਂ ਮੁਹਿੰਮ ਚਲਾਈ ਗਈ ਸੀ। ਇਸ ਤਰ੍ਹਾਂ ਦੀ ਪਹਿਰੇਦਾਰੀ ਨਾਲ ਸਮਾਜਵਾਦੀ ਪਾਰਟੀ ਆਪਣੇ ਵੋਟਰਾਂ ਨੂੰ ਕਿਸ ਹੱਦ ਤੱਕ ਵੋਟਰ ਸੂਚੀ ਵਿਚ ਸ਼ਾਮਿਲ ਕਰਵਾ ਸਕੀ ਹੈ, ਕਿਹਾ ਨਹੀਂ ਜਾ ਸਕਦਾ, ਪਰ ਇਹ ਗੱਲ ਸਪੱਸ਼ਟ ਹੈ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਜਿਹੜੀ ਕਿ ਲਗਭੱਗ ਹੁਣ ਸਾਰੇ ਦੇਸ਼ ਵਿਚ ਚੋਣ ਕਮਿਸ਼ਨ ਵਲੋਂ ਕਰਵਾਈ ਜਾ ਰਹੀ ਹੈ, ਬਾਰੇ ਵਿਰੋਧੀ ਪਾਰਟੀਆਂ ਅਤੇ ਚੋਣ ਕਮਿਸ਼ਨ ਦਰਮਿਆਨ ਤਿੱਖੀ ਤਕਰਾਰ ਹੋ ਰਹੀ ਹੈ। ਭਾਵੇਂ ਸੁਪਰੀਮ ਕੋਰਟ ਨੇ ਆਪਣੇ ਇਕ ਤਾਜ਼ਾ ਫੈਸਲੇ ਵਿਚ ਕਿਹਾ ਹੈ ਕਿ ਚੋਣ ਕਮਿਸ਼ਨ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਕਰਵਾਉਣ ਦਾ ਪੂਰਾ-ਪੂਰਾ ਅਧਿਕਾਰ ਹੈ। ਵਿਰੋਧੀ ਪਾਰਟੀਆਂ ਵੀ ਵੱਡੀ ਹੱਦ ਤੱਕ ਚੋਣ ਕਮਿਸ਼ਨ ਦੇ ਇਸ ਅਧਿਕਾਰ ਨੂੰ ਮੰਨਦੀਆਂ ਹਨ। ਪਰ ਵੱਡਾ ਸੁਆਲ ਚੋਣ ਕਮਿਸ਼ਨ ਦੀ ਮਨਸ਼ਾ ਦਾ ਹੈ। ਵਿਰੋਧੀ ਪਾਰਟੀਆਂ ਦਾ ਗੰਭੀਰ ਦੋਸ਼ ਹੈ ਕਿ ਚੋਣ ਕਮਿਸ਼ਨ ਇਸ ਸੰਬੰਧ ਵਿਚ ਵਿਰੋਧੀ ਪਾਰਟੀਆਂ ਨੂੰ ਵਿਸ਼ਵਾਸ ਵਿਚ ਲੈ ਕੇ ਪਾਰਦਰਸ਼ੀ ਢੰਗ ਨਾਲ ਇਹ ਅਮਲ ਨੇਪਰੇ ਨਹੀਂ ਚੜ੍ਹਾ ਰਿਹਾ, ਸਗੋਂ ਕੇਂਦਰ ਅਤੇ ਬਹੁਤੇ ਰਾਜਾਂ ਵਿਚ ਸੱਤਾਧਾਰੀ ਭਾਜਪਾ ਨੂੰ ਲਾਭ ਪਹੁੰਚਾਉਣ ਲਈ ਵੋਟਰ ਸੂਚੀਆਂ ਦੀ ਸੁਧਾਈ ਦੀ ਥਾਂ ਇਕ ਤਰ੍ਹਾਂ ਨਾਲ ਭੰਨ-ਤੋੜ ਕੀਤੀ ਜਾ ਰਹੀ ਹੈ। ਯੋਗੇਂਦਰ ਯਾਦਵ ਅਤੇ ਹੋਰ ਬਹੁਤ ਸਾਰੇ ਨਿਰਪੱਖ ਬੁੱਧੀਜੀਵੀਆਂ ਤੇ ਪੱਤਰਕਾਰਾਂ ਨੇ ਇਹ ਦੋਸ਼ ਲਾਇਆ ਹੈ ਕਿ ਚੋਣ ਕਮਿਸ਼ਨ ਜਿਸ ਢੰਗ ਨਾਲ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਦਾ ਅਮਲ ਚਲਾ ਰਿਹਾ ਹੈ, ਉਹ ਚੋਣਾਂ ਤੋਂ ਪਹਿਲਾਂ ਵੋਟਰ ਚੁਣਨ ਵਾਲੀ ਗੱਲ ਹੈ। ਇਸ ਤਰ੍ਹਾਂ ਦਾ ਅਮਲ ਦੇਸ਼ ਦੀ ਜਮਹੂਰੀਅਤ ਲਈ ਬੇਹੱਦ ਘਾਤਕ ਸਿੱਧ ਹੋ ਸਕਦਾ ਹੈ।

ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਜੋ ਵਿਰੋਧੀ ਪਾਰਟੀਆਂ ਅਤੇ ਚੋਣ ਕਮਿਸ਼ਨ ਦਰਮਿਆਨ ਤਕਰਾਰ ਚੱਲ ਰਹੀ ਹੈ, ਉਸ ਨੂੰ ਮੁੱਖ ਰੱਖਦਿਆਂ ਅਸੀਂ ਪੰਜਾਬ ਦੇ ਸਿਆਸੀ ਦਲਾਂ ਅਤੇ ਵੋਟਰਾਂ ਨੂੰ ਇਹ ਸੁਚੇਤ ਕਰਨਾ ਚਾਹੁੰਦੇ ਹਾਂ ਕਿ ਉਹ ਇਸ ਅਮਲ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਚੋਣ ਕਮਿਸ਼ਨ ਦੇ ਅਮਲੇ ਨਾਲ ਹੇਠਲੇ ਪੱਧਰ 'ਤੇ ਪੂਰਾ ਸਹਿਯੋਗ ਕਰਨ, ਹਰ ਯੋਗ ਵੋਟਰ ਦੀ ਵੋਟ ਦਰਜ ਕਰਵਾਉਣ ਅਤੇ ਨਾਜਾਇਜ਼ ਵੋਟ ਬਣਨ ਤੋਂ ਰੋਕਣ ਲਈ ਵੀ ਇਸ ਪ੍ਰਕਿਰਿਆ 'ਤੇ ਨਜ਼ਰ ਰੱਖਣੀ ਪਵੇਗੀ।

ਰਾਜ ਦੀ ਮੁੱਖ ਚੋਣ ਅਧਿਕਾਰੀ ਅਨਿੰਦਤਾ ਮਿੱਤਰਾ ਨੇ ਵੀ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਬੂਥ ਪੱਧਰ 'ਤੇ ਆਪੋ-ਆਪਣੇ ਚੋਣ ਏਜੰਟ (ਬੀ.ਐਲ.ਏ.) ਨਿਯੁਕਤ ਕਰ ਕੇ ਉਨ੍ਹਾਂ ਦੀ ਸੂਚੀ ਜ਼ਿਲ੍ਹਾ ਪੱਧਰ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਭੇਜਣ, ਤਾਂ ਜੋ ਬਾਅਦ ਵਿਚ ਰਾਜਨੀਤਕ ਪਾਰਟੀਆਂ ਨੂੰ ਵੋਟਾਂ ਕੱਟੇ ਜਾਣ ਜਾਂ ਜਾਅਲੀ ਵੋਟਾਂ ਬਣਨ ਸੰਬੰਧੀ ਸ਼ਿਕਾਇਤਾਂ ਨਾ ਰਹਿਣ। ਅਕਸਰ ਇਹ ਦੇਖਿਆ ਗਿਆ ਹੈ ਕਿ ਵਿਰੋਧੀ ਪਾਰਟੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਵੱਡੇ-ਵੱਡੇ ਇਤਰਾਜ਼ ਤਾਂ ਕਰਦੀਆਂ ਹਨ ਪਰ ਬੂਥ ਪੱਧਰ 'ਤੇ ਸਮੇਂ ਸਿਰ ਆਪਣੇ ਏਜੰਟ ਨਿਯੁਕਤ ਨਹੀਂ ਕਰਦੀਆਂ, ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਭਾਜਪਾ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਨਾਲ ਸੰਬੰਧਿਤ ਹੇਠਲੇ ਪੱਧਰ ਦੇ ਕਾਰਕੁਨ ਆਪਣੀਆਂ ਵੋਟਾਂ ਬਣਵਾਉਣ ਅਤੇ ਵਿਰੋਧੀਆਂ ਦੀਆਂ ਵੋਟਾਂ ਕਟਵਾਉਣ ਵਿਚ ਕਾਫ਼ੀ ਹੱਦ ਤੱਕ ਸਫਲ ਹੋ ਜਾਂਦੇ ਹਨ ਅਤੇ ਵਿਰੋਧੀ ਪਾਰਟੀਆਂ ਬੂਥ ਪੱਧਰ 'ਤੇ ਆਪਣੇ ਏਜੰਟਾਂ ਦੀ ਅਣਹੋਂਦ ਕਾਰਨ ਬਾਅਦ 'ਚ ਸ਼ਿਕਾਇਤਾਂ ਕਰਨ ਜੋਗੀਆਂ ਹੀ ਰਹਿ ਜਾਂਦੀਆਂ ਹਨ। ਜਦੋਂ ਵੋਟਰ ਸੂਚੀਆਂ ਮੁਕੰਮਲ ਹੋ ਜਾਂਦੀਆਂ ਹਨ ਤਾਂ ਵਿਰੋਧੀ ਪਾਰਟੀਆਂ ਦੀਆਂ ਅੱਖਾਂ ਖੁੱਲ੍ਹਦੀਆਂ ਹਨ ਤੇ ਫਿਰ ਆਪਣੀ ਬਿਆਨਬਾਜ਼ੀ ਸ਼ੁਰੂ ਕਰ ਦਿੰਦੀਆਂ ਹਨ। ਜਦੋਂ ਇਕ ਵਾਰ ਵੋਟਰ ਸੂਚੀਆਂ ਮੁਕੰਮਲ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਵਿਚੋਂ ਜਾਅਲੀ ਜਾਂ ਡਬਲ ਵੋਟਾਂ ਨੂੰ ਕਟਵਾਉਣਾ, ਜਾਂ ਰਹਿ ਗਏ ਵੋਟਰਾਂ ਨੂੰ ਮੁੜ ਵੋਟਰ ਸੂਚੀ ਵਿਚ ਸ਼ਾਮਿਲ ਕਰਵਾਉਣਾ, ਬੜਾ ਔਖਾ ਤੇ ਟੇਢਾ ਕੰਮ ਹੋ ਜਾਂਦਾ ਹੈ। ਜੇ ਕਿਸੇ ਰਾਜ ਵਿਚ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਹੋਣ ਤਾਂ ਕੱਟੀਆਂ ਹੋਈਆਂ ਵੋਟਾਂ ਨੂੰ ਵੋਟਰ ਸੂਚੀ ਵਿਚ ਮੁੜ ਸ਼ਾਮਿਲ ਕਰਵਾਉਣ ਦਾ ਅਮਲ ਵਿਚ-ਵਿਚਾਲੇ ਹੀ ਅਟਕ ਜਾਂਦਾ ਹੈ। ਇਸ ਕਰਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਲਈ ਹੁਣ ਇਹ ਢੁੱਕਵਾਂ ਮੌਕਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਉਹ ਜਲਦੀ ਤੋਂ ਜਲਦੀ ਆਪਣੇ ਬੂਥ ਪੱਧਰ 'ਤੇ ਏਜੰਟ ਨਿਯੁਕਤ ਕਰਨ ਅਤੇ ਉਹ ਆਪਣੇ ਬੂਥ ਦੇ ਚੋਣ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ। 26 ਜੁਲਾਈ ਤੋਂ ਵੋਟਰ ਸੂਚੀਆਂ ਦੀ ਸੁਧਾਈ ਲਈ ਬੂਥ ਪੱਧਰ ਦੇ ਚੋਣ ਅਧਿਕਾਰੀ ਘਰ-ਘਰ ਜਾਣਗੇ ਅਤੇ ਵੋਟਰਾਂ ਤੋਂ ਫਾਰਮ ਭਰਵਾਉਣਗੇ। ਅਜਿਹੇ ਫਾਰਮ ਭਰਨ ਲਈ ਜਿਥੇ ਆਮ ਵੋਟਰਾਂ ਨੂੰ ਜਾਗਰੂਕ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਉਥੇ ਰਾਜਨੀਤਕ ਪਾਰਟੀਆਂ ਦੇ ਏਜੰਟਾਂ ਨੂੰ ਵੀ ਵੋਟਰਾਂ ਦੀ ਇਸ ਸੰਬੰਧੀ ਮਦਦ ਕਰਨੀ ਚਾਹੀਦੀ ਹੈ।

ਪੰਜਾਬ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਸਿਆਸੀ ਪਾਰਟੀਆਂ ਅਤੇ ਆਮ ਵੋਟਰਾਂ ਨੂੰ ਦੋ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ, ਇਕ ਤਾਂ ਜਿਹੜੇ ਪੰਜਾਬ ਦੇ ਨੌਜਵਾਨ ਜਾਂ ਆਮ ਪੰਜਾਬੀ ਵਿਦੇਸ਼ਾਂ ਵਿਚ ਗਏ ਹੋਏ ਹਨ ਪਰ ਉਨ੍ਹਾਂ ਨੇ ਜੇ ਅਜੇ ਤੱਕ ਭਾਰਤੀ ਨਾਗਰਿਕਤਾ ਨਹੀਂ ਛੱਡੀ, ਤਾਂ ਉਨ੍ਹਾਂ ਨੂੰ ਆਪਣੀਆਂ ਵੋਟਾਂ ਬਣਵਾਉਣ ਲਈ ਆਪਣੇ ਪਰਿਵਾਰਾਂ ਰਾਹੀਂ ਫਾਰਮ ਭਰਨੇ ਚਾਹੀਦੇ ਹਨ। ਅਜਿਹੇ ਮਾਪੇ ਜਿਨ੍ਹਾਂ ਦੇ ਨੌਜਵਾਨ ਬੱਚੇ ਵਿਦੇਸ਼ਾਂ ਵਿਚ ਪੜ੍ਹ ਰਹੇ ਹਨ, ਉਨ੍ਹਾਂ ਤੋਂ ਪਾਸਪੋਰਟ ਅਤੇ ਹੋਰ ਲੋੜੀਂਦੇ ਦਸਤਾਵੇਜ਼ ਮੰਗਵਾ ਕੇ ਚੋਣ ਅਧਿਕਾਰੀਆਂ ਨੂੰ ਸੌਂਪਣੇ ਚਾਹੀਦੇ ਹਨ। ਸਾਡੇ ਕਹਿਣ ਦਾ ਭਾਵ ਹੈ, ਕਿ ਜਿਹੜੇ ਪੰਜਾਬੀ ਆਰਜ਼ੀ ਤੌਰ 'ਤੇ ਵਿਦੇਸ਼ਾਂ ਵਿਚ ਗਏ ਹੋਏ ਹਨ ਅਤੇ ਸਮੇਂ-ਸਮੇਂ ਇਥੇ ਆਉਂਦੇ ਹਨ ਅਤੇ ਪਹਿਲਾਂ ਵੀ ਇਥੇ ਆ ਕੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਦੇ ਰਹੇ ਹਨ, ਉਨ੍ਹਾਂ ਨੂੰ ਆਪਣੀਆਂ ਵੋਟਾਂ ਬਣਵਾਉਣ ਲਈ ਪੂਰੀ ਸਰਗਰਮੀ ਨਾਲ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਵਿਚ ਭਾਗ ਲੈਣਾ ਚਾਹੀਦਾ ਹੈ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਦੂਜੀ ਇਸ ਗੱਲ 'ਤੇ ਵੀ ਵਿਸ਼ੇਸ਼ ਤੌਰ 'ਤੇ ਨਜ਼ਰ ਰੱਖਣੀ ਚਾਹੀਦੀ ਹੈ, ਕਿ ਬਹੁਤ ਸਾਰੇ ਪ੍ਰਵਾਸੀ ਜਿਹੜੇ ਪੰਜਾਬ ਵਿਚ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਆਏ ਹੋਏ ਹਨ ਅਤੇ ਲੰਮੇ ਸਮੇਂ ਤੋਂ ਇਥੇ ਰਹਿ ਰਹੇ ਹਨ, ਬਿਨਾਂ ਸ਼ੱਕ ਜੇਕਰ ਉਹ ਯੋਗਤਾਵਾਂ ਪੂਰੀਆਂ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੀਆਂ ਵੋਟਾਂ ਇਥੇ ਬਣਵਾਉਣ ਦਾ ਅਧਿਕਾਰ ਹੈ। ਪਰ ਕੋਈ ਵੀ ਪ੍ਰਵਾਸੀ ਦੋਹਰੀਆਂ ਵੋਟਾਂ ਬਣਵਾਉਣ ਵਿਚ ਸਫਲ ਨਾ ਹੋਵੇ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਰਾਜ ਵਿਚ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਚੋਣਾਂ ਹੁੰਦੀਆਂ ਹਨ, ਤਾਂ ਪੰਜਾਬ ਤੋਂ ਪ੍ਰਵਾਸੀ ਆਪਣੇ ਰਾਜਾਂ ਨੂੰ ਵੋਟਾਂ ਪਾਉਣ ਚਲੇ ਜਾਂਦੇ ਹਨ। ਅਜਿਹੇ ਪ੍ਰਵਾਸੀਆਂ ਦੀਆਂ ਵੋਟਾਂ ਇਕ ਰਾਜ ਵਿਚ ਹੀ ਬਣਨੀਆਂ ਚਾਹੀਦੀਆਂ ਹਨ, ਦੋਹਾਂ ਰਾਜਾਂ ਵਿਚ ਨਹੀਂ। ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਦੀਆਂ ਵੋਟਾਂ ਬਿਲਕੁਲ ਨਾ ਬਣ ਸਕਣ, ਜੋ ਦੂਜੇ ਸੂਬਿਆਂ ਨਾਲ ਸੰਬੰਧਿਤ ਹਨ ਤੇ ਪੰਜਾਬ ਵਿਚ ਨਹੀਂ ਰਹਿੰਦੇ। ਜੇਕਰ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਅਤੇ ਪੰਜਾਬ ਦੇ ਚੇਤੰਨ ਲੋਕ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਵਿਚ ਇਸ ਤਰ੍ਹਾਂ ਦੀ ਸਾਵਧਾਨੀ ਅਤੇ ਸਰਗਰਮੀ ਨਾਲ ਸ਼ਿਰਕਤ ਕਰਦੇ ਹਨ ਤਾਂ ਵੋਟਰ ਸੂਚੀਆਂ ਕਾਫ਼ੀ ਹੱਦ ਤੱਕ ਸਾਫ਼-ਸੁਥਰੇ ਤੇ ਪਾਰਦਰਸ਼ੀ ਢੰਗ ਨਾਲ ਤਿਆਰ ਕੀਤੀਆਂ ਜਾ ਸਕਣਗੀਆਂ। ਜੇਕਰ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਅਤੇ ਆਮ ਲੋਕ ਇਸ ਅਮਲ ਸੰਬੰਧੀ ਅਣਗਹਿਲੀ ਤੋਂ ਕੰਮ ਲੈਂਦੇ ਰਹੇ ਤੇ ਉਨ੍ਹਾਂ ਨੇ ਇਸ ਅਮਲ ਵਿਚ ਦਿਲਚਸਪੀ ਨਾਲ ਭਾਗ ਨਾ ਲਿਆ ਤਾਂ ਬਾਅਦ ਵਿਚ ਸ਼ਿਕਾਇਤਾਂ ਕਰਨ ਨਾਲ ਉਨ੍ਹਾਂ ਨੂੰ ਕੁਝ ਵੀ ਹਾਸਿਲ ਨਹੀਂ ਹੋਵੇਗਾ। ਉਹ ਰੌਲਾ ਪਾਉਣ ਜੋਗੀਆਂ ਰਹਿ ਜਾਣਗੀਆਂ।

# ਤ੍ਰਿਣਮੂਲ ਦਾ ਸੰਕਟ ਸਿਰਫ਼ ਦਲ-ਬਦਲੀ ਨਹੀਂ, ਰਾਜਨੀਤਕ ਮਾਡਲ ਦੇ ਪਤਨ ਦੀ ਕਹਾਣੀ ਹੈ

ਨਵੀਂ ਦਿੱਲੀ ਵਿਚ ਐਤਵਾਰ (14 ਜੂਨ) ਨੂੰ ਜਦੋਂ ਤ੍ਰਿਣਮੂਲ ਕਾਂਗਰਸ ਦੇ 20 ਬਾਗ਼ੀ ਸੰਸਦ ਮੈਂਬਰ ਲੋਕ ਸਭਾ ਸਪੀਕਰ ਦੇ ਸਾਹਮਣੇ ਪਹੁੰਚੇ, ਓਦੋਂ ਉਹ ਸਿਰਫ਼ ਆਪਣੀਆਂ ਸੀਟਾਂ ਦੀ ਨਵੀਂ ਵਿਵਸਥਾ ਮੰਗਣ ਨਹੀਂ, ਆਪਣੇ ਨਾਲ ਪੱਛਮੀ ਬੰਗਾਲ ਦੇ ਇੱਕ ਪੂਰੇ ਰਾਜਨੀਤਿਕ ਯੁੱਗ ਦੇ ਖ਼ਾਤਮੇ ਦਾ ਦਸਤਾਵੇਜ਼ ਲੈ ਕੇ ਗਏ ਸਨ।

ਇਨ੍ਹਾਂ ਸੰਸਦ ਮੈਂਬਰਾਂ ਨੇ ਐਲਾਨ ਕੀਤਾ ਕਿ ਉਹ ਨੈਸ਼ਨਲਿਸਟ ਸਿਟੀਜ਼ਨਜ਼ ਪਾਰਟੀ ਆਫ ਇੰਡੀਆ (ਐਨਸੀਪੀਆਈ) ਵਿਚ ਰਲੇਵਾਂ ਕਰਨਗੇ ਅਤੇ ਕੌਮੀ ਜਮਹੂਰੀ ਗਠਜੋੜ (ਐਨ.ਡੀ.ਏ.) ਨੂੰ ਹਮਾਇਤ ਦੇਣਗੇ। ਐਨਸੀਪੀਆਈ ਇੱਕ ਐਸੀ ਰਜਿਸਟਰਡ ਪਰ ਗੈਰ-ਮਾਨਤਾ ਪ੍ਰਾਪਤ ਪਾਰਟੀ ਹੈ, ਜਿਸ ਦੀਆਂ ਗਤੀਵਿਧੀਆਂ ਮੁੱਖ ਤੌਰ 'ਤੇ ਤ੍ਰਿਪੁਰਾ ਵਿਚ ਰਹੀਆਂ ਹਨ ਅਤੇ ਜਿਸ ਦਾ ਰਜਿਸਟਰਡ ਪਤਾ ਹਾਵੜਾ ਦੇ ਸਾਂਕਰਾਇਲ ਵਿਚ ਦੱਸਿਆ ਜਾਂਦਾ ਹੈ। ਕੱਲ੍ਹ ਤੱਕ ਜੋ ਪਾਰਟੀ ਭਾਰਤ ਦੀ ਸੰਸਦੀ ਰਾਜਨੀਤੀ ਦੇ ਹਾਸ਼ੀਏ 'ਤੇ ਵੀ ਨਜ਼ਰ ਨਹੀਂ ਆਉਂਦੀ ਸੀ, ਅਚਾਨਕ 20 ਸੰਸਦ ਮੈਂਬਰਾਂ ਦਾ ਸੰਭਾਵੀ ਘਰ

**ਤ੍ਰਿਭੁਵਨ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਤੇ ਐਨ.ਡੀ.ਏ. ਦਾ ਦੂਜਾ ਸਭ ਤੋਂ ਵੱਡੀ ਹਿੱਸੇਦਾਰ ਬਣਨ ਲੱਗੀ। ਭਾਰਤੀ ਰਾਜਨੀਤੀ ਵਿਚ ਕਈ ਵਾਰ ਵਿਚਾਰਧਾਰਾ ਨਾਲੋਂ ਵੱਧ ਉਪਯੋਗਿਤਾ ਕਿਸੇ ਪਾਰਟੀ ਨੂੰ ਵਿਰਾਟ ਬਣਾ ਦਿੰਦੀ ਹੈ।

ਕੋਲਕਾਤਾ ਵਿਚ ਕਾਲੀਘਾਟ ਦਾ ਉਹ ਘਰ, ਜਿੱਥੇ ਸਾਲਾਂ ਤੱਕ ਉਮੀਦਵਾਰਾਂ, ਮੰਤਰੀਆਂ, ਉਦਯੋਗਪਤੀਆਂ ਅਤੇ ਅਧਿਕਾਰੀਆਂ ਦੀ ਰਾਜਨੀਤਿਕ ਕਿਸਮਤ ਲਿਖੀ ਜਾਂਦੀ ਸੀ, ਹੁਣ ਆਪਣੀ ਹੀ ਪਾਰਟੀ ਦੀ ਮੈਂਬਰ-ਸੂਚੀ ਗਿਣ ਰਿਹਾ ਸੀ। ਵਿਧਾਨ ਸਭਾ ਵਿਚ 80 ਸੀਟਾਂ ਜਿੱਤ ਕੇ ਵਿਰੋਧੀ ਧਿਰ ਵਿਚ ਪਹੁੰਚੇ ਤ੍ਰਿਣਮੂਲ ਦੇ ਬਾਗ਼ੀ ਨੇਤਾ ਰਿਤਬਰਤ ਬੈਨਰਜੀ ਨੇ ਪਹਿਲਾਂ 58 ਅਤੇ ਫਿਰ 64 ਵਿਧਾਇਕਾਂ ਦੀ ਹਮਾਇਤ ਦਾ ਦਾਅਵਾ ਕੀਤਾ। ਵਿਧਾਨ ਸਭਾ ਸਪੀਕਰ ਨੇ ਉਸ ਨੂੰ ਵਿਰੋਧੀ ਧਿਰ ਦਾ ਆਗੂ ਥਾਪਿਆ; ਮਮਤਾ ਹਮਾਇਤੀ ਤ੍ਰਿਣਮੂਲ ਇਸ ਫ਼ੈਸਲੇ ਨੂੰ ਕਲਕੱਤਾ ਹਾਈ ਕੋਰਟ ਵਿਚ ਚੁਣੌਤੀ ਦੇ ਚੁੱਕੀ ਹੈ।

ਰਾਜ ਸਭਾ ਵਿਚ ਵੀ ਤਿੰਨ ਅਸਤੀਫ਼ੇ ਹੋ ਚੁੱਕੇ ਹਨ। ਲੋਕ ਸਭਾ ਵਿਚ ਪਾਰਟੀ ਦੇ ਲਗਭਗ ਅੱਠ ਸੰਸਦ ਮੈਂਬਰ ਮਮਤਾ ਬੈਨਰਜੀ ਦੇ ਨਾਲ ਪ੍ਰਭਾਵਸ਼ਾਲੀ ਤੌਰ 'ਤੇ ਖੜ੍ਹੇ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚ ਅਭਿਸ਼ੇਕ ਬੈਨਰਜੀ, ਸੌਗਤ ਰਾਏ, ਕਲਿਆਣ ਬੈਨਰਜੀ, ਮਹੂਆ ਮੋਇਤਰਾ, ਕੀਰਤੀ ਆਜ਼ਾਦ ਅਤੇ ਸ਼ਤਰੂਘਨ ਸਿਨਹਾ ਵਰਗੇ ਨਾਮ ਹਨ; ਪਰ ਇਸ ਸੰਕਟ ਵਿਚ ਵਫ਼ਾਦਾਰੀਆਂ ਦੀ ਸੂਚੀ ਲਗਭਗ ਹਰ ਰੋਜ਼ ਬਦਲ ਰਹੀ ਹੈ। ਪਹਿਲਾਂ 19 ਸੰਸਦ ਮੈਂਬਰਾਂ ਦੇ ਦਸਖ਼ਤਾਂ ਵਾਲਾ ਪੱਤਰ ਸਾਹਮਣੇ ਆਇਆ, ਫਿਰ ਗਿਣਤੀ 20 ਹੋਈ ਅਤੇ ਬਾਗ਼ੀ ਖੇਮੇ ਨੇ ਦੋ ਹੋਰ ਸੰਸਦ ਮੈਂਬਰਾਂ ਦੇ ਆਉਣ ਦਾ ਦਾਅਵਾ ਕਰ ਦਿੱਤਾ। ਇਹ ਆਮ ਦਲ-ਬਦਲੀ ਨਹੀਂ ਹੈ। ਇਹ ਉਸ ਪਾਰਟੀ ਦਾ ਸੰਸਥਾਗਤ ਢਹਿ ਜਾਣਾ ਹੈ, ਜਿਸ ਦਾ ਸਭ ਤੋਂ ਵੱਡਾ ਰਾਜਨੀਤਿਕ ਦਾਅਵਾ ਹੀ ਇਹ ਸੀ ਕਿ ਉਹ ਕਿਸੇ ਸੰਸਥਾ ਦੀ ਨਹੀਂ, ਸਗੋਂ ਲੋਕਾਂ ਦੀ ਪਾਰਟੀ ਹੈ।

### ਦੋ ਹਾਰਾਂ: ਇੱਕ ਚੋਣ ਵਿਚ, ਦੂਜੀ ਪਾਰਟੀ ਦੇ ਅੰਦਰ

ਮਮਤਾ ਬੈਨਰਜੀ ਦੀ ਪਹਿਲੀ ਹਾਰ ਵੋਟਾਂ ਦੀ ਗਿਣਤੀ ਵਾਲੇ ਦਿਨ ਹੋਈ। ਭਾਜਪਾ ਨੇ ਪੱਛਮੀ ਬੰਗਾਲ ਦੀਆਂ 294 ਵਿਚੋਂ 207 ਸੀਟਾਂ ਜਿੱਤੀਆਂ ਅਤੇ ਤ੍ਰਿਣਮੂਲ 80 'ਤੇ ਸਿਮਟ ਗਈ। ਹਾਰ ਵੱਡੀ ਸੀ; ਪਰ ਵੋਟਾਂ ਦਾ ਫ਼ਰਕ ਇੰਨਾ ਤਬਾਹਕੁਨ ਨਹੀਂ ਸੀ। ਭਾਜਪਾ ਨੂੰ 45.84 ਪ੍ਰਤੀਸ਼ਤ ਅਤੇ ਤ੍ਰਿਣਮੂਲ ਨੂੰ 40.80 ਪ੍ਰਤੀਸ਼ਤ ਵੋਟ ਮਿਲੇ। ਤ੍ਰਿਣਮੂਲ ਦੇ ਹੱਕ ਵਿਚ ਦੋ ਕਰੋੜ ਸੱਠ ਲੱਖ ਤੋਂ ਵੱਧ ਲੋਕਾਂ ਨੇ ਵੋਟ ਪਾਈ। ਅਰਥਾਤ ਬੰਗਾਲ ਨੇ ਮਮਤਾ ਬੈਨਰਜੀ ਨੂੰ ਤਿਆਗਿਆ ਨਹੀਂ ਸੀ; ਉਸ ਨੇ ਉਨ੍ਹਾਂ ਦੇ ਸ਼ਾਸਨ ਨੂੰ ਨਮਨਜ਼ੂਰ ਕੀਤਾ ਸੀ।

ਪਰ ਦੂਜੀ ਹਾਰ ਹੋਰ ਵੀ ਡਰਾਉਣੀ ਹੈ। ਚੋਣ ਹਾਰਨ ਤੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਪਾਰਟੀ ਦਾ ਵੱਡਾ ਹਿੱਸਾ ਵਿਧਾਇਕ ਦਲ ਅਤੇ ਲਗਭਗ ਦੋ-ਤਿਹਾਈ ਸੰਸਦੀ ਦਲ ਲੀਡਰਸ਼ਿਪ ਦੇ ਵਿਰੁੱਧ ਖੜ੍ਹਾ ਹੋ ਗਿਆ।

ਜਿਸ ਪਾਰਟੀ ਦਾ ਅਰਥ ਸੀ 'ਜੜ', ਉਹ ਉੱਪਰ ਦੀਆਂ ਸ਼ਾਖਾਂ ਵਿਚ ਵੱਸ ਗਈ

ਤ੍ਰਿਣਮੂਲ ਕਾਂਗਰਸ ਦਾ ਨਾਮ ਕਿਸੇ ਰਾਜਨੀਤਿਕ ਸਲਾਹਕਾਰ ਦੀ ਖੋਜ ਨਹੀਂ ਸੀ। 'ਤ੍ਰਿਣਮੂਲ' ਦਾ ਅਰਥ ਹੀ ਸੀ—ਘਾਹ ਦੀ ਜੜ,

***ਤ੍ਰਿਭੁਵਨ ਸੀਨੀਅਰ ਪੱਤਰਕਾਰ ਹਨ। ਹਾਲੀਆ ਬੰਗਾਲ ਵਿਧਾਨ-ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਹਾਰ ਬਾਰੇ ਉਨ੍ਹਾਂ ਨੇ ਬਹੁਤ ਹੀ ਹਕੀਕੀ ਵਿਸ਼ਲੇਸ਼ਣ ਕੀਤਾ ਹੈ। ਇਸ ਰੌਚਕ ਵਿਸ਼ਲੇਸ਼ਣ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ***

ਸਮਾਜ ਦਾ ਸਭ ਤੋਂ ਹੇਠਲਾ ਹਿੱਸਾ, ਉਹ ਮਨੁੱਖ ਜਿਸ ਨੂੰ ਸੱਤਾ ਦੀਆਂ ਉੱਚੀਆਂ ਇਮਾਰਤਾਂ ਵਿਚ ਦਾਖ਼ਲਾ ਨਹੀਂ ਮਿਲਦਾ।

ਮਮਤਾ ਬੈਨਰਜੀ ਦੀ ਰਾਜਨੀਤੀ ਉੱਥੇ ਤੋਂ ਹੀ ਨਿਕਲੀ ਸੀ।

21 ਜੁਲਾਈ 1993 ਨੂੰ ਉਸ ਦੀ ਅਗਵਾਈ ਹੇਠ ਯੂਥ ਕਾਂਗਰਸ ਦੇ ਕਾਰਕੁਨ ਫੋਟੋ-ਯੁਕਤ ਵੋਟਰ ਪਛਾਣ-ਪੱਤਰ ਦੀ ਮੰਗ ਕਰਦੇ ਹੋਏ ਰਾਈਟਰਜ਼ ਬਿਲਡਿੰਗ ਵੱਲ ਵਧੇ। ਪੁਲਿਸ ਗੋਲੀਬਾਰੀ ਵਿਚ 13 ਲੋਕ ਮਾਰੇ ਗਏ। ਉਹ ਘਟਨਾ ਸਿਰਫ਼ ਮਮਤਾ ਦੇ ਰਾਜਨੀਤਿਕ ਜੀਵਨ ਦਾ ਖ਼ੂਨ-ਰੰਗਿਆ ਅਧਿਆਇ ਨਹੀਂ ਬਣੀ; ਉਸ ਨੇ ਉਨ੍ਹਾਂ ਦੇ ਆਲੇ-ਦੁਆਲੇ ਸੰਘਰਸ਼, ਸਾਹਸ ਅਤੇ ਰਾਜ-ਸੱਤਾ ਦੇ ਵਿਰੋਧ ਦੀ ਸਥਾਈ ਕਹਾਣੀ ਵੀ ਰਚ ਦਿੱਤੀ।

1998 ਵਿਚ ਕਾਂਗਰਸ ਤੋਂ ਵੱਖ ਹੋ ਕੇ ਬਣਾਈ ਗਈ ਤ੍ਰਿਣਮੂਲ ਕੋਲ ਨਾ ਤਾਂ ਖੱਬੇ ਮੋਰਚੇ ਵਰਗਾ ਕੈਡਰ ਸੀ, ਨਾ ਭਾਜਪਾ ਵਰਗਾ ਰਾਸ਼ਟਰੀ ਢਾਂਚਾ ਅਤੇ ਨਾ ਹੀ ਕਾਂਗਰਸ ਵਰਗੀ ਇਤਿਹਾਸਕ ਵਿਰਾਸਤ। ਉਸ ਕੋਲ ਇੱਕ ਪਤਲੀ-ਦੁਬਲੀ ਔਰਤ ਸੀ, ਚਿੱਟੀ ਸੂਤੀ ਸਾੜੀ ਸੀ, ਰਬੜ ਦੀਆਂ ਚੱਪਲਾਂ ਸਨ, ਵਾਰ-ਵਾਰ ਫੱਟੜ ਹੋਇਆ ਸਰੀਰ ਸੀ ਅਤੇ ਸੱਤਾ ਦੇ ਸਾਹਮਣੇ ਅਸਾਧਾਰਨ ਨਿਡਰਤਾ ਸੀ।

2004 ਦੀ ਲੋਕ ਸਭਾ ਚੋਣ ਵਿਚ ਤ੍ਰਿਣਮੂਲ ਏਨੀ ਸਿਮਟ ਗਈ ਸੀ ਕਿ ਮਮਤਾ ਬੈਨਰਜੀ ਉਸ ਦੀ ਇਕੱਲੀ ਚੁਣੀ ਹੋਈ ਸੰਸਦ ਮੈਂਬਰ ਬਚੀ ਸੀ। ਦੋ ਸਾਲ ਬਾਅਦ ਵਿਧਾਨ ਸਭਾ ਚੋਣ ਵਿਚ ਵੀ ਪਾਰਟੀ ਬੁਰੀ ਤਰ੍ਹਾਂ ਹਾਰੀ। ਪਰ ਮਮਤਾ ਨੇ ਪਾਰਟੀ ਨਹੀਂ ਛੱਡੀ, ਕਿਸੇ ਸਹੂਲਤਮਈ ਸੰਗਠਨ ਵਿਚ ਇਸ ਦਾ ਰਲੇਵਾਂ ਨਹੀਂ ਕੀਤਾ ਅਤੇ ਨਾ ਹੀ ਹਾਰ ਤੋਂ ਬਚਣ ਲਈ ਕੋਈ ਸੰਸਦੀ ਰਸਤਾ ਲੱਭਿਆ।

### ਉਹ ਮੁੜ ਸੜਕ 'ਤੇ ਆ ਗਈ।

ਸਿੰਗੂਰ ਅਤੇ ਨੰਦੀਗ੍ਰਾਮ ਨੇ ਉਸ ਨੂੰ ਨਵੀਂ ਜ਼ਿੰਦਗੀ ਦਿੱਤੀ। ਉੱਥੇ ਉਨ੍ਹਾਂ ਨੇ ਸਿਰਫ਼ ਉਦਯੋਗੀਕਰਨ ਦਾ ਵਿਰੋਧ ਨਹੀਂ ਕੀਤਾ; ਉਨ੍ਹਾਂ ਨੇ ਜਬਰਦਸਤੀ ਵਿਕਾਸ ਦੇ ਵਿਰੁੱਧ ਸਹਿਮਤੀ, ਜ਼ਮੀਨੀ ਅਧਿਕਾਰ ਅਤੇ ਨਾਗਰਿਕ ਸਨਮਾਨ ਦਾ ਸਵਾਲ ਖੜ੍ਹਾ ਕੀਤਾ। 'ਮਾਂ, ਮਾਟੀ, ਮਾਨੁਸ਼' ਇਸ ਲਈ ਕਾਮਯਾਬ ਹੋਇਆ ਕਿਉਂਕਿ ਉਹ ਕੋਈ ਇਸ਼ਤਿਹਾਰ ਨਹੀਂ ਸੀ, ਸਗੋਂ ਇੱਕ ਸਮਾਜਿਕ ਗੱਠਜੋੜ ਸੀ—ਔਰਤ, ਕਿਸਾਨ ਅਤੇ ਆਮ ਨਾਗਰਿਕ ਦਾ ਗੱਠਜੋੜ। 2011 ਵਿਚ ਇਸੇ ਰਾਜਨੀਤੀ ਨੇ 34 ਸਾਲ ਪੁਰਾਣੇ ਖੱਬੇਪੱਖੀ ਰਾਜ ਨੂੰ ਉਖਾੜ ਸੁੱਟਿਆ।

ਅੱਜ ਦੀ ਵਿਡੰਬਨਾ ਇਹ ਹੈ ਕਿ ਜਿਸ ਪਾਰਟੀ ਨੂੰ ਮਮਤਾ ਨੇ ਇੱਕ ਸੰਸਦ ਮੈਂਬਰ ਤੋਂ ਮੁੜ ਜ਼ਿੰਦਾ ਕੀਤਾ ਸੀ, ਉਸੇ ਪਾਰਟੀ ਦੇ 20 ਸੰਸਦ ਮੈਂਬਰ ਗਿਣਤੀ ਦੀ ਸੁਰੱਖਿਆ ਲਈ ਲਗਭਗ ਅਗਿਆਤ ਪਾਰਟੀ ਵਿਚ ਸ਼ਰਨ ਲੱਭ ਰਹੇ ਹਨ।

### ਖੱਬੇਪੱਖ ਦੀ ਬਿਮਾਰੀ ਤ੍ਰਿਣਮੂਲ ਨੂੰ ਕਿਵੇਂ ਲੱਗੀ

ਪੱਛਮੀ ਬੰਗਾਲ ਵਿਚ ਲੰਮਾ ਰਾਜ ਕਰਨ ਦਾ ਇੱਕ ਖਾਸ ਵਿਗਾੜ ਰਿਹਾ ਹੈ। ਇੱਥੇ ਸੱਤਾਧਾਰੀ ਪਾਰਟੀ ਹੌਲੀ-ਹੌਲੀ ਸਰਕਾਰ ਦੇ ਉੱਪਰ ਨਹੀਂ ਰਹਿੰਦੀ; ਉਹ ਸਮਾਜ ਦੇ ਅੰਦਰ ਉਤਰ ਕੇ ਰਾਜ ਦੀ ਥਾਂ ਲੈਣ ਲੱਗਦੀ ਹੈ।

ਖੱਬੇ ਮੋਰਚੇ ਦੀਆਂ ਇਤਿਹਾਸਕ ਪ੍ਰਾਪਤੀਆਂ ਅਸਲੀ ਸਨ—ਓਪਰੇਸ਼ਨ ਬਰਗਾ, ਜ਼ਮੀਨੀਂ ਸੁਧਾਰ, ਪੰਚਾਇਤਾਂ ਦਾ ਸਸ਼ਕਤੀਕਰਨ ਅਤੇ ਪਿੰਡਾਂ ਦੇ ਗਰੀਬਾਂ ਨੂੰ ਰਾਜਨੀਤਿਕ ਆਵਾਜ਼। ਪਰ ਸਮੇਂ ਦੇ ਨਾਲ ਉਸ ਦਾ ਸਥਾਨਕ ਕਾਡਰ ਨਾਗਰਿਕ ਅਤੇ ਸਰਕਾਰ ਦੇ ਵਿਚਕਾਰ ਲਾਜ਼ਮੀ ਦਰਬਾਨ ਬਣ ਗਿਆ। ਨੌਕਰੀ, ਰਾਸ਼ਨ, ਪੱਟਾ, ਪੁਲਿਸ, ਪੰਚਾਇਤ ਅਤੇ ਠੇਕਾ—ਹਰ ਰਸਤਾ ਪਾਰਟੀ ਦੇ ਸਥਾਨਕ ਦਫ਼ਤਰ ਵਿਚੋਂ ਦੀ ਹੋ ਕੇ ਲੰਘਣ ਲੱਗਾ।

ਮਮਤਾ ਬੈਨਰਜੀ ਇਸੇ 'ਪਾਰਟੀ-ਸੋਸਾਇਟੀ' ਦੇ ਵਿਰੁੱਧ ਉੱਠੀ ਸੀ। ਪਰ ਸੱਤਾ ਵਿਚ ਆਉਣ ਤੋਂ ਬਾਅਦ ਤ੍ਰਿਣਮੂਲ ਨੇ ਉਸ ਵਿਵਸਥਾ ਨੂੰ ਖਤਮ ਕਰਨ ਦੀ ਬਜਾਏ ਉਸ ਦਾ ਹੋਰ ਲਚਕੀਲਾ, ਹੋਰ ਨਿੱਜੀ ਅਤੇ ਕਈ ਥਾਵਾਂ 'ਤੇ ਵਧੇਰੇ ਕਾਰੋਬਾਰੀ ਰੂਪ ਵਿਕਸਿਤ ਕਰ ਲਿਆ। ਉੱਪਰ ਮਮਤਾ ਦਾ ਕਰਿਸ਼ਮਾ ਸੀ; ਹੇਠਾਂ ਸਥਾਨਕ ਫ੍ਰੈਂਚਾਈਜ਼ੀ।

ਕਿਸੇ ਕੋਲ ਕਲੱਬ ਸੀ, ਕਿਸੇ ਕੋਲ ਠੇਕੇ, ਕਿਸੇ ਕੋਲ ਰੇਤ ਅਤੇ ਉਸਾਰੀ ਦਾ ਕਾਰੋਬਾਰ, ਕਿਸੇ ਕੋਲ ਸਰਕਾਰੀ ਲਾਭਪਾਤਰੀਆਂ ਦੀ ਸੂਚੀ ਅਤੇ ਕਿਸੇ ਕੋਲ ਥਾਣੇ ਅਤੇ ਬਲਾਕ ਦਫ਼ਤਰ ਤੱਕ ਪਹੁੰਚ।



ਤ੍ਰਿਣਮੂਲ ਕਾਰਕੁਨ ਹੌਲੀ-ਹੌਲੀ ਨਾਗਰਿਕ ਅਤੇ ਸਰਕਾਰ ਵਿਚਕਾਰ ਸਹਿਯੋਗੀ ਨਹੀਂ, ਸਗੋਂ ਇਜਾਜ਼ਤ ਦੇਣ ਵਾਲਾ ਗੱਭਲਾ ਬਣਨਾ ਸ਼ੁਰੂ ਹੋ ਗਿਆ।

'ਦੁਆਰੇ ਸਰਕਾਰ' ਪ੍ਰਸ਼ਾਸਨ ਨੂੰ ਲੋਕਾਂ ਦੇ ਦਰਵਾਜ਼ੇ ਤੱਕ ਲੈ ਗਈ; ਪਰ ਕਈ ਇਲਾਕਿਆਂ ਵਿਚ ਪਾਰਟੀ ਨੇ ਲੋਕਾਂ ਨੂੰ ਇਹ ਅਹਿਸਾਸ ਵੀ ਕਰਵਾਇਆ ਕਿ ਉਸ ਦਰਵਾਜ਼ੇ ਦੀ ਚਾਬੀ ਸਥਾਨਕ ਆਗੂ ਦੇ ਹੱਥ ਵਿਚ ਹੈ।

ਮਮਤਾ ਦੀ ਨਿੱਜੀ ਸਾਦਗੀ ਕਾਇਮ ਰਹੀ, ਪਰ ਪਾਰਟੀ ਦੀ ਰਾਜਨੀਤਿਕ ਅਰਥਵਿਵਸਥਾ ਉਸ ਤੋਂ ਵੱਖ ਹੁੰਦੀ ਚਲੀ ਗਈ। ਭਾਰਤ ਵਿਚ ਇਹ ਮੰਨ ਲੈਣਾ ਗੰਭੀਰ ਭੁੱਲ ਹੈ ਕਿ ਸਿਖ਼ਰਲੇ ਆਗੂ ਦਾ ਨਿੱਜੀ ਤੌਰ 'ਤੇ ਇਮਾਨਦਾਰ ਹੋਣਾ ਪੂਰੀ ਜਥੇਬੰਦੀ ਨੂੰ ਇਮਾਨਦਾਰ ਬਣਾ ਦਿੰਦਾ ਹੈ। ਸੱਤਾ ਦਾ ਭ੍ਰਿਸ਼ਟਾਚਾਰ ਹਮੇਸ਼ਾ ਆਗੂ ਦੀ ਅਲਮਾਰੀ ਵਿਚ ਰੱਖੇ ਨਕਦ ਦੇ ਰੂਪ ਵਿਚ ਨਹੀਂ ਆਉਂਦਾ; ਉਹ ਉਸ ਦੇ ਨਾਮ 'ਤੇ ਚੱਲ ਰਹੀਆਂ ਗੈਰ-ਰਸਮੀ ਮਨਜ਼ੂਰੀਆਂ, ਸੁਰੱਖਿਆ ਅਤੇ ਡਰ ਦੇ ਰੂਪ ਵਿਚ ਵੀ ਮੌਜੂਦ ਹੁੰਦਾ ਹੈ।

### ਲੋਕ-ਭਲਾਈ ਤੋਂ ਆਕਾਂਖਿਆ ਤੱਕ ਦਾ ਅਧੂਰਾ ਸਫ਼ਰ

ਕਨਿਆਸ਼੍ਰੀ, ਰੂਪਸ਼੍ਰੀ, ਸਵਾਸਥਿਆ ਸਾਥੀ ਅਤੇ ਲਕਸ਼ਮੀ ਭੰਡਾਰ ਵਰਗੀਆਂ ਯੋਜਨਾਵਾਂ ਨੇ ਬੰਗਾਲ ਦੀਆਂ ਲੱਖਾਂ ਔਰਤਾਂ ਦੇ ਜੀਵਨ ਵਿਚ ਅਸਲ ਸਹਾਇਤਾ ਪਹੁੰਚਾਈ। ਇਨ੍ਹਾਂ ਯੋਜਨਾਵਾਂ ਨੂੰ ਸਿਰਫ਼ 'ਰੇਵੜੀ' ਕਹਿਣਾ ਉਸ ਘਰੇਲੂ ਅਰਥਵਿਵਸਥਾ ਦਾ ਅਪਮਾਨ ਹੋਵੇਗਾ, ਜਿਸ ਵਿਚ ਕੁਝ ਹਜ਼ਾਰ ਰੁਪਏ ਵੀ ਇੱਕ ਔਰਤ ਨੂੰ ਫ਼ੈਸਲਾ ਕਰਨ ਦੀ ਨਿੱਕੀ ਜਿਹੀ ਆਜ਼ਾਦੀ ਦਿੰਦੇ ਹਨ।

ਪਰ ਲੋਕ-ਭਲਾਈ ਦੀ ਰਾਜਨੀਤੀ ਦਾ ਇੱਕ ਸੁਭਾਵਿਕ ਵਿਕਾਸਕ੍ਰਮ ਹੁੰਦਾ ਹੈ। ਜੋ ਸਹਾਇਤਾ ਪਹਿਲਾਂ ਤੋਹਫ਼ਾ ਲੱਗਦੀ ਹੈ, ਉਹ ਕੁਝ ਸਾਲਾਂ ਵਿਚ ਨਾਗਰਿਕ ਅਧਿਕਾਰ ਬਣ ਜਾਂਦੀ ਹੈ। ਇਸ ਤੋਂ ਬਾਅਦ ਵੋਟਰ ਨਵੀਂ ਮੰਗ ਕਰਦਾ ਹੈ।

2026 ਵਿਚ ਔਰਤਾਂ ਨੇ ਮਰਦਾਂ ਨਾਲੋਂ ਵੱਧ ਵੋਟ ਪਾਈ, ਫਿਰ ਵੀ ਤ੍ਰਿਣਮੂਲ ਆਪਣਾ ਪੁਰਾਣਾ ਔਰਤਾਂ ਦਾ ਵਾਧਾ ਨਹੀਂ ਬਚਾ ਸਕੀ। ਇਸ ਦਾ ਅਰਥ ਇਹ ਨਹੀਂ ਕਿ ਔਰਤਾਂ ਨੇ ਲਕਸ਼ਮੀ ਭੰਡਾਰ ਨੂੰ ਅਸਵੀਕਾਰ ਕਰ ਦਿੱਤਾ। ਇਸ ਦਾ ਅਰਥ ਇਹ ਹੈ ਕਿ ਉਹ ਨਕਦ ਸਹਾਇਤਾ ਦੇ ਨਾਲ ਰੁਜ਼ਗਾਰ, ਸੁਰੱਖਿਆ, ਬਿਹਤਰ ਸਕੂਲ, ਹਸਪਤਾਲ, ਜਨਤਕ ਆਵਾਜਾਈ ਅਤੇ ਆਪਣੇ ਬੱਚਿਆਂ ਲਈ ਸਮਾਜਿਕ ਤਰੱਕੀ ਵੀ ਚਾਹੁੰਦੀਆਂ ਸਨ।

ਭਾਜਪਾ ਨੇ ਮਮਤਾ ਦੀਆਂ ਯੋਜਨਾਵਾਂ ਬੰਦ ਕਰਨ ਦਾ ਵਾਅਦਾ ਨਹੀਂ ਕੀਤਾ। ਉਸ ਨੇ ਉਨ੍ਹਾਂ ਹੀ ਯੋਜਨਾਵਾਂ ਵਿਚ ਹੋਰ ਪੈਸਾ ਦੇਣ, ਕਾਨੂੰਨ-ਵਿਵਸਥਾ ਸੁਧਾਰਨ ਅਤੇ ਰੁਜ਼ਗਾਰ ਲਿਆਉਣ ਦਾ ਦਾਅਵਾ ਕੀਤਾ। ਇਸ ਤਰ੍ਹਾਂ ਉਸ ਨੇ ਤ੍ਰਿਣਮੂਲ ਦੇ ਸਭ ਤੋਂ ਪ੍ਰਭਾਵਸ਼ਾਲੀ ਰਾਜਨੀਤਿਕ ਹਥਿਆਰ ਨੂੰ ਵਿਚਾਰਧਾਰਕ ਸੰਘਰਸ਼ ਤੋਂ ਕੱਢ ਕੇ ਮੁਕਾਬਲੇ ਦੀ ਬੋਲੀ ਵਿਚ ਬਦਲ ਦਿੱਤਾ। ਜਦੋਂ ਦੋਵੇਂ ਪਾਰਟੀਆਂ ਪੈਸੇ ਦਾ ਵਾਅਦਾ ਕਰ ਰਹੀਆਂ ਹੋਣ, ਤਾਂ ਵੋਟਰ ਸ਼ਾਸਨ, ਪਛਾਣ ਅਤੇ ਭਵਿੱਖ ਨੂੰ ਦੇਖ ਕੇ ਵੋਟ ਪਾਉਂਦਾ ਹੈ। ਇੱਥੇ ਹੀ ਤ੍ਰਿਣਮੂਲ ਪਿੱਛੇ ਰਹਿ ਗਈ।

### ਕਾਨੂੰਨ ਗਿਣਤੀ ਨੂੰ ਸੁਰੱਖਿਆ ਦਿੰਦਾ ਹੈ, ਵਿਰਾਸਤ ਨੂੰ ਨਹੀਂ

ਬਾਗ਼ੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਯੁੱਧਨੀਤੀ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ 'ਵਿਲੀਨ' ਪ੍ਰਬੰਧ 'ਤੇ ਆਧਾਰਿਤ ਦਿਖਾਈ ਦਿੰਦੀ ਹੈ। ਕਿਸੇ ਵਿਧਾਨਮੰਡਲੀ ਦਲ ਦੇ ਘੱਟੋ-ਘੱਟ ਦੋ-ਤਿਹਾਈ ਮੈਂਬਰ ਜੇ ਕਿਸੇ ਹੋਰ ਰਾਜਨੀਤਿਕ ਦਲ ਵਿਚ ਰਲ਼ ਜਾਣ 'ਤੇ ਸਹਿਮਤ ਹੋਣ ਤਾਂ ਉਹ ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਤੋਂ ਬਚਣ ਦਾ ਦਾਅਵਾ ਕਰ ਸਕਦੇ ਹਨ।

ਲੋਕ ਸਭਾ ਵਿਚ 20 ਅਤੇ ਵਿਧਾਨ ਸਭਾ ਵਿਚ ਕਥਿਤ 64 ਮੈਂਬਰ ਇਸ ਗਿਣਤੀ ਨੂੰ ਪਾਰ ਕਰਦੇ ਹਨ। ਪਰ ਇੱਥੇ ਇੱਕ ਮਹੱਤਵਪੂਰਨ ਕਾਨੂੰਨੀ ਫ਼ਰਕ ਹੈ, ਜਿਸ ਨੂੰ ਰਾਜਨੀਤਿਕ ਐਲਾਨ ਜਾਣ-ਬੁੱਝ ਕੇ ਧੁੰਦਲਾ ਕਰਦੇ ਹਨ। ਦੋ-ਤਿਹਾਈ ਸੰਸਦ ਮੈਂਬਰ ਜਾਂ ਵਿਧਾਇਕ ਹੋ ਜਾਣ ਨਾਲ ਕੋਈ ਸਮੂਹ ਆਪਣੇ-ਆਪ 'ਅਸਲੀ ਤ੍ਰਿਣਮੂਲ' ਨਹੀਂ ਬਣ ਜਾਂਦਾ। ਦਲ-ਬਦਲੀ ਤੋਂ ਸੁਰੱਖਿਆ, ਵਿਧਾਨਮੰਡਲੀ ਦਲ ਦੀ ਮਾਨਤਾ ਅਤੇ ਪਾਰਟੀ ਦੇ ਨਾਮ-ਨਿਸ਼ਾਨ ਦਾ ਮਾਲਕੀ ਹੱਕ—ਇਹ ਤਿੰਨ ਵੱਖਰੇ ਸਵਾਲ ਹਨ।

ਅਯੋਗਤਾ ਬਾਰੇ ਮੁੱਢਲਾ ਫ਼ੈਸਲਾ ਸਦਨ ਦਾ ਸਪੀਕਰ ਕਰਦਾ ਹੈ। ਪਾਰਟੀ ਦੇ ਨਾਮ ਅਤੇ ਫੁੱਲ-ਘਾਹ ਵਾਲੇ ਚੋਣ ਨਿਸ਼ਾਨ 'ਤੇ ਵਿਵਾਦ ਹੋਵੇ ਤਾਂ ਅੰਤਿਮ ਅਧਿਕਾਰ ਚੋਣ ਕਮਿਸ਼ਨ ਕੋਲ ਹੁੰਦਾ ਹੈ। ਕਮਿਸ਼ਨ ਸਿਰਫ਼ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਗਿਣਤੀ ਨਹੀਂ ਵੇਖਦਾ; ਪਾਰਟੀ ਦਾ ਸੰਵਿਧਾਨ, ਜਥੇਬੰਦਕ ਇਕਾਈਆਂ, ਅਹੁਦੇਦਾਰਾਂ ਦੀ ਹਮਾਇਤ ਅਤੇ ਦਸਤਾਵੇਜ਼ੀ ਕੰਟਰੋਲ ਵੀ ਮਹੱਤਵਪੂਰਨ ਹੁੰਦੇ ਹਨ।

ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਸ਼ਿਵਸੈਨਾ ਵਿਵਾਦ ਵਿਚ ਸਪਸ਼ਟ ਕੀਤਾ ਸੀ ਕਿ 'ਰਾਜਨੀਤਿਕ ਪਾਰਟੀ' ਅਤੇ 'ਵਿਧਾਨਮੰਡਲੀ ਦਲ' ਇੱਕੋ ਚੀਜ਼ ਨਹੀਂ ਹਨ। ਵਿਧਾਇਕ ਦਲ ਦੀ ਸੰਖਿਆਤਮਕ ਤਾਕਤ ਰਾਜਨੀਤਿਕ ਪਾਰਟੀ ਨੂੰ ਨਿਗਲ ਨਹੀਂ ਸਕਦੀ।

ਇਸ ਲਈ ਐਨ.ਸੀ.ਪੀ.ਆਈ. ਦਾ ਰਸਤਾ ਬਾਗ਼ੀਆਂ ਨੂੰ ਅਯੋਗਤਾ ਤੋਂ ਬਚਾਉਣ ਵਾਲੀ ਕਾਨੂੰਨੀ ਕਿਸ਼ਤੀ ਹੋ ਸਕਦਾ ਹੈ, ਪਰ ਇਹ ਉਨ੍ਹਾਂ ਨੂੰ ਮਮਤਾ ਬੈਨਰਜੀ ਦੁਆਰਾ ਬਣਾਈ ਪਾਰਟੀ ਦਾ ਇਤਿਹਾਸ, ਨਾਮ ਅਤੇ ਚੋਣ ਨਿਸ਼ਾਨ ਨਹੀਂ ਸੌਂਪ ਸਕਦਾ।

ਮਮਤਾ ਬੈਨਰਜੀ ਦੀ ਕਾਨੂੰਨੀ ਲੜਾਈ ਇੱਥੋਂ ਹੀ ਸ਼ੁਰੂ ਹੋਵੇਗੀ। ਉਨ੍ਹਾਂ ਨੂੰ ਲੋਕ ਸਭਾ ਦੇ ਸਪੀਕਰ ਸਾਹਮਣੇ ਰਲੇਵੇਂ ਦੀ ਵਾਜਬੀਅਤ ਨੂੰ ਚੁਣੌਤੀ ਦੇਣੀ ਪਵੇਗੀ, ਵਿਧਾਨ ਸਭਾ ਸਪੀਕਰ ਦੇ ਫ਼ੈਸਲੇ ਦੇ ਵਿਰੁੱਧ ਹਾਈ ਕੋਰਟ ਵਿਚ ਦਸਤਾਵੇਜ਼ੀ ਆਧਾਰ ਪੇਸ਼ ਕਰਨਾ ਪਵੇਗਾ ਅਤੇ ਕਿਸੇ ਸੰਭਾਵਿਤ ਚੋਣ-ਨਿਸ਼ਾਨ ਵਿਵਾਦ ਲਈ ਚੋਣ ਕਮਿਸ਼ਨ ਅੱਗੇ ਸੰਗਠਨਾਤਮਕ ਬਹੁਮਤ ਸਾਬਤ ਕਰਨਾ ਪਵੇਗਾ।

### ਅਭਿਸ਼ੇਕ ਦਾ ਸਵਾਲ — ਵਿਅਕਤੀ ਦਾ ਨਹੀਂ, ਵਿਵਸਥਾ ਦਾ

ਤ੍ਰਿਣਮੂਲ ਦੇ ਸੰਕਟ ਨੂੰ ਸਿਰਫ਼ ਮਮਤਾ ਬਨਾਮ ਅਭਿਸ਼ੇਕ ਦੀ ਕਹਾਣੀ ਬਣਾ ਦੇਣਾ ਵੀ ਸਤੱਹੀ ਵਿਸ਼ਲੇਸ਼ਣ ਹੋਵੇਗਾ। ਅਭਿਸ਼ੇਕ ਬੈਨਰਜੀ ਨੇ ਸੰਗਠਨ ਨੂੰ ਡਾਟਾ, ਬੂਥ ਪ੍ਰਬੰਧਨ, ਪੇਸ਼ੇਵਰ ਪ੍ਰਚਾਰ ਅਤੇ ਚੋਣ ਅਨੁਸ਼ਾਸਨ ਦਿੱਤਾ। ਪਰ ਪਾਰਟੀ ਵਿਚ ਇਹ ਧਾਰਨਾ ਮਜ਼ਬੂਤ ਹੋਈ ਕਿ ਪੁਰਾਣੇ ਆਗੂਆਂ, ਜ਼ਿਲ੍ਹਾ ਇਕਾਈਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਤੱਕ ਪਹੁੰਚ ਸੀਮਿਤ ਤਾਕਤ-ਚੱਕਰ ਵੱਲੋਂ ਕੰਟਰੋਲ ਕੀਤੀ ਜਾਂਦੀ ਹੈ।

ਸਮੱਸਿਆ ਇਹ ਨਹੀਂ ਕਿ ਮਮਤਾ ਨੇ ਅਭਿਸ਼ੇਕ 'ਤੇ ਭਰੋਸਾ ਕੀਤਾ। ਸਮੱਸਿਆ ਇਹ ਹੈ ਕਿ ਪਾਰਟੀ ਨੇ ਐਸਾ ਕੋਈ ਭਰੋਸੇਯੋਗ ਸੰਸਥਾਗਤ ਢਾਂਚਾ ਨਹੀਂ ਬਣਾਇਆ, ਜਿਸ ਵਿਚ ਉੱਤਰਾਧਿਕਾਰ, ਅਸਹਿਮਤੀ ਅਤੇ ਅਗਵਾਈ ਦਾ ਵਿਕਾਸ ਪਾਰਦਰਸ਼ੀ ਢੰਗ ਨਾਲ ਹੋ ਸਕੇ।

ਹੁਣ ਸਿਰਫ਼ ਅਹੁਦੇ ਬਦਲਣਾ ਕਾਫ਼ੀ ਨਹੀਂ ਹੋਵੇਗਾ। ਚੰਦਰਿਮਾ ਭੱਟਾਚਾਰੀਆ ਨੂੰ ਪ੍ਰਦੇਸ਼ ਪ੍ਰਧਾਨ ਬਣਾਉਣਾ, ਡੇਰਿਕ ਓ'ਬ੍ਰਾਇਨ ਅਤੇ ਡੋਲਾ ਸੇਨ ਨੂੰ ਨਵੀਆਂ ਜ਼ਿੰਮੇਵਾਰੀਆਂ ਦੇਣਾ, ਸੌਗਤ ਰਾਏ ਨੂੰ ਸੰਸਦੀ ਸਲਾਹਕਾਰ ਬਣਾਉਣਾ ਜਾਂ ਨੌਜਵਾਨ ਅਤੇ ਔਰਤ ਜਥੇਬੰਦੀਆਂ ਦੇ ਚਿਹਰੇ ਬਦਲਣਾ ਲਾਭਦਾਇਕ ਹੋ ਸਕਦਾ ਹੈ; ਪਰ ਜੇ ਨਵੇਂ ਨਾਮ ਪੁਰਾਣੇ ਢਾਂਚੇ ਵਿਚ ਹੀ ਰੱਖੇ ਜਾਣ, ਤਾਂ ਬਦਲਾਅ ਸਿਰਫ਼ ਨਾਂ ਵਾਲੀ ਪਲੇਟ 'ਤੇ ਹੀ ਹੁੰਦਾ ਹੈ।

ਮਮਤਾ ਨੂੰ ਇੱਕ ਸਾਂਝੀ ਰਾਜਨੀਤਿਕ ਕੌਂਸਲ ਬਣਾਉਣੀ ਪਵੇਗੀ, ਜਿਸ ਵਿਚ ਪੁਰਾਣੇ ਆਗੂ, ਔਰਤਾਂ, ਨੌਜਵਾਨ, ਮਜ਼ਦੂਰ ਸੰਗਠਨ, ਘੱਟਗਿਣਤੀ ਨੁਮਾਇੰਦੇ, ਉੱਤਰੀ ਬੰਗਾਲ, ਜੰਗਲਮਹਲ ਅਤੇ ਸ਼ਹਿਰੀ ਬੰਗਾਲ ਦੀਆਂ ਸੁਤੰਤਰ ਆਵਾਜ਼ਾਂ ਹੋਣ।

ਇਹ ਅਭਿਸ਼ੇਕ ਨੂੰ ਅਪਮਾਨਿਤ ਕਰਨ ਦਾ ਪ੍ਰੋਗਰਾਮ ਨਹੀਂ ਹੋਵੇਗਾ। ਇਹ ਤ੍ਰਿਣਮੂਲ ਨੂੰ ਪਰਿਵਾਰ ਤੋਂ ਸੰਸਥਾ ਬਣਾਉਣ ਦਾ ਪ੍ਰੋਗਰਾਮ ਹੋਵੇਗਾ।

### ਵਾਪਸੀ ਲਈ ਮਾਫ਼ੀ ਦੀ ਰਾਜਨੀਤੀ

ਭਾਰਤੀ ਆਗੂ ਵੋਟਰਾਂ ਤੋਂ ਅਸੀਸ ਮੰਗਦੇ ਹਨ; ਮਾਫ਼ੀ ਬਹੁਤ ਘੱਟ ਮੰਗਦੇ ਹਨ। ਮਮਤਾ ਬੈਨਰਜੀ ਦੀ ਵਾਪਸੀ ਦੀ ਸਭ ਤੋਂ ਸ਼ਕਤੀਸ਼ਾਲੀ ਸ਼ੁਰੂਆਤ ਕੋਈ ਵਿਸ਼ਾਲ ਰੈਲੀ ਨਹੀਂ, ਸਗੋਂ ਇੱਕ ਜਨਤਕ ਸਵੀਕਾਰਿਆ ਜਾਣਾ ਹੋ ਸਕਦੀ ਹੈ।

ਉਸ ਨੂੰ ਕਹਿਣਾ ਚਾਹੀਦਾ ਹੈ ਕਿ ਉਸ ਦੀ ਸਰਕਾਰ ਨੇ ਕੰਮ ਕੀਤਾ; ਪਰ ਉਸ ਦੀ ਪਾਰਟੀ ਦੇ ਲੋਕਾਂ ਨੇ ਕਈ ਥਾਵਾਂ 'ਤੇ ਸੱਤਾ ਦੀ ਦੁਰਵਰਤੋਂ ਵੀ ਕੀਤੀ। ਨੌਕਰੀਆਂ, ਠੇਕਿਆਂ ਅਤੇ ਪ੍ਰਸ਼ਾਸਨ ਵਿਚ ਗੈਰ-ਰਸਮੀ ਪ੍ਰਭਾਵ ਵਧਿਆ। ਸ਼ਿਕਾਇਤਾਂ ਨੂੰ ਵਿਰੋਧੀ ਪ੍ਰਚਾਰ ਸਮਝਿਆ ਗਿਆ ਅਤੇ ਪਾਰਟੀ ਲੋਕਾਂ ਦੀ ਆਵਾਜ਼ ਸੁਣਨ ਦੀ ਬਜਾਏ ਆਪਣੇ ਪ੍ਰਚਾਰ 'ਤੇ ਵਿਸ਼ਵਾਸ ਕਰਨ ਲੱਗ ਪਈ।

ਇਸ ਤੋਂ ਬਾਅਦ ਹਰ ਜ਼ਿਲ੍ਹੇ ਵਿਚ ਸੁਤੰਤਰ ਸ਼ਿਕਾਇਤ ਕਮਿਸ਼ਨ ਬਣਾਏ ਜਾਣ। ਪ੍ਰਭਾਵਸ਼ਾਲੀ ਆਗੂਆਂ ਦੀ ਸੰਪਤੀ ਅਤੇ ਕਾਰੋਬਾਰੀ ਹਿਤ ਜਨਤਕ ਕੀਤੇ ਜਾਣ। ਪਾਰਟੀ ਅਹੁਦੇ ਅਤੇ ਸਰਕਾਰੀ ਠੇਕੇ ਇਕੱਠੇ ਰੱਖਣ 'ਤੇ ਪਾਬੰਦੀ ਹੋਵੇ।

ਪਾਰਟੀ ਦਫ਼ਤਰ ਲਾਭ ਵੰਡਣ ਦਾ ਕੇਂਦਰ ਨਹੀਂ, ਸਗੋਂ ਅਨਿਆਂ ਦਰਜ ਕਰਨ ਦੀ ਥਾਂ ਬਣੇ।

ਔਰਤਾਂ ਨੂੰ ਸਿਰਫ਼ ਯੋਜਨਾਵਾਂ ਦੀਆਂ ਲਾਭਪਾਤਰੀ ਨਹੀਂ, ਸੰਗਠਨ ਦੀਆਂ ਫ਼ੈਸਲਾ ਕਰਨ ਵਾਲੀਆਂ ਆਗੂ ਬਣਾਇਆ ਜਾਵੇ। ਨੌਜਵਾਨਾਂ ਲਈ ਰੁਜ਼ਗਾਰ, ਨਿਰਪੱਖ ਭਰਤੀ, ਹੁਨਰ ਵਿਕਾਸ ਅਤੇ ਆਧੁਨਿਕ ਉਦਯੋਗ ਬਾਰੇ ਸਪਸ਼ਟ ਪ੍ਰੋਗਰਾਮ ਹੋਵੇ।

### ਮਮਤਾ ਕੋਲ ਅਜੇ ਵੀ ਉਹ ਹੈ ਜੋ ਬਾਗ਼ੀਆਂ ਕੋਲ ਨਹੀਂ

ਅੱਜ ਬਾਗ਼ੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਕੋਲ ਗਿਣਤੀ ਹੈ। ਭਾਜਪਾ ਕੋਲ ਸੱਤਾ ਹੈ। ਵਿਧਾਨ ਸਭਾ ਸਪੀਕਰ ਕੋਲ ਫ਼ੈਸਲਾ ਕਰਨ ਦਾ ਅਧਿਕਾਰ ਹੈ। ਚੋਣ ਕਮਿਸ਼ਨ ਕੋਲ ਚੋਣ-ਨਿਸ਼ਾਨ 'ਤੇ ਅਧਿਕਾਰ ਹੈ। ਅਦਾਲਤਾਂ ਕੋਲ ਸਮੀਖਿਆ ਦੀ ਸ਼ਕਤੀ ਹੈ।

ਪਰ ਮਮਤਾ ਬੈਨਰਜੀ ਕੋਲ ਅਜੇ ਵੀ ਇੱਕ ਅਜਿਹੀ ਚੀਜ਼ ਹੈ, ਜਿਸ ਨੂੰ ਕਿਸੇ ਹੁਕਮ ਨਾਲ ਇੱਕ ਹੱਥ ਤੋਂ ਦੂਜੇ ਹੱਥ ਵਿਚ ਨਹੀਂ ਦਿੱਤਾ ਜਾ ਸਕਦਾ—ਇੱਕ ਜਿਉਂਦੀ-ਜਾਗਦੀ ਰਾਜਨੀਤਿਕ ਕਥਾ।

ਉਸ ਨੂੰ ਕਿਸੇ ਪਰਿਵਾਰ ਤੋਂ ਪਾਰਟੀ ਵਿਰਾਸਤ ਵਿਚ ਨਹੀਂ ਮਿਲੀ ਸੀ। ਉਹ ਪੁਲਿਸ ਦੀਆਂ ਲਾਠੀਆਂ, ਚੋਣ ਹਾਰਾਂ, ਅਪਮਾਨ, ਇਕੱਲੇਪਣ ਅਤੇ ਲਗਾਤਾਰ ਸੜਕਾਂ 'ਤੇ ਸੰਘਰਸ਼ ਕਰਨ 'ਤੋਂ ਉਭਰੀ ਸੀ। 2004 ਵਿਚ ਉਹ ਇਕੱਲੀ ਸੰਸਦ ਮੈਂਬਰ ਰਹਿ ਗਈ ਸੀ ਅਤੇ ਸੱਤ ਸਾਲ ਬਾਅਦ ਉਹੀ ਬੰਗਾਲ ਦੀ ਮੁੱਖ ਮੰਤਰੀ ਬਣ ਗਈ-। ਇਸ ਲਈ ਅੱਜ ਦੀ ਗਿਣਤੀ ਉਸ ਲਈ ਅੰਤਿਮ ਸੱਚ ਨਹੀਂ ਹੋਣੀ ਚਾਹੀਦੀ। ਪਰ ਉਸ ਵੇਲੇ ਅਤੇ ਅੱਜ ਦਰਮਿਆਨ ਇੱਕ ਵੱਡਾ ਫ਼ਰਕ ਹੈ। ਉਸ ਵੇਲੇ ਮਮਤਾ ਕੋਲ ਛੋਟੀ ਜਥੇਬੰਦੀ ਸੀ, ਪਰ ਨੈਤਿਕ ਊਰਜਾ ਬਹੁਤ ਵੱਡੀ ਸੀ। ਅੱਜ ਜਥੇਬੰਦੀ ਟੁੱਟ ਰਹੀ ਹੈ ਅਤੇ ਨੈਤਿਕ ਊਰਜਾ ਕਮਜ਼ੋਰ ਹੋ ਚੁੱਕੀ ਹੈ। ਉਸ ਸਮੇਂ ਉਸ ਦੇ ਵਿਰੁੱਧ ਸਥਾਪਿਤ ਸੱਤਾ ਸੀ; ਅੱਜ ਉਨ੍ਹਾਂ ਦੇ ਸਾਹਮਣੇ ਆਪਣੀ ਹੀ ਸੱਤਾ ਦੀਆਂ ਯਾਦਾਂ ਖੜ੍ਹੀਆਂ ਹਨ। ਇਸ ਲਈ ਵਾਪਸੀ ਦਾ ਰਸਤਾ ਭਾਜਪਾ ਨੂੰ ਕੋਸਣ ਨਾਲ ਨਹੀਂ, ਸਗੋਂ ਆਪਣੇ ਆਪ ਨੂੰ ਬਦਲਣ ਨਾਲ ਨਿਕਲੇਗਾ।

ਉਸ ਨੂੰ ਉਨ੍ਹਾਂ ਪਰਿਵਾਰਾਂ ਦੇ ਘਰ ਜਾਣਾ ਪਵੇਗਾ, ਜਿਨ੍ਹਾਂ ਨੂੰ ਤ੍ਰਿਣਮੂਲ ਦੇ ਆਗੂਆਂ ਨੇ ਅਪਮਾਨਿਤ ਕੀਤਾ। ਉਨ੍ਹਾਂ ਕਾਰਕੁਨਾਂ ਨੂੰ ਵਾਪਸ ਬੁਲਾਉਣਾ ਪਵੇਗਾ, ਜਿਨ੍ਹਾਂ ਨੂੰ ਠੇਕੇਦਾਰ-ਆਗੂਆਂ ਨੇ ਹਾਸ਼ੀਏ 'ਤੇ ਧੱਕ ਦਿੱਤਾ। ਵੀਹ ਸ਼ਕਤੀਸ਼ਾਲੀ ਪਰ ਸ਼ੱਕੀ ਚਿਹਰਿਆਂ ਨੂੰ ਪਿੱਛੇ ਕਰਕੇ ਦੋ ਸੌ ਅਣਜਾਣ ਪਰ ਇਮਾਨਦਾਰ ਕਾਰਕੁਨਾਂ ਨੂੰ ਅੱਗੇ ਲਿਆਉਣਾ ਪਵੇਗਾ। ਡੇਟਾ ਮੈਨੇਜਮੈਂਟ ਤੋਂ ਪਹਿਲਾਂ ਮਨੁੱਖ ਦੀ ਆਵਾਜ਼ ਸੁਣਨੀ ਪਵੇਗੀ।

ਅਦਾਲਤ ਮਮਤਾ ਨੂੰ ਪਾਰਟੀ ਦੇ ਸਕਦੀ ਹੈ। ਚੋਣ ਕਮਿਸ਼ਨ ਉਸ ਨੂੰ ਫੁੱਲ ਅਤੇ ਘਾਹ ਦਾ ਚੋਣ-ਨਿਸ਼ਾਨ ਦੇ ਸਕਦਾ ਹੈ। ਸੰਸਦ ਉਸ ਨੂੰ ਅੱਠ, ਦਸ

**(ਬਾਕੀ ਅਗਲੇ ਸਫੇ 'ਤੇ)**

# ਬਚਪਨ ਦਾ ਵਪਾਰੀਕਰਨ ਕਰ ਰਹੀ ਹੈ 'ਧਿਆਨ ਆਰਥਿਕਤਾ'

*ਕੀ ਡਿਜੀਟਲ ਆਰਥਿਕਤਾ ਵਿਚ ਬੱਚੇ ਹੁਣ ਸਿਰਫ਼ ਖ਼ਪਤਕਾਰ ਹੀ ਨਹੀਂ ਰਹਿ ਗਏ ਹਨ? ਬੱਚਿਆਂ ਦਾ ਧਿਆਨ, ਉਨ੍ਹਾਂ ਦੀਆਂ ਪਸੰਦਾਂ ਅਤੇ ਵਿਹਾਰ ਨਾਲ ਸੰਬੰਧਤ ਡੇਟੇ ਨੂੰ ਆਰਥਿਕ ਮੁੱਲ ਪੈਦਾ ਕਰਨ ਲਈ ਕਿਉਂ ਵਰਤਿਆ ਜਾ ਰਿਹਾ ਹੈ? ਡਿਜੀਟਲ ਖ਼ਪਤ ਅਤੇ ਬਹੁਤ ਜ਼ਿਆਦਾ ਸਕ੍ਰੀਨ ਨੂੰ ਚਿੰਬੜੇ ਰਹਿਣ ਤੋਂ ਧਿਆਨ ਹਟਾ ਕੇ ਇਕ ਅਜਿਹੀ ਆਰਥਿਕ ਪ੍ਰਣਾਲੀ ਦੇ ਉਭਾਰ ਵੱਲ ਧਿਆਨ ਦੇਣਾ ਜ਼ਰੂਰੀ ਹੋ ਗਿਆ ਹੈ, ਜਿਸਦੀ ਮੁਨਾਫ਼ਾ ਸਮਰੱਥਾ ਬੱਚਿਆਂ ਦੇ ਸਕ੍ਰੀਨ ਨਾਲ ਵੱਧ ਤੋਂ ਵੱਧ ਜੁੜੇ ਰਹਿਣ 'ਤੇ ਨਿਰਭਰ ਕਰਦੀ ਹੈ। ਇਹ ਸਵਾਲ ਖੋਜਕਰਤਾ ਪੁਰਵਾਈ ਪ੍ਰਵਾਹ ਨੇ ਆਪਣੀ ਇਸ ਮਹੱਤਵਪੂਰਨ ਟਿੱਪਣੀ ਵਿਚ ਉਠਾਏ ਹਨ ਜੋ ਦਿੱਲੀ-ਐਨ.ਸੀ.ਆਰ. ਸਥਿਤ ਕ੍ਰਾਈਸਟ (ਡੀਮਡ ਟੂ ਬੀ ਯੂਨੀਵਰਸਿਟੀ) ਦੇ ਮਨੋ-ਵਿਗਿਆਨ ਵਿਭਾਗ ਦੇ ਸਹਾਇਕ ਪ੍ਰੋਫੈਸਰ ਅਤੇ ਡਾਕਟਰੇਟ ਖੋਜਕਾਰ ਹਨ। ਉਨ੍ਹਾਂ ਦੀ ਖੋਜ ਦੀ ਰੁਚੀ ਬਾਲਾਂ ਅਤੇ ਕਿਸ਼ੋਰਾਂ ਦੀ ਤੰਦਰੁਸਤੀ, ਸਿੱਖਿਆ, ਅਤੇ ਮਨੋਵਿਗਿਆਨ, ਤਕਨਾਲੋਜੀ, ਪਬਲਿਕ ਨੀਤੀ ਅਤੇ ਸਮਾਜਿਕ ਤਬਦੀਲੀ ਵਿਸ਼ਿਆਂ ਵਿਚ ਹੈ-ਸੰਪਾਦਕ॥*

**ਪੁਰਵਾਈ ਪ੍ਰਵਾਹ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਏ.ਐੱਸ.ਈ.ਆਰ. 2024 ਦੀ ਤਾਜ਼ਾ ਰਿਪੋਰਟ ਅਨੁਸਾਰ 14-16 ਸਾਲ ਦੇ ਉਮਰ ਗਰੁੱਪ ਦੇ 89% ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਘਰਾਂ ਵਿਚ ਸਮਾਰਟਫ਼ੋਨ ਹਨ, ਜਿਨ੍ਹਾਂ ਵਿਚੋਂ 76% ਸਮਾਰਟਫ਼ੋਨ ਦੀ ਵਰਤੋਂ ਸੋਸ਼ਲ ਮੀਡੀਆ ਲਈ ਕਰਦੇ ਹਨ, ਜਦਕਿ ਸਿਰਫ਼ 57% ਇਸਦੀ ਵਰਤੋਂ ਵਿਦਿਅਕ ਉਦੇਸ਼ਾਂ ਲਈ ਕਰਦੇ ਹਨ। ਇਹ ਦਰਸਾਉਂਦਾ ਹੈ ਕਿ ਬਚਪਨ ਹੁਣ ਮਹਿਜ਼ ਮਨੁੱਖੀ ਵਿਕਾਸ ਦਾ ਇੱਕ ਪੜਾਅ ਨਹੀਂ ਰਹਿ ਗਿਆ ਹੈ, ਸਗੋਂ ਇਹ ਇੱਕ ਅਜਿਹੀ ਆਰਥਿਕ ਮੰਡੀ ਬਣਦਾ ਜਾ ਰਿਹਾ ਹੈ ਜਿੱਥੇ ਬੱਚਿਆਂ ਦਾ ਧਿਆਨ ਕਬਜ਼ੇ 'ਚ ਕਰ ਲਿਆ ਜਾਂਦਾ ਹੈ, ਡੇਟਾ ਇਕੱਠਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਭਵਿੱਖ ਦੇ ਖ਼ਪਤਕਾਰਾਂ ਵਜੋਂ ਤਿਆਰ ਕੀਤਾ ਜਾਂਦਾ ਹੈ।

### ਡਿਜੀਟਲ ਆਰਥਿਕਤਾ ਦਾ ਰੋਜ਼ਮਰਾ ਅਸਰ

ਕਲਪਨਾ ਕਰੋ ਕਿ ਇਕ ਬੱਚਾ ਸਵੇਰੇ ਉੱਠਦੇ ਸਾਰ ਫ਼ੋਨ ਚੁੱਕ ਲੈਂਦਾ ਹੈ। ਨਾਸ਼ਤੇ ਦੀ ਮੇਜ਼ 'ਤੇ ਪਹੁੰਚਣ ਤੋਂ ਪਹਿਲਾਂ ਹੀ, ਵੱਖ-ਵੱਖ ਡਿਜੀਟਲ ਪਲੇਟਫਾਰਮਾਂ ਦੇ ਐਲਗੋਰਿਦਮ ਬੱਚੇ ਦਾ ਧਿਆਨ ਖਿੱਚਣ ਲਈ ਮੁਕਾਬਲਾ ਕਰਨਾ ਸ਼ੁਰੂ ਕਰ ਚੁੱਕੇ ਹੁੰਦੇ ਹਨ। ਹਰ ਸਕ੍ਰੋਲ, ਸਵਾਈਪ ਅਤੇ ਸਰਚ ਨੂੰ ਚੁੱਪਚਾਪ ਰਿਕਾਰਡ ਕੀਤਾ ਜਾਂਦਾ ਹੈ, ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਆਰਥਿਕ ਮੁੱਲ ਵਿਚ ਬਦਲ ਲਿਆ ਜਾਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਡੇਟਾ ਨੂੰ ਸੰਕੇਤਾਂ ਦੇ ਰੂਪ ਵਿਚ ਬਦਲ ਕੇ ਬਹੁਤ ਸਾਰੇ ਐਡਵਰਟਾਈਜ਼ਰਾਂ ਤੱਕ ਭੇਜਣ ਦੀ ਇਹ ਪ੍ਰਕਿਰਿਆ ਸਿਰਫ਼ 50-100 ਮਿਲੀਸੈਕਿੰਡ ਵਿਚ (1 ਸੈਕਿੰਡ ਦਾ ਹਜ਼ਾਰਵਾਂ ਹਿੱਸਾ) ਹੁੰਦੀ ਹੈ, ਜੋ ਪਲਕ ਝਪਕਣ ਨਾਲੋਂ ਵੀ ਤੇਜ਼ ਹੈ।

ਇਸਦਾ ਮਤਲਬ ਇਹ ਹੈ ਕਿ ਬੱਚੇ ਨੂੰ ਸਕ੍ਰੀਨ 'ਤੇ ਆਈ ਕਿਸੇ ਚੀਜ਼ ਨੂੰ ਸੁਚੇਤ ਤੌਰ 'ਤੇ ਸਮਝਣ ਦਾ ਸਮਾਂ ਮਿਲਣ ਤੋਂ ਪਹਿਲਾਂ ਹੀ, ਇਸ਼ਤਿਹਾਰਦਾਤਿਆਂ ਦਰਮਿਆਨ ਉਸਦੀ ਸਵੈਚਾਲਿਤ ਨਿਲਾਮੀ ਹੋ ਚੁੱਕੀ ਹੁੰਦੀ ਹੈ ਅਤੇ ਉਸ ਪਲ ਦੇ ਧਿਆਨ 'ਤੇ ਇੱਕ ਸਕਿੰਟ ਦੇ ਦਸਵੇਂ ਹਿੱਸੇ ਤੋਂ ਵੀ ਘੱਟ ਸਮੇਂ ਵਿਚ ਬੋਲੀ ਲੱਗ ਚੁੱਕੀ ਹੁੰਦੀ ਹੈ। ਸਪਸ਼ਟ ਤੌਰ 'ਤੇ, ਜਿਸ ਬਚਪਨ ਨੂੰ ਅਸੀਂ ਜਿਗਿਆਸਾ, ਖੇਡ ਅਤੇ ਕਲਪਨਾ ਨਾਲ ਜੋੜ ਕੇ ਦੇਖਦੇ ਹਾਂ, ਤੇਜ਼ੀ ਨਾਲ ਅਜਿਹਾ ਬਾਜ਼ਾਰ ਬਣਦਾ ਜਾ ਰਿਹਾ ਹੈ ਜਿੱਥੇ ਧਿਆਨ ਨੂੰ ਇਸ ਮਨੋਰਥ ਲਈ ਹਥਿਆਇਆ, ਖ਼ਰੀਦਿਆ, ਵੇਚਿਆ ਅਤੇ ਆਪਣੇ ਕਾਰੋਬਾਰੀ ਹਿੱਤ ਅਨੁਸਾਰ ਢਾਲਿਆ ਜਾ ਰਿਹਾ ਹੈ ਤਾਂ ਜੋ ਸੱਤਾ ਵਿਚ ਬੈਠੇ ਲੋਕਾਂ ਦੀਆਂ ਜੇਬਾਂ ਭਰੀਆਂ ਜਾ ਸਕਣ।

### ਲਾਭਦਾਇਕ ਕਾਰੋਬਾਰੀ ਮਾਡਲ ਵਜੋਂ ਬਚਪਨ

ਜ਼ਿਆਦਾਤਰ ਡਿਜੀਟਲ ਪਲੈਟਫਾਰਮ ਜਾਂ ਤਾਂ ਮੁਫ਼ਤ ਹਨ ਜਾਂ ਉਨ੍ਹਾਂ ਦੀ ਗਾਹਕੀ ਫ਼ੀਸ ਬਹੁਤ ਘੱਟ ਹੈ। ਇਹ ਪਲੈਟਫਾਰਮ ਹਰ ਕਿਸੇ ਦੀ ਵਧੇਰੇ ਪਹੁੰਚ ਵਿਚ ਹਨ ਕਿਉਂਕਿ ਇੱਥੇ ਵਰਤੋਂਕਾਰ ਦਾ ਧਿਆਨ ਹੀ ਉਪਜ ਹੈ। ਬੱਚੇ ਜਿੰਨਾ ਵੱਧ ਸਮਾਂ ਜੁੜੇ ਅਤੇ ਰੁੱਝੇ ਰਹਿੰਦੇ ਹਨ, ਵਿਗਿਆਪਨ ਰਾਹੀਂ ਆਮਦਨ ਓਨਾ ਹੀ ਵੱਧ ਹੁੰਦੀ ਹੈ। ਇਹ ਬੱਚਿਆਂ ਦੇ ਵਿਹਾਰ ਨਾਲ ਸੰਬੰਧਤ ਡੇਟਾ ਇਕੱਠਾ ਕਰਨ ਵਿਚ ਯੋਗਦਾਨ ਪਾਉਂਦਾ ਹੈ, ਜਿਸਦਾ ਵਪਾਰਕ ਮੁੱਲ ਬਹੁਤ ਉੱਚਾ ਹੁੰਦਾ ਹੈ। ਪਲੇਟਫਾਰਮਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਲਈ ਤਿਆਰ ਕੀਤਾ ਜਾਂਦਾ ਹੈ, ਕਈ ਵਾਰ ਬੱਚਿਆਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਕੀਮਤ 'ਤੇ।

ਅੱਜ ਦੀ ਡਿਜੀਟਲ ਆਰਥਿਕਤਾ ਵਿਚ ਧਿਆਨ ਕਰੰਸੀ ਵਾਂਗ ਕੰਮ ਕਰਦਾ ਹੈ। ਬੱਚਿਆਂ ਦਾ ਧਿਆਨ ਖ਼ਾਸ ਮੁੱਲ ਰੱਖਦਾ ਹੈ ਕਿਉਂਕਿ ਇਹ ਭਵਿੱਖ ਦੇ ਖ਼ਪਤਕਾਰਾਂ ਨੂੰ ਘੜਨ ਵਿਚ ਮਦਦ ਕਰਦਾ ਹੈ, ਜਿਸ ਨਾਲ ਬਚਪਨ ਲਾਭਦਾਇਕ ਮੰਡੀ ਬਣ ਜਾਂਦਾ ਹੈ। ਹਰਬਰਟ ਸਾਇਮਨ ਨੇ ਕਿਹਾ ਸੀ ਕਿ ਜਾਣਕਾਰੀ ਦੀ ਅਮੀਰੀ ਧਿਆਨ ਦੀ ਥੁੜ੍ਹ ਪੈਦਾ ਕਰਦੀ ਹੈ। ਅਸੀਂ ਅੱਜ ਦੀ ਆਰਥਿਕਤਾ ਵਿਚ ਇਸ ਵਿਚਾਰ ਨੂੰ ਹਕੀਕਤ ਬਣਦਾ ਵੇਖ ਰਹੇ ਹਾਂ। ਹਾਲੀਆ ਏਆਈ ਚੈਟਬੋਟ ਅਤੇ ਜ਼ਿਆਦਾਤਰ ਪਲੇਟਫਾਰਮ ਏਆਈ ਨਾਲ ਜੁੜ ਜਾਣ ਨਾਲ ਅਸੀਂ ਯਕੀਨੀ ਤੌਰ 'ਤੇ ਜਾਣਕਾਰੀ ਦੀ ਘਾਟ ਨੂੰ ਪਾਰ ਕਰ ਚੁੱਕੇ ਹਾਂ, ਪਰ ਸੰਬੰਧਤ ਜਾਣਕਾਰੀ ਦੀ ਪਛਾਣ ਕਰਨਾ ਅਤੇ ਜਾਣਕਾਰੀ ਦੇ ਬੋਝ ਹੇਠ ਦੱਬੇ ਜਾਣ ਤੋਂ ਬਚਣਾ ਅਜੇ ਵੀ ਚੁਣੌਤੀ ਬਣਿਆ ਹੋਇਆ ਹੈ। ਜਾਣਕਾਰੀ ਦੇ ਇਸ ਭੰਵਰ ਵਿਚ ਖੌਝਲ ਰਹੇ ਬੱਚਿਆਂ ਲਈ ਗਿਆਨ ਹਾਸਲ ਕਰਨ ਦਾ ਬੋਝ ਅਸਹਿ ਹੱਦ ਤੱਕ ਵਧ ਗਿਆ ਹੈ, ਜੋ ਉਨ੍ਹਾਂ ਦੇ ਵਿਕਾਸ ਨੂੰ ਕਈ ਪੱਧਰਾਂ 'ਤੇ ਪ੍ਰਭਾਵਿਤ ਕਰ ਰਿਹਾ ਹੈ।

### ਬੱਚਿਆਂ ਨੂੰ ਬਾਲਗ ਖ਼ਪਤਕਾਰਾਂ ਵਾਂਗ ਕਿਉਂ ਨਹੀਂ ਲਿਆ ਜਾ ਸਕਦਾ

ਬੱਚਿਆਂ ਨੂੰ ਅਕਸਰ ਆਨਲਾਈਨ ਸਵੈ-ਕੰਟਰੋਲ ਰੱਖਣ ਲਈ ਕਿਹਾ ਜਾਂਦਾ ਹੈ। ਜਦੋਂ ਉਹ ਸਰਗਰਮ ਹੁੰਦੇ ਹਨ, ਤਾਂ ਉਹ ਅਜਿਹੀਆਂ ਤਕਨਾਲੋਜੀਆਂ ਨਾਲ ਆਦਾਨ-ਪ੍ਰਦਾਨ ਕਰ ਰਹੇ ਹੁੰਦੇ ਹਨ ਜਿਨ੍ਹਾਂ ਨੂੰ ਜਾਣ-ਬੁੱਝ ਕੇ ਵਿਹਾਰ ਵਿਗਿਆਨ (behaviour science) ਦੀ ਵਰਤੋਂ ਕਰਕੇ ਵਿਅਕਤੀ ਦਾ ਧਿਆਨ ਖਿੱਚਣ ਲਈ ਤਿਆਰ ਕੀਤਾ ਗਿਆ ਹੈ। ਉਸ ਹਾਲਤ ਵਿਚ ਸੰਜਮ ਦੀ ਉਮੀਦ ਕਰਨਾ ਮੁਸ਼ਕਲ ਹੈ ਜਦੋਂ ਇੱਕ ਪਾਸਾ ਅਜੇ ਇਨ੍ਹਾਂ ਤਕਨੀਕਾਂ ਨੂੰ ਵਰਤਣ ਦਾ ਵੱਲ ਸਿੱਖ ਰਿਹਾ ਹੋਵੇ ਅਤੇ ਆਪਣੇ ਆਵੇਗ-ਕੰਟਰੋਲ ਨੂੰ ਵਿਕਸਤ ਕਰ ਰਿਹਾ ਹੋਵੇ, ਜਦਕਿ ਦੂਜਾ ਪਾਸਾ ਵਿਹਾਰ ਵਿਗਿਆਨੀਆਂ, ਏਆਈ-ਆਧਾਰਤ




ਨਿੱਜੀਕਰਨ ਅਤੇ ਵੱਧ ਤੋਂ ਵੱਧ ਧਿਆਨ ਮਗਨ ਹੋ ਜਾਣ ਲਈ ਡਿਜ਼ਾਇਨ ਕੀਤੀਆਂ ਤਕਨਾਲੋਜੀ ਵਿਧੀਆਂ ਦੀ ਵਰਤੋਂ ਕਰ ਰਿਹਾ ਹੋਵੇ। ਅਨੰਤ ਸਕ੍ਰੋਲ, ਆਟੋਪਲੇਅ ਅਤੇ ਇਨਾਮ ਵਰਗੀਆਂ ਖ਼ਾਸੀਅਤਾਂ ਇਤਫ਼ਾਕੀਆ ਲਾਭ ਨਹੀਂ ਹਨ, ਸਗੋਂ ਵਪਾਰਕ ਯੁੱਧਨੀਤੀਆਂ ਹਨ ਜੋ ਵਿਅਕਤੀ ਦੇ ਧਿਆਨ ਨੂੰ ਉੱਥੋਂ ਭਟਕਣ ਤੋਂ ਰੋਕਣ ਲਈ ਤਿਆਰ ਕੀਤੀਆਂ ਗਈਆਂ ਹਨ।

ਜੋਨਾਥਨ ਹੈਡਟ ਦੀ ਦਲੀਲ ਹੈ ਕਿ ਬਚਪਨ 'ਖੇਡ-ਆਧਾਰਤ' ਤੋਂ 'ਫ਼ੋਨ-ਆਧਾਰਤ' ਹੋ ਗਿਆ ਹੈ, ਕਿਉਂਕਿ ਸਮਾਰਟਫ਼ੋਨ ਅਤੇ ਸੋਸ਼ਲ ਮੀਡੀਆ ਤੇਜ਼ੀ ਨਾਲ ਬੱਚਿਆਂ ਦੇ ਸਮਾਜਿਕ, ਭਾਵਨਾਤਮਕ ਅਤੇ ਬੌਧਿਕ ਵਿਕਾਸ ਨੂੰ ਆਪਣੇ ਅਨੁਸਾਰ ਘੜ ਰਹੇ ਹਨ। ਹਾਲਾਂਕਿ ਇਸ ਵੱਲੋਂ ਨੌਜਵਾਨਾਂ ਦੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਨੂੰ ਲੈ ਕੇ ਵਾਜਬ ਚਿੰਤਾ ਪ੍ਰਗਟਾਈ ਹੈ, ਪਰ ਇਸ ਨੇ ਇੱਕ ਹੋਰ ਡੂੰਘੀ ਹਕੀਕਤ ਨੂੰ ਨਜ਼ਰ-ਅੰਦਾਜ਼ ਵੀ ਕਰ ਦਿੱਤਾ ਹੈ: ਬੱਚਿਆਂ ਦਾ ਧਿਆਨ ਕੀਮਤੀ ਆਰਥਿਕ ਵਸਤੂ ਬਣਾ ਦੇਣਾ।

### ਬੱਚਿਆਂ ਨੂੰ ਖ਼ਪਤਕਾਰ ਦੇ ਰੂਪ 'ਚ ਦੇਖਣ ਤੋਂ ਵਧ ਕੇ ਦੇਖਣਾ ਜ਼ਰੂਰੀ

ਸਟੈਟਿਕਸ ਅਤੇ ਪ੍ਰੋਗਰਾਮ ਅਮਲਦਾਰੀ ਮੰਤਰਾਲੇ (ਐੱਮ.ਓ.ਐੱਸ.ਪੀ.ਆਈ.) ਦੇ ਸਰਵੇਖਣ ਅਨੁਸਾਰ, 85.5% ਭਾਰਤੀ ਪਰਿਵਾਰਾਂ ਕੋਲ ਘੱਟੋ-ਘੱਟ ਇੱਕ ਸਮਾਰਟਫ਼ੋਨ ਹੈ, ਜਦਕਿ 99.5% ਨੌਜਵਾਨ ਯੂਪੀਆਈ (ਕਈ ਬੈਂਕ ਖ਼ਾਤਿਆਂ ਦੇ ਭੁਗਤਾਨ ਨੂੰ ਇੱਕ ਮੋਬਾਈਲ ਐਪ ਰਾਹੀਂ ਸੰਚਾਲਤ ਕਰਨ) ਦੀ ਵਰਤੋਂ ਕਰ ਰਹੇ ਹਨ।

ਸਵਾਲ ਇਹ ਹੈ ਕਿ ਇਸ ਤੋਂ ਲਾਭ ਕਿਸ ਨੂੰ ਹੁੰਦਾ ਹੈ? ਇਸ ਦਾ ਮੁੱਲ ਕਿਸ ਨੂੰ ਤਾਰਨਾ ਪੈਂਦਾ ਹੈ?

ਜਿਵੇਂ-ਜਿਵੇਂ ਖੇਡ ਇਨਫਲੂਐਂਸਰ ਸੱਭਿਆਚਾਰ ਅਤੇ ਖ਼ਾਸ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਲਈ ਨਿਸ਼ਾਨਾ ਮਿੱਥ ਕੇ ਤਿਆਰ ਕੀਤੇ ਇਸ਼ਤਿਹਾਰਾਂ ਰਾਹੀਂ ਵਧੇਰੇ ਵਪਾਰਕ ਬਣਦੀ ਜਾ ਰਹੀ ਹੈ, ਬਚਪਨ ਖੁਦ ਇੱਕ ਹੋਰ ਮੰਡੀ ਬਣਨ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਇਸ ਦੇ ਨਤੀਜੇ ਸਾਰਿਆਂ 'ਤੇ ਬਰਾਬਰ ਅਸਰ ਨਹੀਂ ਪਾਉਂਦੇ। ਕਮਜ਼ੋਰ ਅਤੇ ਵਾਂਝੇ ਬੱਚੇ ਅਕਸਰ ਡਿਜੀਟਲ ਖ਼ਤਰਿਆਂ ਦੇ ਵੱਧ ਸੰਪਰਕ ਵਿਚ ਆਉਂਦੇ ਹਨ ਅਤੇ ਵਪਾਰਕ ਸ਼ੋਸ਼ਣ ਤੋਂ ਘੱਟ ਸੁਰੱਖਿਅਤ ਹੁੰਦੇ ਹਨ। ਇਸ ਲਈ ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਧਿਆਨ ਆਰਥਿਕਤਾ ਬਾਰੇ ਕਿਸੇ ਵੀ ਚਰਚਾ ਦਾ ਕੇਂਦਰ ਹੋਣੀ ਚਾਹੀਦੀ ਹੈ।

ਸਮਾਜ ਬਾਲ ਮਜ਼ਦੂਰੀ 'ਤੇ ਪਾਬੰਦੀ ਲਗਾਉਂਦੇ ਹਨ ਕਿਉਂਕਿ ਬਚਪਨ ਆਰਥਿਕ ਸ਼ੋਸ਼ਣ ਤੋਂ ਸੁਰੱਖਿਆ ਦਾ ਹੱਕਦਾਰ ਹੈ। ਕੀ ਸਾਨੂੰ ਬੱਚਿਆਂ ਦੇ ਧਿਆਨ ਦੇ ਬੇਹਿਸਾਬ ਵਪਾਰਕ ਸ਼ੋਸ਼ਣ 'ਤੇ ਵੀ ਸਵਾਲ ਨਹੀਂ ਉਠਾਉਣਾ ਚਾਹੀਦਾ? ਕੀ ਅਸੀਂ ਜਿਨ੍ਹਾਂ ਦੇ ਵੀ ਡਿਜੀਟਲ ਮਾਹੌਲ ਵਿਚ ਹਿਤ ਹਨ, ਉਨ੍ਹਾਂ ਨੂੰ ਬੱਚਿਆਂ ਦੇ ਅਧਿਕਾਰਾਂ ਬਾਰੇ ਸੁਚੇਤ ਕਰ ਰਹੇ ਹਾਂ?

### ਵਿਅਕਤੀਗਤ-ਮਾਪਿਆਂ ਦੀ ਜ਼ਿੰਮੇਵਾਰੀ ਤੋਂ ਸਾਂਝੀ ਕਾਰਵਾਈ ਵੱਲ

'ਆਪਣੇ ਡਿਜੀਟਲ ਯੰਤਰ ਦੂਰ ਰੱਖੋ' — ਅੱਜ ਤਕਰੀਬਨ ਹਰ ਘਰ ਵਿਚ ਸੁਣੀ ਜਾਣ ਵਾਲੀ ਇਹ ਆਮ ਤਾਕੀਦ ਹੈ। ਮਾਪੇ ਗੁੱਸੇ 'ਚ, ਉਲਝਣ 'ਚ ਅਤੇ ਬੇਵੱਸ ਹਨ; ਬੱਚੇ ਹੋਰ ਜ਼ਿਆਦਾ ਮਨ-ਮੌਜੀ ਹੁੰਦੇ ਜਾ ਰਹੇ ਹਨ, ਉਹ ਇਸਦੇ ਬਦਲ ਲੱਭਦੇ ਰਹਿੰਦੇ ਹਨ ਅਤੇ ਅਖ਼ੀਰਕਾਰ ਦੋਵੇਂ ਧਿਰਾਂ ਹਾਰ ਮੰਨ ਲੈਂਦੀਆਂ ਹਨ। ਕੀ ਡਿਜੀਟਲ ਵਰਤੋਂ ਨੂੰ ਨੇਮਬੱਧ ਕਰਨ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਮਾਪਿਆਂ 'ਤੇ ਹੈ ਜਾਂ ਇਹ ਸਰਕਾਰ ਅਤੇ ਤਕਨਾਲੋਜੀ ਕੰਪਨੀਆਂ ਦੀ ਜ਼ਿੰਮੇਵਾਰੀ ਬਣਦੀ ਹੈ?

ਵਿਸ਼ਵ ਪੱਧਰ 'ਤੇ, ਨੀਤੀ-ਘਾੜੇ ਇਸ ਸੰਕਟ ਦਾ ਜਵਾਬ ਦੇਣਾ ਸ਼ੁਰੂ ਕਰ ਰਹੇ ਹਨ। ਯੂ.ਕੇ. ਦਾ ਏਜ ਐਪ੍ਰੋਪਰੀਏਟ ਡਿਜ਼ਾਇਨ ਕੋਡ ਅਤੇ ਯੂਰਪੀ ਯੂਨੀਅਨ ਦਾ ਡਿਜੀਟਲ ਸਰਵਿਸਿਜ਼ ਐਕਟ ਇਸ ਵਧਦੀ ਹੋਈ ਸਮਝ ਨੂੰ ਦਰਸਾਉਂਦੇ ਹਨ ਕਿ ਬੱਚਿਆਂ ਨੂੰ ਆਨਲਾਈਨ ਸੁਰੱਖਿਅਤ ਰੱਖਣਾ ਸਿਰਫ਼ ਮਾਪਿਆਂ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਡਿਜੀਟਲ ਪਲੇਟਫਾਰਮਾਂ ਨੂੰ ਇਸ ਲਈ ਜਵਾਬਦੇਹ ਬਣਾਉਣ ਦੀ ਲੋੜ ਹੈ।

ਸਿੱਖਿਆ ਵਿਚ ਆਨਲਾਈਨ ਸੁਰੱਖਿਆ ਬਾਰੇ ਯੂਨੀਸੈਫ ਇੰਡੀਆ ਦੀ 2025 ਦੀ ਇੱਕ ਤਾਜ਼ਾ ਰਿਪੋਰਟ ਨੇ ਸਿੱਟਾ ਕੱਢਿਆ ਕਿ ਜਿੱਥੇ ਡਿਜੀਟਲ ਤਕਨਾਲੋਜੀਆਂ ਨੇ ਸਿੱਖਣ ਅਤੇ ਭਾਗੀਦਾਰੀ ਦੇ ਮੌਕੇ ਵਧਾਏ ਹਨ, ਉੱਥੇ ਉਨ੍ਹਾਂ ਨੇ ਬੱਚਿਆਂ ਨੂੰ ਨਿੱਜਤਾ ਦੇ ਖ਼ਤਰਿਆਂ, ਵਪਾਰਕ ਸ਼ੋਸ਼ਣ ਅਤੇ ਆਨਲਾਈਨ ਨੁਕਸਾਨਾਂ ਦੇ ਵੱਧ ਸੰਪਰਕ ਵਿਚ ਵੀ ਲਿਆ ਦਿੱਤਾ ਹੈ, ਜੋ ਬੱਚਾ-ਕੇਂਦਰਿਤ ਡਿਜੀਟਲ ਨਿਗਰਾਨ ਵਿਵਸਥਾ ਦੀ ਲੋੜ ਉੱਪਰ ਜ਼ੋਰ ਦਿੰਦਾ ਹੈ।

ਡਿਜੀਟਲ ਯੁੱਗ ਵਿਚ ਬਚਪਨ ਦੀ ਸੁਰੱਖਿਆ ਲਈ ਸਿਰਫ਼ ਡਿਜੀਟਲ ਸਾਖ਼ਰਤਾ ਹੀ ਕਾਫ਼ੀ ਨਹੀਂ ਹੈ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਧਿਆਨ ਮਹਿਜ਼ ਇੱਕ ਮੁਨਾਫ਼ਾ ਕਮਾਊ ਵਪਾਰਕ ਸਰੋਤ ਨਹੀਂ ਹੈ, ਸਗੋਂ ਵਿਕਾਸ ਲਈ ਮੂਲ ਲੋੜ ਹੈ। ਬਚਪਨ ਨੂੰ ਜਿਗਿਆਸਾ, ਰਿਸ਼ਤਿਆਂ ਅਤੇ ਕਲਪਨਾ ਦੁਆਰਾ ਘੜਿਆ-ਤਰਾਸ਼ਿਆ ਜਾਣਾ ਜ਼ਰੂਰੀ ਹੈ, ਨਾ ਕਿ ਉਨ੍ਹਾਂ ਐਲਗੋਰਿਦਮਾਂ ਦੁਆਰਾ ਜਿਨ੍ਹਾਂ ਦੀ ਸਫ਼ਲਤਾ ਨੌਜਵਾਨ ਮਨਾਂ ਨੂੰ ਵੱਧ ਤੋਂ ਵੱਧ ਸਮੇਂ ਤੱਕ ਸਕ੍ਰੀਨ ਉੱਪਰ ਰੁਝਾਈ ਰੱਖਣ 'ਤੇ ਨਿਰਭਰ ਕਰਦੀ ਹੈ। ਸਵਾਲ ਇਹ ਹੈ ਕਿ ਕੀ ਸਮਾਜ ਅਜਿਹੇ ਆਰਥਿਕ ਮਾਡਲ 'ਤੇ ਸੀਮਾਵਾਂ ਲਗਾਉਣ ਲਈ ਤਿਆਰ ਹਨ ਜੋ ਬੱਚਿਆਂ ਨੂੰ ਆਨਲਾਈਨ ਰੁੱਝੇ ਰੱਖ ਕੇ ਮੁਨਾਫ਼ਾ ਕਮਾਉਂਦੇ ਹਨ।

ਭਾਰਤ ਲਈ, ਜਿੱਥੇ ਕਿਫ਼ਾਇਤੀ ਸਮਾਰਟਫ਼ੋਨ ਅਤੇ ਸਸਤੇ ਮੋਬਾਈਲ ਡੇਟਾ ਨੇ ਬੱਚਿਆਂ ਦੀ ਇੰਟਰਨੈੱਟ ਤੱਕ ਪਹੁੰਚ ਬੇਹੱਦ ਵਧਾ ਦਿੱਤੀ ਹੈ, ਚੁਣੌਤੀ ਹੁਣ ਇਹ ਨਹੀਂ ਹੈ ਕਿ ਨੌਜਵਾਨਾਂ ਨੂੰ ਆਨਲਾਈਨ ਹੋਣਾ ਚਾਹੀਦਾ ਹੈ ਜਾਂ ਨਹੀਂ। ਚੁਣੌਤੀ ਇਹ ਯਕੀਨੀ ਬਣਾਉਣ ਦੀ ਹੈ ਕਿ ਡਿਜੀਟਲ ਭਾਗੀਦਾਰੀ ਦੇ ਨਾਲ-ਨਾਲ ਢੁਕਵੀਂ ਡਿਜੀਟਲ ਸੁਰੱਖਿਆ ਵੀ ਹੋਵੇ।

ਦੁਨੀਆ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਨੌਜਵਾਨ ਆਨਲਾਈਨ ਆਬਾਦੀਆਂ ਵਿੱਚੋਂ ਇੱਕ ਹੋਣ ਦੇ ਨਾਤੇ, ਭਾਰਤ ਕੋਲ ਡਿਜੀਟਲ ਨਿਗਰਾਨ ਵਿਵਸਥਾ ਦਾ ਅਜਿਹਾ ਮਾਡਲ ਤਿਆਰ ਕਰਨ ਦਾ ਮੌਕਾ ਹੈ ਜੋ ਤਕਨਾਲੋਜੀ ਨਵੀਨਤਾ ਵਾਂਗ ਹੀ ਬੱਚਿਆਂ ਦੇ ਅਧਿਕਾਰਾਂ ਨੂੰ ਵੀ ਬਰਾਬਰ ਮਹੱਤਵ ਦੇਵੇ।

---

*(ਪਿਛਲੇ ਸਫੇ ਦਾ ਬਾਕੀ)*

ਜਾਂ ਇਸ ਤੋਂ ਵੀ ਵੱਧ ਸੰਸਦ ਮੈਂਬਰ ਦੇ ਸਕਦੀ ਹੈ। ਪਰ ਕੋਈ ਵੀ ਸੰਸਥਾ ਉਸ ਨੂੰ ਉਹ 'ਤ੍ਰਿਣਮੂਲ' ਵਾਪਸ ਨਹੀਂ ਦੇ ਸਕਦੀ, ਜੋ ਕਦੇ ਖੇਤਾਂ, ਬਸਤੀਆਂ, ਵਿਦਿਆਰਥੀ ਜਲੂਸਾਂ, ਜ਼ਖ਼ਮੀ ਸਰੀਰਾਂ ਅਤੇ ਆਮ ਲੋਕਾਂ ਦੀਆਂ ਉਮੀਦਾਂ ਨਾਲ ਬਣੀ ਸੀ।

ਤ੍ਰਿਣਮੂਲ ਦੇ ਸਾਹਮਣੇ ਹੁਣ ਸਭ ਤੋਂ ਮਹੱਤਵਪੂਰਨ ਸਵਾਲ ਇਹ ਨਹੀਂ ਹੈ ਕਿ ਮਮਤਾ ਬੈਨਰਜੀ ਨੂੰ ਧੋਖਾ ਕਿਸ ਨੇ ਦਿੱਤਾ। ਸਵਾਲ ਇਹ ਹੈ ਕਿ ਸੱਤਾ ਵਿਚ ਰਹਿੰਦੇ ਹੋਏ ਤ੍ਰਿਣਮੂਲ ਨੇ ਕਿਹੜੇ ਲੋਕਾਂ ਨੂੰ ਧੋਖਾ ਦਿੱਤਾ। ਜਿਸ ਦਿਨ ਪਾਰਟੀ ਇਸ ਸਵਾਲ ਦਾ ਜਵਾਬ ਇਮਾਨਦਾਰੀ ਨਾਲ ਲੱਭਣਾ ਸ਼ੁਰੂ ਕਰੇਗੀ, ਉਸੇ ਦਿਨ ਉਸ ਦੀ ਮੁੜ-ਉਸਾਰੀ ਸ਼ੁਰੂ ਹੋ ਜਾਵੇਗੀ। ਕਿਉਂਕਿ ਮਮਤਾ ਬੈਨਰਜੀ ਨੂੰ ਹੁਣ ਸਿਰਫ਼ ਆਪਣੀ ਪਾਰਟੀ ਬਚਾਉਣ ਦੀ ਲੋੜ ਨਹੀਂ ਹੈ। ਉਸ ਨੂੰ ਆਪਣੀ ਪਾਰਟੀ ਨੂੰ ਉਸ ਦੇ ਨਾਮ ਦੇ ਅਸਲ ਅਰਥ ਵਿਚ ਵਾਪਸ ਲਿਆਉਣਾ ਹੋਵੇਗਾ। ਉਸ ਨੂੰ ਮੁੜ ਤ੍ਰਿਣਮੂਲ ਬਣਾਉਣਾ ਹੋਵੇਗਾ—ਜੜ੍ਹਾਂ ਨਾਲ ਜੁੜਿਆ ਹੋਇਆ, ਆਮ ਲੋਕਾਂ ਦੀਆਂ ਆਕਾਂਖਿਆਵਾਂ ਦਾ ਨੁਮਾਇੰਦਾ, ਅਤੇ ਸੱਤਾ ਨਾਲੋਂ ਵੱਧ ਸਮਾਜ 'ਤੇ ਆਧਾਰਤ ਰਾਜਨੀਤਿਕ ਅੰਦੋਲਨ।

---

# ਸੱਚ ਦੀ ਸਦਾ



**ਪ੍ਰੋ: ਅਮਾਨਤ ਗਿੱਲ ਲਾਹੌਰ**
**+923004969513**

ਇਨਸਾਨੀ ਸਮਾਜ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇੱਕ ਦੂਜੇ ਦੇ ਦੁੱਖ-ਸੁੱਖ ਵਿਚ ਸ਼ਰੀਕ ਹੋਣ ਨਾਲ ਹੈ। ਅਫਸੋਸ ਕਿ ਅਸੀਂ ਅਕਸਰ ਉਸ ਦੇ ਨਾਮ 'ਤੇ ਖੈਰਾਤ ਤੇ ਨੇਕੀ ਕਰਦੇ ਹਾਂ ਜੋ ਦੁਨੀਆ ਤੋਂ ਜਾ ਚੁੱਕਿਆ ਹੁੰਦਾ ਹੈ, ਪਰ ਜਿਉਂਦੇ ਲੋਕਾਂ ਦੀ ਲੋੜ ਤੇ ਮਜਬੂਰੀ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਹਾਲਾਂਕਿ ਅਸਲ ਇਨਸਾਨੀਅਤ ਤੇ ਨੇਕੀ ਉਸ ਵਿਚ ਹੈ ਕਿ ਵੇਲੇ ਸਿਰ ਕਿਸੇ ਲੋੜਵੰਦ ਦਾ ਸਹਾਰਾ ਬਣਿਆ ਜਾਵੇ। ਸਾਡੀ ਸਮਾਜਿਕ ਜ਼ਿੰਦਗੀ ਦਾ ਇਹ ਇੱਕ ਵੱਡਾ ਅਲਮੀਆ ਹੈ ਕਿ ਅਸੀਂ ਅਕਸਰ ਨੇਕੀ ਦੇ ਅਸਲ ਮਫਹੂਮ ਨੂੰ ਭੁੱਲ ਬੈਠੇ ਹਾਂ। ਜਿੱਥੇ ਕੋਈ ਇਨਸਾਨ ਦੁਨੀਆ ਤੋਂ ਰੁਖਸਤ ਹੋ ਜਾਂਦਾ ਹੈ, ਉੱਥੇ ਉਸ ਦੇ ਨਾਮ 'ਤੇ ਖਾਣੇ ਖਵਾਏ ਜਾਂਦੇ ਹਨ, ਖੈਰਾਤਾਂ ਕੀਤੀਆਂ ਜਾਂਦੀਆਂ ਹਨ ਤੇ ਵੱਖ-ਵੱਖ ਤਰੀਕਿਆਂ ਨਾਲ ਸਵਾਬ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਸਾਰੇ ਕੰਮ ਆਪਣੀ ਥਾਂ ਕਾਬਿਲ-ਏ-ਇਹਤਰਾਮ ਹਨ, ਪਰ ਸਵਾਲ ਇਹ ਹੈ ਕਿ ਜਦੋਂ ਉਹੀ ਇਨਸਾਨ ਜਿਉਂਦਾ ਸੀ, ਮੁਸ਼ਕਲ ਵਿਚ ਸੀ, ਮਦਦ ਦਾ ਤਲਬਗਾਰ ਸੀ, ਉਸ ਦੇ ਨਾਲ ਕਿੰਨੇ ਖਲੋਤੇ ਸਨ?

ਬਦਕਿਸਮਤੀ ਨਾਲ ਸਾਡੇ ਸਮਾਜ ਵਿਚ ਮਰਿਆਂ ਲਈ ਹਮਦਰਦੀ ਦਾ ਇਜ਼ਹਾਰ ਤਾਂ ਬਹੁਤ ਹੁੰਦਾ ਹੈ, ਪਰ ਜਿਉਂਦਿਆਂ ਦੀ ਤਕਲੀਫ਼ ਮਹਿਸੂਸ ਕਰਨ ਵਾਲੇ ਲੋਕ ਥੋੜ੍ਹੇ ਰਹਿ ਗਏ ਹਨ। ਕੋਈ ਗਰੀਬ ਇਲਾਜ ਤੋਂ ਮਹਰੂਮ ਹੋਵੇ, ਕੋਈ ਵਿਦਿਆਰਥੀ ਫੀਸ ਨਾ ਭਰ ਸਕਦਾ ਹੋਵੇ, ਕੋਈ ਬੇਵਾ ਜਾਂ ਯਤੀਮ ਸਹਾਰਾ ਲੱਭਦਾ ਫਿਰਦਾ ਹੋਵੇ, ਤਾਂ ਅਕਸਰ ਉਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਪਰ ਜਦੋਂ ਉਹੀ ਬੰਦਾ ਦੁਨੀਆ 'ਤੋਂ ਚਲਾ ਜਾਵੇ, ਤਾਂ ਉਸ ਦੇ ਨਾਮ 'ਤੇ ਖੈਰਾਤ ਦੇ ਲੰਮੇ ਸਿਲਸਿਲੇ ਸ਼ੁਰੂ ਹੋ ਜਾਂਦੇ ਹਨ।

ਹਕੀਕਤ ਇਹ ਹੈ ਕਿ ਜਿਉਂਦੇ ਇਨਸਾਨ ਦੀ ਮਦਦ ਸਭ ਤੋਂ ਵੱਡੀ ਨੇਕੀ ਹੈ। ਇੱਕ ਭੁੱਖੇ ਨੂੰ ਰੋਟੀ ਦੇਣਾ, ਇੱਕ ਮਜਬੂਰ ਦਾ ਹੱਥ ਫੜਨਾ, ਇੱਕ ਦੁਖੀ ਦਿਲ ਨੂੰ ਹੌਸਲਾ ਦੇਣਾ ਤੇ ਇੱਕ ਬੇਸਹਾਰਾ ਬੰਦੇ ਦੀ ਲੋੜ ਪੂਰੀ ਕਰਨਾ ਉਹ ਸੇਵਾ ਹੈ ਜਿਹੜੀ ਨਾ ਸਿਰਫ਼ ਇਨਸਾਨੀਅਤ ਨੂੰ ਮਜ਼ਬੂਤ ਕਰਦੀ ਹੈ ਬਲਕਿ ਸਮਾਜ ਵਿਚ ਮੁਹੱਬਤ, ਭਾਈਚਾਰਾ ਤੇ ਭਰੋਸਾ ਵੀ ਪੈਦਾ



ਕਰਦੀ ਹੈ।

ਸਾਡੇ ਰਵੱਈਆਂ ਵਿਚ ਇਹ ਤਬਦੀਲੀ ਆਉਣੀ ਚਾਹੀਦੀ ਹੈ ਕਿ ਅਸੀਂ ਸਿਰਫ਼ ਮਰਨ ਤੋਂ ਬਾਅਦ ਦੀ ਖੈਰਾਤ ਤੱਕ ਮਹਦੂਦ ਨਾ ਰਹੀਏ ਬਲਕਿ ਜ਼ਿੰਦਗੀਆਂ ਸੰਵਾਰਨ ਦੀ ਕੋਸ਼ਿਸ਼ ਕਰੀਏ। ਕਿਉਂਕਿ ਜਿਉਂਦੇ ਇਨਸਾਨ ਨੂੰ ਦਿੱਤਾ ਹੋਇਆ ਸਹਾਰਾ ਉਸ ਲਈ ਉਮੀਦ ਦੀ ਕਿਰਨ ਬਣ ਸਕਦਾ ਹੈ, ਉਸ ਦੀ ਜ਼ਿੰਦਗੀ ਬਦਲ ਸਕਦਾ ਹੈ ਤੇ ਕਈ ਵਾਰ ਉਸ ਦੇ ਪੂਰੇ ਪਰਿਵਾਰ ਨੂੰ ਮੁਸ਼ਕਲਾਂ ਚੋਂ ਕੱਢ ਸਕਦਾ ਹੈ।

ਲੋੜ ਇਸ ਗੱਲ ਦੀ ਹੈ ਕਿ ਅਸੀਂ ਨੇਕੀ ਨੂੰ ਰਸਮ ਨਹੀਂ ਬਲਕਿ ਅਹਿਸਾਸ ਬਣਾਈਏ। ਮਰਿਆਂ ਲਈ ਦੁਆ ਜ਼ਰੂਰ ਕਰੀਏ, ਪਰ ਜਿਉਂਦਿਆਂ ਦੀ ਮਦਦ ਨੂੰ ਆਪਣੀ ਪਹਿਲੀ ਤਰਜੀਹ ਬਣਾਈਏ। ਆਖ਼ਿਰਕਾਰ ਉਹੀ ਸਮਾਜ ਤਰੱਕੀ ਕਰਦੇ ਹਨ, ਜਿੱਥੇ ਇਨਸਾਨ ਦੀ ਕਦਰ ਉਸ ਦੇ ਜਿਉਂਦੇ ਹੋਣ ਦੌਰਾਨ ਕੀਤੀ ਜਾਵੇ, ਨਾ ਕਿ ਸਿਰਫ਼ ਉਸ ਦੇ ਦੁਨੀਆ ਤੋਂ ਚਲੇ ਜਾਣ ਤੋਂ ਬਾਅਦ।

ਜੇ ਅਸੀਂ ਵਾਕਈ ਨੇਕੀ ਤੇ ਇਨਸਾਨੀਅਤ ਦੇ ਦਾਅਵੇਦਾਰ ਹਾਂ, ਤਾਂ ਸਾਡਾ ਫਰਜ਼ ਹੈ ਕਿ ਜਿਉਂਦੇ ਇਨਸਾਨ ਦੇ ਦੁੱਖ ਦਰਦ ਵਿਚ ਸ਼ਰੀਕ ਹੋਈਏ, ਕਿਉਂਕਿ ਵੇਲੇ ਤੇ ਦਿੱਤਾ ਗਿਆ ਸਹਾਰਾ, ਮਰਨ ਤੋਂ ਬਾਅਦ ਦੀ ਦਿੱਤੀ ਗਈ ਖੈਰਾਤ ਨਾਲੋਂ ਕਈ ਗੁਣਾ ਵੱਧ ਕੀਮਤੀ ਹੁੰਦਾ ਹੈ।

ਪਰ ਅਫਸੋਸ ਕਿ:

'ਮਰੇ ਇਨਸਾਨ ਨੂੰ ਨੇਕੀ ਸਮਝ ਕੇ ਮੋਢਾ ਦੇਣ ਵਾਲੇ ਲੋਕ, ਜਿਉਂਦੇ ਇਨਸਾਨ ਨੂੰ ਸਹਾਰਾ ਦੇਣਾ ਸ਼ਾਇਦ ਗੁਨਾਹ ਸਮਝਦੇ ਹਨ।'

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਾਦ-ਵਿਵਾਦ ਚਿੰਤਾ ਦਾ ਵਿਸ਼ਾ


ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਰੋਕਣ ਲਈ ਪੰਜਾਬ ਸਰਕਾਰ ਵਲੋਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਬਣਾਉਣ ਤੋਂ ਬਾਅਦ ਨਵਾਂ ਵਾਦ-ਵਿਵਾਦ ਪੈਦਾ ਹੋ ਗਿਆ ਹੈ। ਇਸ ਬੇਅਦਬੀ ਕਾਨੂੰਨ ਨੇ ਸਿਆਸੀ ਰੰਗਤ ਫੜ ਲਈ ਹੈ। ਇਥੇ ਵਿਚਾਰ ਕਰਨ ਦਾ ਭਾਵ ਇਹ ਕਾਨੂੰਨ ਸਹੀ ਜਾਂ ਗ਼ਲਤ ਬਾਰੇ ਫੈਸਲਾ ਕਰਨਾ ਨਹੀਂ ਹੈ, ਪ੍ਰੰਤੂ ਇਸ ਕਾਨੂੰਨ ਦੇ ਬਣਨ ਨਾਲ ਸਿੱਖ ਪੰਥ ਅੱਜ-ਕਲ੍ਹ ਘੋਰ ਸੰਕਟ ਵਿਚ ਗ੍ਰਸਤ ਹੋ ਗਿਆ ਹੈ। ਸਿੱਖ ਸੰਗਤ ਬੁਰੀ ਤਰ੍ਹਾਂ ਦੁਬਿਧਾ ਵਿਚ ਫਸੀ ਹੋਈ ਹੈ। ਸਮੂਹ ਸੰਗਤ ਇੱਕਮੁੱਠ ਨਹੀਂ ਹੈ। ਸਿੱਖਾਂ ਦੇ ਸਾਰੇ ਧੜੇ ਆਪੋ ਆਪਣੀ ਡਫਲੀ ਵਜਾ ਰਹੇ ਹਨ। ਸਾਰੀ ਬਿਆਨਬਾਜ਼ੀ ਸਿਆਸਤ ਤੋਂ ਪ੍ਰੇਰਿਤ ਹੈ।



**ਉਜਾਗਰ ਸਿੰਘ**
**ਫੋਨ: 94178-13072**

ਸੰਜੀਦਗੀ ਨਾਲ ਵਿਚਾਰਿਆ ਨਹੀਂ ਜਾ ਰਿਹਾ। ਸਿੱਖ ਵਿਦਵਾਨਾਂ ਅਤੇ ਸਿਰਮੌਰ ਸਿੱਖ ਸੰਪਰਦਾਵਾਂ ਨੂੰ ਸੰਜੀਦਗੀ ਨਾਲ ਮਿਲ-ਬੈਠ ਕੇ ਵਿਚਾਰ ਚਰਚਾ ਕਰਨ ਦੀ ਅਤਿਅੰਤ ਲੋੜ ਹੈ। ਜੇਕਰ ਸਿੱਖ ਪੰਥ ਨੂੰ ਇਸ ਸੰਕਟ ਵਿਚੋਂ ਨਹੀਂ ਕੱਢਿਆ ਜਾਂਦਾ ਤਾਂ ਸ੍ਰੀ ਅਕਾਲ ਤਖ਼ਤ ਦੀ ਮਾਣ-ਮਰਿਆਦਾ ਅਤੇ ਸਰਵਉਚਤਾ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਹੈ। ਸਿੱਖ ਵਿਰੋਧੀ ਤਾਕਤਾਂ ਇਹੋ ਕੁਝ ਚਾਹੁੰਦੀਆਂ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਜਗਤ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਰਿਹਾ ਹੈ। ਸਿੱਖਾਂ ਦੇ ਧਾਰਮਿਕ ਮਾਮਲਿਆਂ ਬਾਰੇ ਵਾਦ-ਵਿਵਾਦ ਸਿੱਖ ਪੰਥ ਦਾ ਖਹਿੜਾ ਨਹੀਂ ਛੱਡ ਰਿਹਾ, ਕਿਉਂਕਿ ਕਿਸੇ ਨਾ ਕਿਸੇ ਵਿਸ਼ੇ 'ਤੇ ਖਾ-ਮਖਾਹ ਵਾਦ-ਵਿਵਾਦ ਹੁੰਦਾ ਰਹਿੰਦਾ ਹੈ। ਲਗਪਗ ਹਰ ਅਖੌਤੀ ਵਿਦਵਾਨ ਆਪਣੀ ਵਿਦਵਤਾ ਦੀ ਪ੍ਰਮਾਣਿਕਤਾ ਸਥਾਪਤ ਕਰਨ ਲਈ ਸਿੱਖ ਵਿਚਾਰਧਾਰਾ ਦੀ ਆਪਣੇ ਹਿਸਾਬ ਨਾਲ ਚੀਰ-ਫਾੜ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿਸ ਕਰਕੇ ਵਾਦ-ਵਿਵਾਦ ਨਾਲ ਸਿੱਖ ਪੰਥ ਦੀ ਵਿਚਾਰਧਾਰਾ ਨੂੰ ਨੁਕਸਾਨ ਪਹੁੰਚਦਾ ਹੈ।

ਤਾਜ਼ਾ ਵਾਦ-ਵਿਵਾਦ 15 ਜੂਨ 2026 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਿੱਖ ਸਪੀਕਰ, ਸਿੱਖ ਮੰਤਰੀਆਂ ਅਤੇ ਸਿੱਖ ਵਿਧਾਨਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਬਣਾਏ ਗਏ ਕਾਨੂੰਨ ਬਾਰੇ ਹੁਕਮਨਾਮਾ ਜਾਰੀ ਕਰਕੇ ਤਲਬ ਕਰਨ ਨਾਲ ਬਣ ਗਿਆ ਹੈ। ਇਸ ਹੁਕਮਨਾਮੇ ਨਾਲ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿਚ ਅਜੀਬ ਕਿਸਮ ਦੀ ਰੰਗਤ ਵਾਲੀ ਚਰਚਾ ਸ਼ੁਰੂ ਹੋ ਗਈ ਹੈ। ਸਿੱਖ ਸੰਗਤ ਵਿਚ ਵੰਡੀਆਂ ਪੈ ਗਈਆਂ ਹਨ। ਮੁੱਖ ਤੌਰ 'ਤੇ ਸਿੱਖ ਦੋ ਧੜਿਆਂ ਵਿਚ ਵੰਡੇ ਗਏ ਹਨ। ਇੱਕ ਧੜਾ ਇਸ ਹੁਕਮਨਾਮੇ ਦੀ ਹਮਾਇਤ ਅਤੇ ਦੂਜਾ ਧੜਾ ਇਸਦਾ ਵਿਰੋਧ ਕਰਕੇ ਇਸਨੂੰ ਵਾਪਸ ਲੈ ਕੇ ਸੂਝਵਾਨ ਸਿੱਖ ਧਰਮ ਦੇ ਸਿਰਮੌਰ ਧਾਰਮਿਕ ਤੇ ਅਧਿਆਤਮਿਕ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ, ਇਸ ਉਲਝਣ ਦਾ ਕੋਈ ਹੱਲ ਕੱਢਣ ਲਈ ਜ਼ੋਰ ਦੇ ਰਿਹਾ ਹੈ। ਇਸ ਹੁਕਮਨਾਮੇ ਨਾਲ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਟਕਰਾਓ ਦੀ ਸਥਿਤੀ ਪੈਦਾ ਹੋ ਗਈ ਹੈ, ਜੋ ਬਹੁਤ ਹੀ ਮੰਦਭਾਗੀ ਹੈ। ਪੰਜਾਬ ਸਰਕਾਰ ਭਾਰਤ ਦੇ ਸੰਵਿਧਾਨ ਅਨੁਸਾਰ ਵਿਧਾਨਿਕ ਹੱਕਾਂ ਵਾਲੀ ਸੰਸਥਾ ਹੈ, ਜੋ ਕੋਈ ਵੀ ਕਾਨੂੰਨ ਬਣਾ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇੱਕ ਧਰਮ ਦੀ ਧਾਰਮਿਕ ਸੰਸਥਾ ਹੈ, ਇਸਦਾ ਅਧਿਕਾਰ ਖੇਤਰ ਧਾਰਮਿਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਅਤੇ ਸਿੱਖ ਕੌਮ ਦੀ ਸਭ ਤੋਂ ਵੱਡੀ ਸੰਸਥਾ ਨੂੰ ਹਰ ਸਿੱਖ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਾਨਤਾ ਦਿੰਦਾ ਹੈ। ਇਸ ਸੰਸਥਾ ਦੇ ਹਰ ਹੁਕਮਨਾਮੇ 'ਤੇ ਫੁੱਲ ਚੜ੍ਹਾਉਣ ਨੂੰ ਪਹਿਲ ਦਿੰਦਾ ਹੋਇਆ ਮਾਣ ਮਹਿਸੂਸ ਕਰਦਾ ਹੈ, ਪ੍ਰੰਤੂ ਦੁੱਖ ਦੀ ਗੱਲ ਹੈ ਕਿ ਇਸ ਤੋਂ ਪਹਿਲਾਂ ਵੀ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਹੋਏ ਕੁਝ ਹੁਕਮਨਾਮਿਆਂ ਦੀ ਸਿੱਖ ਜਗਤ ਨੇ ਪ੍ਰਵਾਹ ਨਹੀਂ ਕੀਤੀ, ਜਿਨ੍ਹਾਂ ਵਿਚ 1978 ਵਿਚ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਵੱਲੋਂ 13 ਸਿੰਘਾਂ ਨੂੰ ਸ਼ਹੀਦ ਕਰਨ ਸੰਬੰਧੀ ਨਿਰੰਕਾਰੀਆਂ ਨਾਲ ਸਮਾਜਿਕ ਸੰਬੰਧ ਅਰਥਾਤ ਰੋਟੀ-ਬੇਟੀ ਦਾ ਰਿਸ਼ਤਾ ਨਾ ਰੱਖਣ ਲਈ ਕਿਹਾ ਗਿਆ ਅਤੇ ਇਸ ਤੋਂ ਇਲਾਵਾ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੇ ਮੁੱਖ ਸੰਪਾਦਕ ਜੋਗਿੰਦਰ ਸਿੰਘ ਦਾ ਬਾਈਕਾਟ ਕਰਨ ਦਾ ਹੁਕਮਨਾਮਾ ਵੀ ਜਾਰੀ ਹੋਇਆ ਸੀ, ਜਿਨ੍ਹਾਂ 'ਤੇ ਸਿੱਖ ਸੰਗਤ ਨੇ ਅਮਲ ਨਹੀਂ ਕੀਤਾ ਸੀ।




ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਲਈ ਅਧਿਆਤਮਿਕ ਤੇ ਰੂਹਾਨੀ ਸ਼ਕਤੀ ਦੀ ਪ੍ਰਾਪਤੀ ਦਾ ਮੁੱਖ ਕੇਂਦਰ ਬਿੰਦੂ ਹੈ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ 1606 ਵਿਚ ਕੀਤੀ ਸੀ। ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਇੱਕ ਮੁਸਲਮਾਨ ਸੂਫੀ ਹਜ਼ਰਤ ਮੀਆਂ ਮੀਰ ਤੋਂ ਰਖਵਾ ਕੇ ਸਿੱਖ ਧਰਮ ਦੀ 'ਸਰਬ ਸਾਂਝੀਵਾਲਤਾ' ਸਰਬੱਤ ਦਾ ਭਲਾ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ ਸੀ। ਭਾਵ ਇਸ ਕਾਇਨਾਤ ਦੇ ਸਾਰੇ ਮਨੁੱਖ ਬਰਾਬਰ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰੱਖਣ ਦਾ ਮੰਤਵ ਵੀ ਇਹ ਮਹਾਨ ਪਵਿਤਰ ਸਥਾਨ ਹਰ ਮਾਨਵ ਲਈ ਖੁਲ੍ਹਾ ਹੋਣ ਦਾ ਸਬੂਤ ਹੈ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਹੀ ਸੱਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਵਾ ਕੇ ਇਹ ਸੰਦੇਸ਼ ਦਿੱਤਾ ਸੀ ਕਿ ਧਰਮ ਸਿੱਖ ਰਾਜ ਵਿਚ ਵਧੇਰੇ ਪ੍ਰਫੁਲਤ ਹੋ ਸਕਦਾ ਹੈ, ਪ੍ਰੰਤੂ ਉਨ੍ਹਾਂ ਦਾ ਇਹ ਭਾਵ ਨਹੀਂ ਸੀ ਕਿ ਧਰਮ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜਨੀਤੀ ਸ਼ਕਤੀ ਦੇ ਅਧੀਨ ਹੋਵੇਗਾ। ਇੱਕ ਕਿਸਮ ਨਾਲ ਮੀਰੀ ਤੇ ਪੀਰੀ ਦੋ ਵੱਖੋ-ਵੱਖਰੇ ਸਿਧਾਂਤ ਆਪਸ ਵਿਚ ਜੁੜੇ ਹੋਏ ਹਨ, ਜੋ 'ਧਾਰਮਿਕ ਅਤੇ ਰਾਜਨੀਤਕ ਸ਼ਕਤੀ' ਦੇ ਸੁਮੇਲ ਦਾ ਪ੍ਰਤੀਕ ਹਨ। ਮੀਰੀ ਦਾ ਭਾਵ ਰਾਜਨੀਤਕ ਸ਼ਕਤੀ ਅਤੇ ਪੀਰੀ ਦਾ ਅਰਥ ਅਧਿਆਤਮਿਕ ਜਾਂ ਧਾਰਮਿਕ ਹੈ। ਮੁਗ਼ਲਾਂ ਦੇ ਜ਼ੁਲਮਾਂ ਦਾ ਸਾਹਮਣਾ ਕਰਨ ਅਤੇ ਧਰਮ ਦੀ ਰਾਖੀ ਲਈ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਧਾਰਨ ਕੀਤੀਆਂ ਸਨ। ਭਾਵ ਭਗਤੀ ਦੇ ਨਾਲ ਜ਼ੁਲਮ ਦੇ ਵਿਰੁੱਧ ਹਥਿਆਰ ਚੁੱਕਣ ਤੋਂ ਹਿਚਕਚਾਹਟ ਨਹੀਂ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਵਿਚਾਰਧਾਰਾਵਾਂ 'ਤੇ ਪਹਿਰਾ ਦੇਣ ਦਾ ਕੰਮ ਕਰੇਗਾ। ਸਿੱਖ ਸੰਗਤ ਨੂੰ ਰਹਿਤ ਮਰਿਆਦਾ ਵਿਚ ਰਹਿੰਦਿਆਂ ਵਿਚਰਣ ਦੀ ਨਿਗਰਾਨੀ ਕਰੇਗਾ। ਅਰਥਾਤ ਸਿੱਖ ਸੰਗਤ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਦੀਆਂ ਅਵੱਗਿਆਵਾਂ ਕਰਨ ਤੋਂ ਰੋਕਣ ਅਤੇ ਅਵੱਗਿਆ ਕਰਨ ਵਾਲਿਆਂ ਨੂੰ ਧਾਰਮਿਕ ਸਜ਼ਾਵਾਂ ਦੇ ਕੇ ਮੁੜ ਪੰਥ ਦੀਆਂ ਪਰੰਪਰਾਵਾਂ ਅਨੁਸਾਰ ਵਿਚਰਣ ਦਾ ਪ੍ਰਤੀਬੱਧ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਬਾਅਦ ਸਿੱਖ ਕੌਮ ਦੇ ਸਿਰਮੌਰ ਪ੍ਰਤਿਭਾਵਨ ਉਚੇ-ਸੁੱਚੇ ਕਿਰਦਾਰ ਵਾਲੇ ਅਧਿਆਤਮਿਕ ਅਤੇ ਧਾਰਮਿਕ ਮਹਾਂਪੁਰਸ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਮਜ਼ਦ ਕਰਨ ਦੀ ਪਰੰਪਰਾ ਸ਼ੁਰੂ ਹੋਈ ਸੀ। ਉਹ ਜਥੇਦਾਰ ਸਿੱਖ ਧਰਮ ਦੀਆਂ ਪਰੰਪਰਾਵਾਂ ਅਨੁਸਾਰ ਅਗਵਾਈ ਕਰਦੇ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਇਹ ਨਿਯੁਕਤੀ ਸਰਬੱਤ ਖਾਲਸਾ ਰਾਹੀਂ ਹੁੰਦੀ ਰਹੀ। ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਯੁਕਤ ਕੀਤਾ ਸੀ। ਇਸ ਤੋਂ ਬਾਅਦ ਜਿਵੇਂ-ਬਾਬਾ ਬੁੱਢਾ ਜੀ ਅਤੇ ਅਕਾਲੀ ਫੂਲਾ ਸਿੰਘ ਦੀ ਨਿਯੁਕਤੀ ਸਿੱਖ ਸੰਗਤਾਂ ਦੇ ਸਮੂਹਿਕ ਇਕੱਠ ਸਰਬੱਤ ਖਾਲਸਾ ਦੁਆਰਾ ਕੀਤੀ ਗਈ ਸੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਿੱਖ ਵਿਦਵਾਨਾ, ਸੰਤਾਂ ਮਹਾਂ ਪੁਰਖਾਂ, ਸਿੱਖ ਸੰਪਰਦਾਵਾਂ ਅਤੇ ਸਿੱਖ ਸੰਸਥਾਵਾਂ ਦੇ ਮੁਖੀਆਂ ਦੀ ਸਲਾਹ ਨਾਲ ਨਿਯੁਕਤੀ ਕਰਨ ਲੱਗ ਪਈ।

ਇਸ ਸਮੇਂ ਹਾਲਾਤ ਅਜਿਹੇ ਬਣ ਗਏ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਨ-ਮਰਜ਼ੀ ਕਰਨ ਲੱਗ ਪਈ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੱਖ ਪਰੰਪਰਾਵਾਂ 'ਤੇ ਪਹਿਰਾ ਦੇਣ ਦੀ ਥਾਂ ਆਪਣੇ ਸਿਆਸੀ ਆਗੂਆਂ ਦੀ ਪੁਸ਼ਤ-ਪਨਾਹੀ ਕਰਦੇ ਰਹੇ ਹਨ, ਜਿਹੜੇ ਜਥੇਦਾਰਾਂ ਨੂੰ ਨਿਯੁਕਤ ਕਰਦੇ ਹਨ। ਜਿਹੜੇ ਜਥੇਦਾਰਾਂ ਨੇ ਰਾਜਨੀਤਕ ਪ੍ਰਭਾਵ ਗ੍ਰਹਿਣ ਕਰਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਜਲਦਬਾਜ਼ੀ ਵਿਚ ਬਦਲ ਜਾਂ ਜਥੇਦਾਰ ਦੇ ਅਹੁਦੇ ਤੋਂ ਭਾਰ ਮੁਕਤ ਕਰ ਦਿੱਤਾ ਜਾਂਦਾ ਰਿਹਾ ਹੈ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਵਾਲੇ ਹੁਕਮਨਾਮਿਆਂ ਨੂੰ ਬਹੁਤੀ ਸਿੱਖ ਸੰਗਤ ਮੰਨਣ ਤੋਂ ਹੀ ਇਨਕਾਰੀ ਹੋ ਗਈ। ਸਿੱਖ ਮਾਣ ਮਰਿਆਦਾ ਨੂੰ ਨੁਕਸਾਨ ਸਿਆਸਤਦਾਨਾਂ ਦੀ ਦਖ਼ਲ-ਅੰਦਾਜ਼ੀ ਕਰਕੇ ਹੋ ਰਿਹਾ ਹੈ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਹੋਣ ਲੱਗ ਪਈ ਹੈ। ਇਸਦਾ ਅਰਥ ਇਹ ਹੋਇਆ ਕਿ ਸਿਆਸਤਦਾਨਾਂ ਦੀ ਦਖ਼ਲ-ਅੰਦਾਜ਼ੀ ਨੂੰ ਸਿੱਖ ਸੰਗਤਾਂ ਪ੍ਰਵਾਨ ਨਹੀਂ ਕਰ ਰਹੀਆਂ। ਸੰਸਾਰ ਵਿਚ ਸਿਰਫ ਸਿੱਖ ਧਰਮ ਹੀ ਅਜਿਹਾ ਹੈ ਜਿਸਦੀ ਪ੍ਰਬੰਧਕ ਕਮੇਟੀ ਦੀ ਚੋਣ ਵੋਟਾਂ ਨਾਲ ਹੁੰਦੀ ਹੈ। ਇਸ ਵਿਚਾਰ ਚਰਚਾ ਦਾ ਅਰਥ ਹੈ ਕਿ ਸਿੱਖ ਸੰਸਥਾਵਾਂ ਦੇ ਕੰਮ ਕਾਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਖ਼ਲ-ਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਸੰਗਤ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਵਿਚ ਵਿਸ਼ਵਾਸ ਤੇ ਉਨ੍ਹਾਂ ਦਾ ਰੁਤਬਾ ਸਰਵਉਚ ਬਣਿਆ ਰਹੇ।

# ਪੰਜਾਬ ਦੇ ਪੇਂਡੂ ਅਰਥਚਾਰੇ ਦੇ ਉਜਾੜੇ ਦਾ ਅਸਲ ਸੱਚ

ਆਰਥਿਕ ਤੰਗੀ ਕਾਰਨ ਪਿੰਡਾਂ ਦੇ ਲੋਕ ਰੋਜ਼ਗਾਰ ਦੀ ਭਾਲ ਵਿਚ ਸ਼ਹਿਰਾਂ ਵੱਲ ਦੌੜ ਰਹੇ ਹਨ। ਪਰ ਸ਼ਹਿਰਾਂ ਵਿਚ ਪਹਿਲਾਂ ਹੀ ਮੰਦਹਾਲੀ ਅਤੇ ਭਾਰੀ ਬੇਰੁਜ਼ਗਾਰੀ ਹੈ। ਸਿੱਟਾ ਇਹ ਹੈ ਕਿ ਪਿੰਡ ਦਾ ਆਦਮੀ ਨਾ ਪਿੰਡ ਦਾ ਰਹਿੰਦਾ ਹੈ ਨਾ ਸ਼ਹਿਰ ਦਾ। ਇਸ ਉਜਾੜੇ ਕਾਰਨ ਪਿੰਡਾਂ ਦੀ ਆਤਮ-ਨਿਰਭਰਤਾ ਖ਼ਤਮ ਹੋ ਗਈ ਹੈ ਤੇ ਅੱਜ ਪਿੰਡ ਵਿਚ ਰਵਾਇਤੀ ਅਤੇ ਹੁਨਰਮੰਦ ਕਾਰੀਗਰ ਜਿਵੇਂ ਰਾਜ-ਮਿਸਤਰੀ, ਤਰਖਾਣ ਤੇ ਲੋਹਾਰ ਲੱਭਿਆਂ ਵੀ ਨਹੀਂ ਮਿਲਦੇ, ਕਿਉਂਕਿ ਕੰਮ ਨਾ ਹੋਣ ਕਾਰਨ ਉਨ੍ਹਾਂ ਦੀ ਅਗਲੀ ਪੀੜ੍ਹੀ ਨੇ ਇਹ ਕਿੱਤੇ ਛੱਡ ਦਿੱਤੇ ਹਨ।



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਪਿੰਡ ਦਾ ਅਰਥਚਾਰਾ ਚਰਮਰਾ ਗਿਆ ਹੈ। ਕੀ ਇਹ ਪੇਂਡੂ ਅਰਥਚਾਰੇ ਨੂੰ ਨਜ਼ਰ-ਅੰਦਾਜ਼ ਕਰਨਾ ਨਹੀਂ ਹੈ?

ਪੇਂਡੂ ਅਰਥਚਾਰੇ ਦਾ ਇੱਕ ਵੱਡਾ ਸੱਚ ਇਹ ਹੈ ਕਿ ਜਦੋਂ ਖੇਤੀ ਸੰਕਟ ਵਿਚ ਆਉਂਦੀ ਹੈ ਤਾਂ ਕਿਸਾਨ ਅਤੇ ਮਜ਼ਦੂਰ ਦੋਹਾਂ ਦੀ ਆਰਥਿਕਤਾ ਉੱਤੇ ਵੱਡੀ ਸੱਟ ਪੈਂਦੀ ਹੈ, ਕਿਉਂਕਿ ਪਿੰਡਾਂ ਦੀ ਆਰਥਿਕਤਾ ਦਾ ਵੱਡਾ ਤੇ ਬੁਨਿਆਦੀ ਅਸੂਲ ਕਿਸਾਨ ਅਤੇ ਮਜ਼ਦੂਰ ਦੀ ਆਪਸੀ ਸਾਂਝ ਉੱਤੇ ਟਿਕਿਆ ਹੋਇਆ ਹੈ। ਜਦੋਂ ਕਿਸਾਨ ਖ਼ੁਦ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਵੇ ਅਤੇ ਖੇਤੀ ਵਿਚ ਅੰਨ੍ਹੇਵਾਹ ਮਸ਼ੀਨੀਕਰਨ (ਜਿਵੇਂ ਟਰੈਕਟਰ, ਕੰਬਾਈਨਾਂ ਤੇ ਸੁਪਰ ਸੀਡਰ) ਵਧ ਗਿਆ ਹੋਵੇ, ਤਾਂ ਖੇਤਾਂ ਵਿਚ ਮਜ਼ਦੂਰ ਲਈ ਰਵਾਇਤੀ ਦਿਹਾੜੀ ਦੇ ਦਿਨ ਬਹੁਤ ਘਟ ਜਾਂਦੇ ਹਨ, ਜਿਸ ਦਾ ਸਿੱਧਾ ਅਸਰ ਖ਼ਾਸ ਕਰਕੇ ਮਜ਼ਦੂਰਾਂ ਦੀ ਆਮਦਨ ਉੱਤੇ ਪੈਂਦਾ ਹੈ, ਜੋ ਕਿ ਪਹਿਲਾਂ ਹੀ ਸੀਮਤ ਹੈ। ਇਹੋ ਜਿਹੇ ਹਾਲਾਤ ਕੀ ਸਿੱਧੇ ਤੌਰ 'ਤੇ ਉਸ ਦੀ ਰੋਜ਼ਾਨਾ ਜ਼ਿੰਦਗੀ ਦੇ ਕਾਰ-ਵਿਹਾਰ ਉੱਤੇ ਅਸਰ ਨਹੀਂ ਪਾ ਰਹੇ?

ਪੇਂਡੂ ਅਰਥਚਾਰੇ ਦਾ ਇੱਕ ਹੋਰ ਪੱਖ ਇਹ ਹੈ ਕਿ ਜਦੋਂ ਕਿਸਾਨ ਕੋਲ ਪੈਸਾ ਨਹੀਂ ਹੁੰਦਾ, ਤਾਂ ਪਿੰਡ ਵਿਚ ਇੱਕ ਭਿਆਨਕ ਆਰਥਿਕ ਖਲਾਅ ਪੈਦਾ ਹੋ ਜਾਂਦਾ ਹੈ। ਬੈਂਕ ਗਰੀਬ ਮਜ਼ਦੂਰ ਨੂੰ ਬਿਨਾਂ ਗਰੰਟੀ ਕਰਜ਼ਾ ਨਹੀਂ ਦਿੰਦੇ, ਜਿਸ ਕਾਰਨ ਪਿੰਡਾਂ ਵਿਚ ਨਿੱਕੇ ਸ਼ਾਹੂਕਾਰਾਂ, ਸੁਸਾਇਟੀਆਂ ਤੇ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਇੱਕ ਨਵਾਂ ਮਾਰੂ ਜਾਲ ਵਿਛ ਗਿਆ ਹੈ। ਇਹ ਨਿੱਕੇ ਸ਼ਾਹੂਕਾਰ ਗਰੀਬਾਂ ਦੀ ਮਜਬੂਰੀ ਦਾ ਫ਼ਾਇਦਾ ਚੁੱਕ ਕੇ 24% ਤੋਂ 36% ਤੱਕ ਦਾ ਮਾਰੂ ਵਿਆਜ ਵਸੂਲਦੇ ਹਨ।

ਹੱਦ ਤਾਂ ਇਹ ਹੈ ਕਿ ਰੋਜ਼ਾਨਾ ਫੇਰੀ ਲਗਾਉਣ ਵਾਲੇ, ਰੇਹੜੇ ਵਾਲੇ ਜਾਂ ਨਿੱਕਾ-ਮੋਟਾ ਕੰਮ ਕਰਨ ਵਾਲੇ ਗਰੀਬਾਂ ਨੂੰ ਜੇਕਰ ਸਵੇਰੇ ਸਾਮਾਨ ਖਰੀਦਣ ਲਈ 500 ਰੁਪਏ ਦੇ ਕਰਜ਼ੇ ਦੀ ਲੋੜ ਪਵੇ, ਤਾਂ ਸ਼ਾਹੂਕਾਰ 100 ਰੁਪਏ ਪਹਿਲਾਂ ਹੀ ਬਤੌਰ ਵਿਆਜ ਕੱਟ ਕੇ ਉਨ੍ਹਾਂ ਨੂੰ 400 ਰੁਪਏ ਦਿੰਦੇ ਹਨ ਤੇ ਸ਼ਾਮ ਨੂੰ ਪੂਰੇ 500 ਰੁਪਏ ਵਾਪਸ ਲੈਂਦੇ ਹਨ। ਇਹ 20% ਪ੍ਰਤੀ ਦਿਨ ਦੀ ਲੁੱਟ ਗਰੀਬ ਨੂੰ ਕਦੇ ਵੀ ਗਰੀਬੀ ਦੀ ਦਲਦਲ ਵਿਚੋਂ ਬਾਹਰ ਨਹੀਂ ਨਿਕਲਣ ਦਿੰਦੀ। ਕੀ ਇਸ ਲੁੱਟ ਵੱਲ ਕਦੇ ਹਾਕਮਾਂ ਦੀ ਨਜ਼ਰ ਪਈ ਹੈ?

ਅਸਲ ਵਿਚ ਸੱਚ ਇਹ ਹੈ ਕਿ ਸੱਤਾਧਾਰੀ ਧਿਰ ਖੇਤੀ ਖੇਤਰ ਨੂੰ ਫੇਲ੍ਹ ਕਰਨ ਵੱਲ ਸੇਧਿਤ (ਕੇਂਦਰਿਤ) ਹੈ, ਤਾਂ ਕਿ ਕਿਸਾਨ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਣ ਅਤੇ ਖੇਤੀ ਖੇਤਰ ਵਿਚੋਂ ਵਿਹਲੇ ਹੋਏ ਕਿਰਤੀਆਂ ਨੂੰ ਕਾਰਖਾਨਿਆਂ ਵਿਚ ਸਸਤੀ ਲੇਬਰ ਦੇ ਤੌਰ 'ਤੇ ਵਰਤਿਆ ਜਾ ਸਕੇ। ਜਿਸ ਦਾ ਸਿੱਧਾ ਅਰਥ ਤਾਂ ਇਹ ਹੈ ਕਿ ਹਾਕਮ ਧਿਰ ਪੇਂਡੂ ਅਰਥਚਾਰੇ ਅਤੇ ਪਿੰਡਾਂ ਨੂੰ ਖ਼ਤਮ ਕਰਨ ਦੇ ਨਿੱਤ ਨਵੇਂ ਰਾਹ ਅਤੇ ਨੀਤੀਆਂ ਉਲੀਕਦੀ ਹੈ।

ਅੱਜ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨ ਸੰਕਟ ਵਿਚੋਂ ਲੰਘ ਰਹੇ ਹਨ। ਸਾਂਝੇ ਪ੍ਰਬੰਧ ਖ਼ਤਮ ਹੋਏ ਹਨ। ਪਰਿਵਾਰਾਂ ਦੇ ਵੰਡਵਾਰੇ ਕਾਰਨ ਖੇਤੀ ਹੇਠਲੀ ਜ਼ਮੀਨ ਨਿੱਤ ਦਿਨ ਘੱਟ ਰਹੀ ਹੈ। ਅੰਕੜਿਆਂ ਮੁਤਾਬਕ ਸੂਬੇ ਦੇ ਔਸਤਨ 65% ਤੋਂ ਵੱਧ ਕਿਸਾਨ ਹੁਣ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਸ਼੍ਰੇਣੀ ਵਿਚ ਆ ਚੁੱਕੇ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਬਚੀ ਹੈ। ਜਿਹੜੀ ਜ਼ਮੀਨ ਪਹਿਲਾਂ ਇੱਕ ਵੱਡੇ ਪਰਿਵਾਰ ਦਾ ਗੁਜ਼ਾਰਾ ਆਸਾਨੀ ਨਾਲ ਕਰਦੀ ਸੀ, ਹੁਣ ਉਹ ਨਿੱਕੇ ਟੁਕੜਿਆਂ ਵਿਚ ਵੰਡੀ ਜਾ ਚੁੱਕੀ ਹੈ, ਜਿਸ ਉੱਤੇ ਖੇਤੀ ਕਰਨਾ ਆਰਥਿਕ ਤੌਰ 'ਤੇ ਲਾਹੇਵੰਦ ਨਹੀਂ ਰਿਹਾ।

ਉੱਪਰੋਂ ਨਿੱਤ-ਪ੍ਰਤੀ ਕੇਂਦਰ ਤੇ ਸੂਬਾ ਸਰਕਾਰਾਂ ਕਿਸਾਨਾਂ ਦੀ ਜ਼ਮੀਨ ਨਵੇਂ ਪ੍ਰੋਜੈਕਟਾਂ ਦੇ ਨਾਂ 'ਤੇ ਐਕੁਆਇਰ ਕਰਕੇ ਉਨ੍ਹਾਂ ਨੂੰ ਗ਼ੈਰ-ਜ਼ਮੀਨੇ ਬਣਾਉਣ ਦੇ ਰਾਹ ਤੁਰੀਆਂ ਹੋਈਆਂ ਹਨ। ਵੱਡੇ-ਵੱਡੇ ਹਾਈਵੇਅ ਪੰਜਾਬ ਦੇ ਸੀਨੇ 'ਤੇ ਥਾਂ-ਥਾਂ ਲਕੀਰਾਂ ਖਿੱਚ ਰਹੇ ਹਨ ਤੇ ਕਿਸਾਨਾਂ ਦੇ ਸੀਨੇ ਛੇਕ ਰਹੇ ਹਨ। ਕੀ ਇਹ ਪੰਜਾਬ ਦੇ ਕਿਸਾਨਾਂ ਦੀ ਤਬਾਹੀ ਲਈ ਵਿਕਾਸ ਦੇ ਨਾਂ 'ਤੇ ਕੀਤੇ ਗਏ ਮਿੱਥ ਕੇ ਯਤਨ ਨਹੀਂ ਹਨ? ਜਿਸ ਦਾ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਣ ਵਾਲਾ, ਸਗੋਂ ਕਾਰਪੋਰੇਟਾਂ ਤੇ ਅਮੀਰ ਘਰਾਣਿਆਂ ਦੇ ਹਿੱਤ ਪੂਰਨ ਕਰਨ ਵਾਲਾ ਕੰਮ ਹੈ।

ਖੇਤੀ ਕਰਨੀ ਬੇਹੱਦ ਮਹਿੰਗੀ ਬਣਾ ਦਿੱਤੀ ਗਈ ਹੈ। ਖੇਤੀ ਦੀ ਲਾਗਤ, ਬੀਜਾਂ, ਕੀਟਨਾਸ਼ਕਾਂ ਤੇ ਡੀਜ਼ਲ ਨੇ ਇਸ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਪੰਜਾਬ ਦੇ ਲਗਭਗ 80% ਤੋਂ 85% ਕਿਸਾਨ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਹੇਠ ਦੱਬੇ ਹੋਏ ਹਨ ਅਤੇ ਇੱਕ ਔਸਤ ਕਿਸਾਨੀ ਪਰਿਵਾਰ ਸਿਰ ਲਗਭਗ ਤਿੰਨ ਲੱਖ ਦਾ ਕਰਜ਼ਾ ਹੈ, ਜੋ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰ ਰਿਹਾ ਹੈ।

ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਯੋਜਨਾ) ਇੱਕ ਇਹੋ ਜਿਹੀ ਸਕੀਮ ਸੀ ਜਿਸ ਨੇ ਪੰਜਾਬ ਦੇ ਪਿੰਡਾਂ ਨੂੰ ਕੁਝ ਰਾਹਤ ਦਿੱਤੀ ਸੀ। ਇਹ ਪੇਂਡੂ ਅਰਥਚਾਰੇ ਤੇ ਮਜ਼ਦੂਰ ਵਰਗ ਦੀ ਜ਼ਿੰਦਗੀ ਵਿਚ ਇੱਕ ਇਤਿਹਾਸਕ ਮੀਲ ਪੱਥਰ ਸੀ। ਇਹ 'ਹਰ ਹਾਥ ਕੋ ਕਾਮ ਦੋ, ਹਰ ਕਾਮ ਕੋ ਦਾਮ ਦੋ' ਦੇ ਸੰਕਲਪ ਦੀ ਤਰਜਮਾਨੀ ਕਰਨ ਵਾਲੀ ਸੀ, ਜਿਸ ਨੇ ਪੇਂਡੂ ਮਜ਼ਦੂਰਾਂ, ਔਰਤਾਂ, ਦਲਿਤਾਂ ਤੇ ਆਦਿਵਾਸੀਆਂ ਨੂੰ ਕੁਝ ਆਰਥਿਕ ਆਜ਼ਾਦੀ ਦੇ ਕੇ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੀ।

ਪਰ ਕੇਂਦਰ ਸਰਕਾਰ ਵੱਲੋਂ ਭੁਲੇਖਾ ਪਾਊ ਪ੍ਰੋਜੈਕਟਾਂ ਤਹਿਤ ਬੀਬੀ ਜੀ, ਰਾਮ ਜੀ ਵਰਗੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਤੇ ਉਨ੍ਹਾਂ ਹੱਥੋਂ ਮਨਰੇਗਾ ਦਾ ਕੰਮ ਖੋਹ ਲਿਆ ਗਿਆ। ਹੁਣ ਸਰਕਾਰ ਕੋਲ ਮਨਰੇਗਾ ਦਾ ਕੰਮ ਨਹੀਂ, ਕਿਸਾਨ ਕੋਲ ਪੈਸਾ ਨਹੀਂ, ਤਾਂ ਪਿੰਡਾਂ ਵਿਚ ਇੱਕ ਭਿਆਨਕ ਖਲਾਅ ਪੈਦਾ ਹੋ ਗਿਆ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਦੇ ਬਜਟ ਵਿਚ ਮਨਰੇਗਾ ਦੇ ਫੰਡਾਂ 'ਚ ਭਾਰੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਰਾਜਾਂ ਨੂੰ ਪੈਸਾ ਮਿਲਣਾ ਘੱਟ ਗਿਆ ਹੈ। ਪੰਜਾਬ ਵਰਗੇ ਸੂਬਿਆਂ ਦੇ ਕਰੋੜਾਂ ਰੁਪਏ ਦੇ ਫੰਡ ਕੇਂਦਰ ਵੱਲੋਂ ਰੋਕੇ ਗਏ ਹਨ।

ਮਨਰੇਗਾ ਦਾ ਕੰਮ ਘਟਣ ਨਾਲ ਪੇਂਡੂ ਔਰਤਾਂ ਦੀ ਆਰਥਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ, ਜਿਸ ਨਾਲ ਪਰਿਵਾਰਾਂ ਵਿਚ ਕੁਪੋਸ਼ਣ ਤੇ ਘਰੇਲੂ ਕਲੇਸ਼ ਵਧ ਰਿਹਾ ਹੈ। ਪੰਜਾਬ ਆਰਥਿਕ ਪੱਖੋਂ ਕਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਪਿੰਡ ਆਰਥਿਕ ਪੱਖੋਂ ਟੁੱਟ ਰਿਹਾ ਹੈ। ਪਿੰਡਾਂ 'ਚ ਸਰਕਾਰੀ ਸਿੱਖਿਆ ਢਾਂਚਾ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਕਾਰਨ ਬਰਬਾਦ ਹੋ ਚੁੱਕਾ ਹੈ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੀਆਂ ਮਹਿੰਗੀਆਂ ਫ਼ੀਸਾਂ ਭਰਨੀਆਂ ਕਰਜ਼ਾਈ ਮਾਪਿਆਂ ਦੇ ਵੱਸੋਂ ਬਾਹਰ ਹਨ। ਹਜ਼ਾਰਾਂ ਹੋਣਹਾਰ ਬੱਚੇ ਆਪਣੀ ਪੜ੍ਹਾਈ ਛੱਡਣ ਲਈ ਮਜਬੂਰ ਹੋ ਗਏ ਹਨ।

ਪੰਜਾਬ ਕਿੱਤਾਮੁਖੀ ਸਿੱਖਿਆ ਤੋਂ ਵਿਰਵਾ ਹੈ। ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਲਈ ਚੌਰਾਹੇ 'ਤੇ ਬੇਵੱਸ ਖੜ੍ਹਾ ਹੈ। ਬੇਰੋਜ਼ਗਾਰੀ ਅਤੇ ਮਾਨਸਿਕ ਪਰੇਸ਼ਾਨੀ ਹੀ ਪਿੰਡਾਂ ਵਿਚ ਨਸ਼ਿਆਂ ਦੇ ਫੈਲ ਰਹੇ ਜਾਲ ਦਾ ਅਸਲ ਕਾਰਨ ਹੈ। ਪਿੰਡ ਵਿਚ ਕੋਈ ਭਵਿੱਖ ਨਾ ਵੇਖ ਕੇ ਨੌਜਵਾਨੀ ਵਿਚ ਵਿਦੇਸ਼ ਭੱਜਣ ਦਾ ਰੁਝਾਨ ਵਧ ਰਿਹਾ ਹੈ। ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਉਸ ਨੂੰ ਵੇਚ ਕੇ ਜਾਂ ਗਿਰਵੀ ਰੱਖ ਕੇ ਬਾਹਰ ਜਾ ਰਹੇ ਹਨ; ਜਿੱਥੇ ਕਈ ਵਾਰ ਉਹ ਗ਼ੈਰ-ਕਾਨੂੰਨੀ ਰਸਤਿਆਂ (ਡੌਂਕੀ ਲਗਾ ਕੇ) ਜੰਗਲਾਂ, ਨਦੀਆਂ ਅਤੇ ਸਮੁੰਦਰਾਂ ਦੇ ਰਸਤੇ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ, ਜਿੱਥੋਂ ਕਈ ਵਾਰ ਉਨ੍ਹਾਂ ਦੀਆਂ ਲਾਸ਼ਾਂ ਹੀ ਘਰ ਪੁੱਜਦੀਆਂ ਹਨ।

ਖੇਤੀ ਖੇਤਰ 'ਚ ਉੱਤਮ ਸਥਾਨ ਰੱਖਣ ਵਾਲੇ ਪੰਜਾਬ ਕੋਲ ਖੇਤੀ ਖੇਤਰ ਦੀ ਕੋਈ ਵੱਡੀ ਸਨਅਤ ਨਹੀਂ ਲਗਾਈ ਗਈ। ਕੋਈ ਵੱਡੀ ਸਨਅਤ ਵੀ ਪੰਜਾਬ 'ਚ ਲਗਾਉਣ ਦਾ ਯਤਨ ਨਹੀਂ ਹੋਇਆ। ਜੇਕਰ ਪੰਜਾਬ ਵਿਚ ਖੇਤੀ ਖੇਤਰ ਨਾਲ ਸਬੰਧਤ ਕਾਰਖਾਨੇ ਲਗਾਏ ਹੁੰਦੇ ਅਤੇ ਇੱਥੋਂ ਦੇ ਕੱਚੇ ਮਾਲ ਦੀ ਵਰਤੋਂ ਇੱਥੇ ਪੰਜਾਬ 'ਚ ਹੀ ਕੀਤੀ ਹੁੰਦੀ, ਤਾਂ ਪੰਜਾਬ ਦੇ ਅਰਥਚਾਰੇ ਨੂੰ ਫੈਲਾਅ ਮਿਲਣਾ ਸੀ।

ਪਿੰਡ ਦੀ ਖੇਤੀ ਦੇ ਉਜਾੜੇ ਦਾ ਕਾਰਨ ਪ੍ਰਤੀ ਸਾਲ ਹੜ੍ਹਾਂ ਦੀ ਲਪੇਟ ਵਿਚ ਆਉਣਾ ਹੈ, ਜਿਸ ਦਾ ਸੈਂਕੜੇ ਏਕੜ ਜ਼ਮੀਨ ਉਤੇ ਅਸਰ ਪੈਂਦਾ ਹੈ ਅਤੇ ਲੋਕਾਂ ਦੇ ਜਾਨ ਅਤੇ ਮਾਲ ਦਾ ਵੱਡਾ ਨੁਕਸਾਨ ਹੁੰਦਾ ਹੈ। ਉਪਰੋਂ ਬੇਮੌਸਮੀ ਬਰਸਾਤ ਕਈ ਵੇਰ ਪੱਕੀਆਂ ਫ਼ਸਲਾਂ ਦੇ ਵੱਡੀ ਤਬਾਹੀ ਦਾ ਕਾਰਨ ਬਣਦੀ ਹੈ।

ਪੰਜਾਬ, ਖ਼ਾਸ ਕਰਕੇ ਪੇਂਡੂ ਪੰਜਾਬ ਉੱਜੜ ਰਿਹਾ ਹੈ। ਇਸ ਦਾ ਕੋਈ ਵਾਲੀ-ਵਾਰਸ ਨਹੀਂ ਬਣ ਰਿਹਾ, ਨਾ ਸਰਕਾਰ ਨਾ ਹੀ ਕੋਈ ਸਿਆਸੀ ਧਿਰ ਅਤੇ ਇਥੋਂ ਤੱਕ ਕਿ ਨਾ ਹੀ ਕੋਈ ਕਥਿਤ ਪੰਜਾਬ ਹਿਤੈਸ਼ੀ। ਜੇਕਰ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਸਥਿਤੀ ਇਵੇਂ ਹੀ ਰਹੀ, ਤਾਂ ਪੰਜਾਬ ਦਾ ਇਹ ਆਰਥਿਕ ਅਤੇ ਸਮਾਜਿਕ ਉਜਾੜਾ ਪੂਰੇ ਪੰਜਾਬ ਨੂੰ ਲੇਖੇ ਲਾ ਦੇਵੇਗਾ (ਤਬਾਹ ਕਰ ਦੇਵੇਗਾ)।


# ਸਾਡਾ ਸਭ ਤੋਂ ਵੱਡਾ ਫ਼ਿਕਰ ਪੰਜਾਬੀ ਬੋਲੀ: ਡਾ ਆਤਮਜੀਤ

‘ਪੰਜਾਬ ਟਾਈਮਜ਼’ ਦੇ 27ਵੇਂ ਸਾਲਾਨਾ ਸਮਾਗਮ ਸਮੇਂ ਪ੍ਰਸਿੱਧ ਪੰਜਾਬੀ ਨਾਟਕਕਾਰ ਅਤੇ ਲੇਖਕ ਡਾਕਟਰ ਆਤਮਜੀਤ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਉਨ੍ਹਾਂ ਨੇ ‘ਪੰਜਾਬ ਟਾਈਮਜ਼’ ਦੇ ਬਾਨੀ ਮਰਹੂਮ ਸ. ਅਮੋਲਕ ਸਿੰਘ ਜੰਮੂ ਨਾਲ ਆਪਣੀ ਸਾਂਝ ਦੀਆਂ ਗੱਲਾਂ ਕੀਤੀਆਂ ਅਤੇ ਦੱਸਿਆ ਕਿ ਕਿਵੇਂ ‘ਪੰਜਾਬ ਟਾਈਮਜ਼’ ਨੇ ਪੱਛਮ ਅਤੇ ਪੂਰਬ ਦੇ ਪੰਜਾਬੀਆਂ ਨੂੰ ਜੋੜਨ ਦਾ ਮਹੱਤਵਪੂਰਨ ਕਾਰਜ ਵੀ ਕੀਤਾ ਹੈ। ਇਸ ਮੌਕੇ ਆਪਣੇ ਸੰਖੇਪ ਪਰ



**ਰਵਿੰਦਰ ਸਿੰਘ ਸਹਿਰਾਅ**
ਫੋਨ: 219-900-1115

ਵਿਸ਼ੇਸ਼ ਭਾਸ਼ਣ ਵਿਚ ਉਨ੍ਹਾਂ ਕਿਹਾ ਕਿ ਰੋਜ਼ੀ-ਰੋਟੀ ਦੀ ਸਮੱਸਿਆ ਹੱਲ ਕਰ ਲੈਣ ਤੋਂ ਬਾਅਦ ਪੰਜਾਬੀਆਂ ਦਾ ਸਭ ਤੋਂ ਵੱਡਾ ਫ਼ਿਕਰ ਆਪਣੀ ਬੋਲੀ ਦੀ ਸੰਭਾਲ ਕਰਨਾ ਹੈ ਅਤੇ ਇਹ ਦੇਖਣਾ ਹੈ ਕਿ ਉਨ੍ਹਾਂ ਦੀ ਆਉਣ ਵਾਲੀ ਪੀੜ੍ਹੀ ਆਪਣੀ ਬੋਲੀ ਤੋਂ ਪੂਰੀ ਤਰ੍ਹਾਂ ਕੱਟੀ ਨਾ ਜਾਵੇ। ਉਨ੍ਹਾਂ ਨੇ ਆਪਣੀ ਨਵੀਂ ਛਪੀ ਪੁਸਤਕ ‘ਪੰਜਾਬੀ ਬੋਲੀ: ਰਮਜ਼ਾਂ, ਰੁਕਾਵਟਾਂ ਅਤੇ ਰਾਹ’ (ਸਹਿ ਸੰਪਾਦਕ: ਗੁਰਜਨ ਗਿੱਲ) ਦਾ ਜ਼ਿਕਰ ਕੀਤਾ ਜਿਹੜੀ ਕਿ ਡਾ. ਦਲਬੀਰ ਸਿੰਘ ਕਥੂਰੀਆ ਦੀ ਵਿਸ਼ਵ ਪੰਜਾਬੀ ਸਭਾ, ਬਰੈਂਪਟਨ ਵੱਲੋਂ ਛਾਪੀ ਗਈ ਹੈ। ਇਸ ਵਿਚ ਲਗਪਗ ਤਿੰਨ ਦਰਜਨ ਲੇਖ ਸ਼ਾਮਿਲ ਕੀਤੇ ਗਏ






ਹਨ ਜਿਹੜੇ ਪੰਜਾਬੀ ਬੋਲੀ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਅਤੇ ਉਨ੍ਹਾਂ ਦੇ ਸੰਭਵ ਹੱਲ ਦਾ ਜ਼ਿਕਰ ਕਰਦੇ ਹਨ। ਇਹ ਲੇਖ ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ, ਕੈਨੇਡਾ, ਇਟਲੀ ਆਦਿ ਵਿਚ ਵੱਸਦੇ ਪੰਜਾਬੀ ਲੇਖਕਾਂ ਨੇ ਲਿਖੇ ਹਨ। ਇਸ ਕਿਤਾਬ ਵਿਚ ਵੱਖ-ਵੱਖ ਵਿਸ਼ਿਆਂ ਉਤੇ ਲੇਖ ਛਾਪੇ ਗਏ ਹਨ ਜਿਵੇਂ ਪੰਜਾਬੀ ਬੋਲੀ ਦੀ ਸਥਿਤੀ, ਸੱਤਾ ਦਾ ਦਖ਼ਲ, ਪੰਜਾਬੀਆਂ ਦੀ ਬੋਲੀ ਪ੍ਰਤੀ ਲਾਪਰਵਾਹੀ, ਕੁਝ ਲੋਕਾਂ ਵੱਲੋਂ ਇਸ ਨਾਲ ਨਫ਼ਰਤ, ਕੰਪਿਊਟਰ ਦੀਆਂ ਨਵੀਆਂ ਤਕਨੀਕਾਂ, ਆਰਟੀਫ਼ਿਸ਼ੀਅਲ ਇੰਟੈਲੀਜੈਂਸ, ਲਿੱਪੀ ਦੀਆਂ ਦਿੱਕਤਾਂ, ਅਨੁਵਾਦ ਦੇ ਮਸਲੇ, ਲਿਪੀਅੰਤਰਣ ਦੀਆਂ ਰੁਕਾਵਟਾਂ, ਵੱਖ-ਵੱਖ ਮੁਲਕਾਂ ਵਿਚ ਪੰਜਾਬੀ ਬੋਲੀ ਦੀ ਸਥਿਤੀ ਆਦਿਕ।

ਡਾ. ਆਤਮਜੀਤ ਸਿੰਘ ਨੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਹਰ ਬੋਲੀ ਆਪਣੇ ਸਭਿਆਚਾਰ ਨਾਲ ਧੁਰ ਅੰਦਰੋਂ ਜੁੜੀ ਹੁੰਦੀ ਹੈ। ਜਦੋਂ ਬੋਲੀ ਮਰਦੀ ਹੈ ਤਾਂ ਸਭਿਆਚਾਰ ਵੀ ਖੁਰਦਾ ਹੈ। ਸਾਨੂੰ ਸਭਿਆਚਾਰ ਅਤੇ ਭਾਸ਼ਾ ਦੋਹਾਂ ਦੀ ਚਿੰਤਾ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਗੁਰਦਵਾਰਿਆਂ ਵਿਚ ਪਰਵਾਸੀ ਪੰਜਾਬੀ ਬੱਚਿਆਂ ਵਾਸਤੇ ਪੰਜਾਬੀ ਬੋਲੀ ਦੀ ਪੜ੍ਹਾਈ ਦੇ ਇੰਤਜ਼ਾਮ ਦੀ ਸ਼ਲਾਘਾ ਕੀਤੀ ਪਰ ਨਾਲ ਦੱਸਿਆ ਕਿ ਅੱਜ ਦੇ ਯੁਗ ਵਿਚ ਦੂਸਰੀ ਬੋਲੀ ਦੀ ਪੜ੍ਹਾਈ ਸੁਖੈਨ ਕਾਰਜ ਨਹੀਂ ਹੈ ਅਤੇ ਇਸ ਸੰਬੰਧ ਵਿਚ ਸਾਨੂੰ ਇਸ ਵਿਸ਼ੇ ਦੇ ਮਾਹਿਰਾਂ ਦੀ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਵਿਸ਼ਵ ਵਿਚ ਇਸ ਸੰਬੰਧੀ ਹੋ ਰਹੀ ਖੋਜ ਦਾ ਹਵਾਲਾ ਦੇਂਦਿਆਂ ਕਿਹਾ ਕਿ ਦੋ ਭਾਸ਼ਾਵਾਂ ਅਤੇ ਬਹੁ-ਭਾਸ਼ਾਵਾਂ ਦੇ ਗਿਆਨ ਸੰਬੰਧੀ ਦੁਨੀਆਂ ਦੇ ਕਈ ਵਿਦਵਾਨਾਂ ਵੱਲੋਂ ਕੀਮਤੀ ਕਾਰਜ ਹੋਏ ਹਨ; ਸਾਨੂੰ ਉਨ੍ਹਾਂ ਦੀ ਰੋਸ਼ਨੀ ਵਿਚ ਅੱਗੇ ਵਧਣ ਦੀ ਲੋੜ ਹੈ। ਉਨ੍ਹਾਂ ਯਾਦ ਕਰਵਾਇਆ ਕਿ ਪਰਵਾਸੀ ਬੱਚਿਆਂ ਨੂੰ ਪੰਜਾਬੀ ਸਿਖਾਉਣ ਵੇਲੇ ਸਾਨੂੰ ਇਹ ਯਾਦ ਰੱਖਣਾ ਪਵੇਗਾ ਕਿ ਉਨ੍ਹਾਂ ਦਾ ਮੁੱਖ ਸਭਿਆਚਾਰ ਪੱਛਮੀ ਹੈ ਇਸ ਲਈ ਉਨ੍ਹਾਂ ਨੂੰ ਪੱਛਮੀ ਕਲਚਰ ਦੇ ਹਵਾਲਿਆਂ ਨਾਲ ਪੰਜਾਬੀ ਸੌਖੇ ਤਰੀਕੇ ਨਾਲ ਸਮਝ ਆਵੇਗੀ। ਉਨ੍ਹਾਂ ਕਿਹਾ ਕਿ ‘ਊੜਾ ਊਠ, ਐੜਾ ਅੰਬ ਤੇ ਈੜੀ ਇੱਟ’ ਦੀ ਥਾਂ ਪਰਵਾਸੀ ਬੱਚੇ ‘ਊੜਾ ਓਟਸ, ਐੜਾ ਆਊਟ ਤੇ ਈੜੀ ਈਗਲ’ ਜਲਦੀ ਸਮਝ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜੇ ਕਮਿਊਨਿਟੀ ਦਾ ਸਹਿਯੋਗ ਮਿਲੇ ਤਾਂ ਉਹ ਇਸ ਦਿਸ਼ਾ ਵਿਚ ਅੱਗੇ ਵਧਣਾ ਚਾਹੁੰਦੇ ਹਨ। ਸਾਰੀ ਹਾਜ਼ਰੀ ਨੇ ਜਿਸ ਗੰਭੀਰਤਾ ਨਾਲ ਇਨ੍ਹਾਂ ਗੱਲਾਂ ਨੂੰ ਸੁਣਿਆ ਉਸ ਤੋਂ ਉਮੀਦ ਜਾਗਦੀ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਸ ਸੰਬੰਧੀ ਕੁਝ ਠੋਸ ਕਦਮ ਚੁੱਕੇ ਜਾ ਸਕਦੇ ਹਨ।

# ਸਾਮਵੇਦ ਦੀਆਂ ਧੁਨਾਂ ਤੋਂ ਗੁਰਬਾਣੀ ਕੀਰਤਨ ਤੱਕ

**ਵਿਸ਼ਵ ਸੰਗੀਤ ਦਿਵਸ 'ਤੇ ਵਿਸ਼ੇਸ਼**

***ਹਰ ਸਾਲ 21 ਜੂਨ ਨੂੰ ਵਿਸ਼ਵ ਸੰਗੀਤ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ 1982 ਵਿਚ ਫਰਾਂਸ ਵਿਚ ਹੋਈ ਸੀ। ਇਸ ਦਿਵਸ ਦਾ ਉਦੇਸ਼ ਸੰਗੀਤ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਅਤੇ ਇਹ ਸੰਦੇਸ਼ ਦੇਣਾ ਹੈ ਕਿ ਸੰਗੀਤ ਕਿਸੇ ਇਕ ਭਾਸ਼ਾ, ਦੇਸ਼ ਜਾਂ ਸਮਾਜ ਦੀ ਜਾਇਦਾਦ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੀ ਸਾਂਝੀ ਵਿਰਾਸਤ ਹੈ। ਸੰਗੀਤ ਉਹ ਭਾਸ਼ਾ ਹੈ ਜਿਸ ਨੂੰ ਸਮਝਣ ਲਈ ਕਿਸੇ ਅਨੁਵਾਦਕ ਦੀ ਲੋੜ ਨਹੀਂ ਪੈਂਦੀ। ਇਹ ਸਿੱਧਾ ਦਿਲ ਨਾਲ ਸੰਵਾਦ ਕਰਦਾ ਹੈ। ਇਸ ਲੇਖ ਵਿਚ ਪ੍ਰਾਚੀਨ ਭਾਰਤੀ ਸ਼ਾਸਤਰੀ ਸੰਗੀਤ ਦੇ ਇਤਿਹਾਸ, ਗੁਰਮਤਿ ਸੰਗੀਤ ਦੇ ਰੂਹਾਨੀ ਫ਼ਲਸਫ਼ੇ, ਸੰਗੀਤ ਦੇ ਮਾਨਸਿਕ ਸਿਹਤ 'ਤੇ ਪੈਣ ਵਾਲੇ ਵਿਗਿਆਨਕ ਪ੍ਰਭਾਵਾਂ ਅਤੇ ਅਜੋਕੇ ਪੰਜਾਬੀ ਸੰਗੀਤ ਦੀਆਂ ਚੁਣੌਤੀਆਂ ਨੂੰ ਬਹੁਤ ਹੀ ਸੰਖੇਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਮੀਦ ਕਰਦੇ ਹਾਂ ਕਿ ਸੁਝਵਾਨ ਪਾਠਕਾਂ ਨੂੰ ਪਸੰਦ ਆਵੇਗਾ ਅਤੇ ਉਨ੍ਹਾਂ ਦੀ ਜਾਣਕਾਰੀ ਵਿਚ ਵਾਧਾ ਕਰੇਗਾ।***

ਸੰਗੀਤ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਮਨੁੱਖੀ ਭਾਵਨਾਵਾਂ ਅਤੇ ਆਤਮਿਕ ਅਨੁਭੂਤੀਆਂ ਨੂੰ ਪ੍ਰਗਟ ਕਰਨ ਵਾਲੀ ਇਕ ਅਜਿਹੀ ਅਦਿੱਖ ਸ਼ਕਤੀ ਹੈ ਜੋ ਸਿੱਧਾ ਸਾਡੀ ਰੂਹ ਨੂੰ ਸਕੂਨ ਦਿੰਦੀ ਹੈ। ਜਿਵੇਂ ਸਰੀਰ ਨੂੰ ਤੰਦਰੁਸਤ ਰੱਖਣ ਲਈ ਭੋਜਨ ਚਾਹੀਦਾ ਹੈ, ਉਸੇ ਤਰ੍ਹਾਂ ਮਨ ਦੀ ਤਾਜ਼ਗੀ ਲਈ ਸੰਗੀਤ ਜ਼ਰੂਰੀ ਹੈ। ਇਸੇ ਲਈ ਸਦੀਆਂ ਤੋਂ ਇਸਨੂੰ ‘ਰੂਹ ਦੀ ਖੁਰਾਕ’ ਕਿਹਾ ਜਾਂਦਾ ਹੈ।

ਭਾਰਤੀ ਪਰੰਪਰਾ ਵਿਚ ਸੰਗੀਤ ਨੂੰ ਕੇਵਲ ਕਲਾ ਨਹੀਂ, ਸਗੋਂ ਸਾਧਨਾ ਅਤੇ ਉਪਾਸਨਾ ਦਾ ਰੂਪ ਮੰਨਿਆ ਗਿਆ ਹੈ। ਭਾਰਤੀ ਸੰਗੀਤ ਦਾ ਮੂਲ ਸੋਮਾ ਪ੍ਰਾਚੀਨ ਗ੍ਰੰਥ ‘ਸਾਮਵੇਦ’ ਨੂੰ ਮੰਨਿਆ ਜਾਂਦਾ ਹੈ, ਜਿਸ ਵਿਚ ਵੈਦਿਕ ਮੰਤਰਾਂ ਅਤੇ ਸ਼ਲੋਕਾਂ ਨੂੰ ਸੁਰਬੱਧ ਕਰਕੇ ਗਾਉਣ ਦਾ ਵਿਧਾਨ ਦਰਜ ਹੈ। ਹਿੰਦੂ ਧਾਰਮਿਕ ਮਾਨਤਾਵਾਂ ਅਨੁਸਾਰ ਗਿਆਨ, ਕਲਾ ਅਤੇ ਸੰਗੀਤ ਦੀ



**ਨਵਦੀਪ ਸਿੰਘ ਝੁਨੀਰ**
ਫੋਨ: +91-98769-68193

ਦੇਵੀ ਮਾਤਾ ਸਰਸਵਤੀ ਨੂੰ ਵੀਣਾ ਧਾਰਨ ਕੀਤੇ ਹੋਏ ਦਰਸਾਇਆ ਜਾਂਦਾ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਗਿਆਨ ਅਤੇ ਸੰਗੀਤ ਦਾ ਰਿਸ਼ਤਾ ਅਟੁੱਟ ਹੈ। ਭਾਰਤੀ ਸੰਗੀਤ ਦੀ ਨੀਂਹ ਸੱਤ ਸੁਰਾਂ—ਸਾ, ਰੇ, ਗਾ, ਮਾ, ਪਾ, ਧਾ ਅਤੇ ਨੀ—ਉਤੇ ਟਿਕੀ ਹੋਈ ਹੈ। ਇਨ੍ਹਾਂ ਸੱਤ ਸੁਰਾਂ ਦੇ ਅਨੇਕਾਂ ਸੰਯੋਗਾਂ ਤੋਂ ਰਾਗਾਂ ਦੀ ਰਚਨਾ ਹੁੰਦੀ ਹੈ, ਜੋ ਮਨੁੱਖੀ ਭਾਵਨਾਵਾਂ ਦੇ ਵੱਖ-ਵੱਖ ਰੰਗਾਂ ਨੂੰ ਪ੍ਰਗਟ ਕਰਦੇ ਹਨ।

ਭਾਰਤੀ ਸ਼ਾਸਤਰੀ ਸੰਗੀਤ ਰਾਗਾਂ ਅਤੇ ਤਾਲਾਂ ਦੀ ਅਜਿਹੀ ਹਜ਼ਾਰਾਂ ਸਾਲ ਪੁਰਾਣੀ ਵਿਰਾਸਤ ਹੈ ਜਿਸਨੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਹੈ। ਅਕਬਰ ਦੇ ਨੌਂ ਰਤਨਾਂ ਵਿਚ ਸ਼ੁਮਾਰ ਮਹਾਨ ਗਾਇਕ ਤਾਨਸੇਨ ਇਸੇ ਪਰੰਪਰਾ ਦਾ ਸੁਨਹਿਰੀ ਹਸਤਾਖਰ ਹਨ। ਉਨ੍ਹਾਂ ਦੇ ਗਾਏ ‘ਰਾਗ ਦੀਪਕ’ ਨਾਲ ਦੀਵੇ ਜਗਣ ਅਤੇ ‘ਮੇਘ ਮਲਹਾਰ’ ਨਾਲ ਮੀਂਹ ਪੈਣ ਦੀਆਂ ਪ੍ਰਤੀਕਾਤਮਕ ਕਥਾਵਾਂ ਉਨ੍ਹਾਂ ਦੀ ਅਦਭੁਤ ਸੰਗੀਤਕ ਪ੍ਰਤਿਭਾ ਦੀ ਗਵਾਹੀ ਭਰਦੀਆਂ ਹਨ।

ਇਸ ਤੋਂ ਇਲਾਵਾ ਮਹਾਨ ਸ਼ਾਸਤਰੀ ਗਾਇਕ ਪੰਡਿਤ ਵਿਸ਼ਨੂੰ ਦਿਗੰਬਰ ਪਾਲੁਸਕਰ, ਉੱਘੇ ਸੰਗੀਤ-ਸ਼ਾਸਤਰੀ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ, ਪ੍ਰਸਿੱਧ ਖ਼ਿਆਲ ਗਾਇਕ ਪੰਡਿਤ ਭੀਮਸੇਨ ਜੋਸ਼ੀ, ਵਿਸ਼ਵ ਪ੍ਰਸਿੱਧ ਸ਼ਹਿਨਾਈ ਵਾਦਕ ਉਸਤਾਦ ਬਿਸਮਿਲ੍ਹਾ ਖ਼ਾਨ, ਮਹਾਨ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ, ਪ੍ਰਸਿੱਧ ਸਰੋਦ ਵਾਦਕ ਉਸਤਾਦ ਅਮਜਦ ਅਲੀ ਖ਼ਾਨ ਅਤੇ ਮਸ਼ਹੂਰ ਤਬਲਾ ਵਾਦਕ ਉਸਤਾਦ ਜ਼ਾਕਿਰ ਹੁਸੈਨ ਵਰਗੇ ਮਹਾਨ ਕਲਾਕਾਰਾਂ ਨੇ ਭਾਰਤੀ ਸੰਗੀਤ ਨੂੰ ਵਿਸ਼ਵ ਪੱਧਰ 'ਤੇ ਵਿਸ਼ੇਸ਼ ਮਾਣ ਦਿਵਾਇਆ ਹੈ।

ਪੰਜਾਬ ਦੀ ਅਧਿਆਤਮਿਕ ਅਤੇ ਸੰਗੀਤਕ ਵਿਰਾਸਤ ਦੀ ਗੱਲ ਗੁਰਬਾਣੀ ਕੀਰਤਨ ਤੋਂ ਬਿਨਾਂ ਅਧੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਅਜਿਹਾ ਵਿਲੱਖਣ ਧਾਰਮਿਕ ਗ੍ਰੰਥ ਹੈ ਜਿਸ ਦੀ ਬਾਣੀ 31 ਮੁੱਖ ਰਾਗਾਂ ਵਿਚ ਸੰਕਲਿਤ ਕੀਤੀ ਗਈ ਹੈ। ਹਰ ਰਾਗ ਦਾ ਆਪਣਾ ਸੁਭਾਅ, ਭਾਵ ਅਤੇ ਗਾਇਨ ਦਾ ਨਿਰਧਾਰਿਤ ਸਮਾਂ ਹੈ। ਭਾਰਤੀ ਸੰਗੀਤ ਪਰੰਪਰਾ ਅਨੁਸਾਰ ਕੁਝ ਰਾਗ ਸਵੇਰ ਦੀ ਸ਼ਾਂਤੀ, ਕੁਝ ਦੁਪਹਿਰ ਦੀ ਉਰਜਾ ਅਤੇ ਕੁਝ ਸ਼ਾਮ ਜਾਂ ਰਾਤ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ। ਸਾਡੇ ਸੂਫ਼ੀ ਕਾਵਿ ਅਤੇ ਗੁਰਮਤਿ ਫ਼ਲਸਫ਼ੇ ਵਿਚ ‘ਅਨਹਦ ਨਾਦ’ ਦਾ ਜ਼ਿਕਰ ਆਉਂਦਾ ਹੈ, ਜੋ ਦਰਸਾਉਂਦਾ ਹੈ ਕਿ ਜਦੋਂ ਮਨੁੱਖੀ ਰੂਹ ਪਰਮਾਤਮਾ ਨਾਲ ਜੁੜਦੀ ਹੈ, ਤਾਂ ਅੰਦਰ ਇਕ ਅਲੌਕਿਕ ਸੰਗੀਤ ਪੈਦਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਬਾਣੀ ਦੇ ਆਤਮਿਕ ਸੰਦੇਸ਼ ਅਤੇ ਮਨੁੱਖੀ ਮਨ ਦੀ ਅਵਸਥਾ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਰਾਗਾਂ ਦੀ ਚੋਣ ਕੀਤੀ। ਇਹੀ ਕਾਰਨ ਹੈ ਕਿ ਗੁਰਬਾਣੀ ਕੀਰਤਨ ਸਦੀਆਂ ਤੋਂ ਕਰੋੜਾਂ ਲੋਕਾਂ ਦੇ ਮਨਾਂ ਨੂੰ ਸ਼ਾਂਤੀ, ਸਹਿਜ ਅਤੇ ਪਰਮਾਤਮਾ ਨਾਲ ਜੁੜਨ ਦਾ ਅਨੁਭਵ ਕਰਵਾਉਂਦਾ ਆ ਰਿਹਾ ਹੈ।



ਸੰਗੀਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਸ਼ਾ, ਧਰਮ, ਜਾਤ, ਰੰਗ ਅਤੇ ਸਰਹੱਦਾਂ ਦੀਆਂ ਹੱਦਾਂ ਤੋਂ ਪਰੇ ਜਾ ਕੇ ਹਰ ਮਨੁੱਖ ਦੇ ਦਿਲ ਨੂੰ ਛੂਹਣ ਦੀ ਸਮਰੱਥਾ ਰੱਖਦਾ ਹੈ। ਇਕ ਮਧੁਰ ਧੁਨ ਸੁਣ ਕੇ ਚਿਹਰੇ 'ਤੇ ਮੁਸਕਾਨ ਆ ਜਾਂਦੀ ਹੈ ਅਤੇ ਤਣਾਅ ਭਰੇ ਜੀਵਨ ਵਿਚ ਸ਼ਾਂਤੀ ਮਹਿਸੂਸ ਹੁੰਦੀ ਹੈ। ਵਿਗਿਆਨਕ ਖੋਜਾਂ ਨੇ ਵੀ ਸਾਬਤ ਕੀਤਾ ਹੈ ਕਿ ਸੰਗੀਤ ਦਿਮਾਗ ਵਿਚ ਡੋਪਾਮਾਈਨ ਦੇ ਪੱਧਰ ਨੂੰ ਵਧਾਉਂਦਾ ਹੈ, ਜੋ ਮਾਨਸਿਕ ਸ਼ਾਂਤੀ ਅਤੇ ਸੰਤੁਲਨ ਨੂੰ ਬਣਾਈ ਰੱਖਣ ਵਿਚ ਮਦਦ ਕਰਦਾ ਹੈ। ਇਸੇ ਕਾਰਨ ਅੱਜ ‘ਸੰਗੀਤ ਥੈਰੇਪੀ’ ਨੂੰ ਮਾਨਸਿਕ ਅਤੇ ਸਰੀਰਕ ਸਿਹਤ ਦੇ ਖੇਤਰ ਵਿਚ ਸਹਾਇਕ ਇਲਾਜ ਵਜੋਂ ਅਪਣਾਇਆ ਜਾ ਰਿਹਾ ਹੈ।

ਸੰਗੀਤ ਦਾ ਪ੍ਰਭਾਵ ਕੇਵਲ ਮਨੁੱਖਾਂ ਤੱਕ ਹੀ ਸੀਮਤ ਨਹੀਂ ਹੈ। ਕਈ ਅਧਿਐਨਾਂ ਤੋਂ ਇਹ ਸੰਕੇਤ ਮਿਲੇ ਹਨ ਕਿ ਪਸ਼ੂ-ਪੰਛੀ ਵੀ ਮਧੁਰ ਧੁਨਾਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਧੁਨੀ ਤਰੰਗਾਂ ਦੇ ਪੌਦਿਆਂ ਉਤੇ ਪ੍ਰਭਾਵ ਬਾਰੇ ਵੀ ਖੋਜ ਜਾਰੀ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸੰਗੀਤ ਅਤੇ ਕੁਦਰਤ ਦਾ ਰਿਸ਼ਤਾ ਬਹੁਤ ਡੂੰਘਾ ਹੈ।

ਪੰਜਾਬ ਦੀ ਲੋਕ-ਸੰਗੀਤ ਪਰੰਪਰਾ ਵੀ ਵਿਸ਼ਵ ਸਭਿਆਚਾਰ ਦੀ ਅਨਮੋਲ ਵਿਰਾਸਤ ਹੈ। ਟੱਪੇ, ਮਾਹੀਏ, ਬੋਲੀਆਂ, ਢਾਡੀ ਵਾਰਾਂ, ਕਾਫ਼ੀਆਂ ਅਤੇ ਲੋਕ ਗੀਤ ਸਿਰਫ਼ ਮਨੋਰੰਜਨ ਹੀ ਨਹੀਂ, ਸਗੋਂ ਪੰਜਾਬ ਦੇ ਇਤਿਹਾਸ, ਸੰਘਰਸ਼ਾਂ, ਪ੍ਰੇਮ ਅਤੇ ਲੋਕ-ਜੀਵਨ ਦੀ ਜਿਉਂਦੀ ਜਾਗਦੀ ਉਦਾਹਰਨ ਹਨ। ਉਪ-ਮਹਾਂਦੀਪ ਦੇ ਮਹਾਨ ਗਾਇਕਾਂ ਵਿਚ ਉਸਤਾਦ ਨੁਸਰਤ ਫਤਿਹ ਅਲੀ ਖ਼ਾਨ ਦਾ ਨਾਮ ਵਿਸ਼ੇਸ਼ ਸਨਮਾਨ ਨਾਲ ਲਿਆ ਜਾਂਦਾ ਹੈ, ਜਿਨ੍ਹਾਂ ਨੇ ਕਵਾਲੀ ਨੂੰ ਅੰਤਰਰਾਸ਼ਟਰੀ ਪਛਾਣ ਦਿਵਾਈ। ਗ਼ਜ਼ਲ ਗਾਇਕੀ ਦੇ ਬਾਦਸ਼ਾਹ ਗੁਲਾਮ ਅਲੀ ਅਤੇ ਜਗਜੀਤ ਸਿੰਘ, ਫ਼ਿਲਮੀ ਸੰਗੀਤ ਦੇ ਥੰਮ੍ਹ- ਮੁਹੰਮਦ ਰਫ਼ੀ, ਮਹਿੰਦਰ ਕਪੂਰ, ਲਤਾ ਮੰਗੇਸ਼ਕਰ, ਕਿਸ਼ੋਰ ਕੁਮਾਰ, ਮੰਨਾ ਡੇ, ਤਲਤ ਮਹਿਮੂਦ ਅਤੇ ਪੰਜਾਬੀ ਲੋਕ-ਸੰਗੀਤ ਦੀਆਂ ਮਹਾਨ ਹਸਤੀਆਂ- ਬਰਕਤ ਸਿੱਧੂ, ਨੂਰਜਹਾਂ, ਬੀਬੀ ਨੂਰਾਂ, ਵਡਾਲੀ ਭਰਾ, ਪੂਰਨ ਸ਼ਾਹਕੋਟੀ, ਆਸਾ ਸਿੰਘ ਮਸਤਾਨਾ ਅਤੇ ਪੰਜਾਬ ਦੀ ਕੋਇਲ: ਸੁਰਿੰਦਰ ਕੌਰ ਆਦਿ ਨੇ ਆਪਣੀ ਕਲਾ ਨਾਲ ਸੰਗੀਤ ਦੇ ਖ਼ਜ਼ਾਨੇ ਨੂੰ ਅਮੀਰ ਬਣਾਇਆ।

ਪਰ ਅੱਜ ਦੇ ਸਮੇਂ ਵਿਚ ਇਕ ਗੰਭੀਰ ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਕਿਤੇ ਸੰਗੀਤ ਆਪਣੀ ਮੂਲ ਭਾਵਨਾ ਤੋਂ ਦੂਰ ਹੋ ਕੇ ਸ਼ੋਰ ਵਿਚ ਤਾਂ ਨਹੀਂ ਬਦਲ ਰਿਹਾ। ਅੱਜ ਜਦੋਂ ਪੰਜਾਬੀ ਸੰਗੀਤ ਵਿਸ਼ਵ ਪੱਧਰ 'ਤੇ ‘ਬਿਲਬੋਰਡ’ ਤੱਕ ਪਹੁੰਚ ਕੇ ਪੂਰੀ ਦੁਨੀਆ ਵਿਚ ਆਪਣੀ ਪਛਾਣ ਬਣਾ ਰਿਹਾ ਹੈ, ਤਾਂ ਸਾਡੇ ਗੀਤਕਾਰਾਂ, ਸੰਗੀਤਕਾਰਾਂ ਅਤੇ ਗਾਇਕਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਉਚੀ ਆਵਾਜ਼, ਅਰਥਹੀਣ ਸ਼ਬਦਾਵਲੀ ਅਤੇ ਕੰਨਾਂ ਨੂੰ ਚੁਭਣ ਵਾਲੀਆਂ ਧੁਨਾਂ ਨੂੰ ਸੰਗੀਤ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਸੰਗੀਤ ਅਤੇ ਸ਼ੋਰ ਵਿਚ ਬਹੁਤ ਵੱਡਾ ਅੰਤਰ ਹੈ; ਸੰਗੀਤ ਮਨ ਦੀਆਂ ਤਾਰਾਂ ਨੂੰ ਸੁਰਬੱਧ ਕਰਦਾ ਹੈ, ਜਦਕਿ ਸ਼ੋਰ ਇਕਾਗਰਤਾ ਭੰਗ ਕਰਦਾ ਹੈ।

ਅੱਜ ਜਦੋਂ ਦੁਨੀਆ ਤਣਾਅ ਦੀਆਂ ਹਨੇਰੀਆਂ, ਹਿੰਸਾ ਦੇ ਸੇਕ ਅਤੇ ਵੰਡੀਆਂ ਦੀਆਂ ਕੰਧਾਂ ਵਿਚ ਘਿਰੀ ਹੋਈ ਹੈ, ਤਾਂ ਵਿਸ਼ਵ ਸੰਗੀਤ ਦਿਵਸ ਇਕ ਰੂਹਾਨੀ ਹੋਕਾ ਬਣ ਕੇ ਬਹੁੜਦਾ ਹੈ। ਇਹ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਸੰਗੀਤ ਹੀ ਉਹ ਅਦਿੱਖ ਧਾਗਾ ਹੈ ਜੋ ਬਿਖਰ ਰਹੀ ਮਨੁੱਖਤਾ ਨੂੰ ਮੁੜ ਇਕ ਮਾਲਾ ਵਿਚ ਪਰੋ ਸਕਦਾ ਹੈ। ਅੱਜ ਸਭ ਤੋਂ ਵੱਡੀ ਲੋੜ ਆਪਣੀ ਸ਼ਾਸਤਰੀ, ਲੋਕ ਅਤੇ ਅਧਿਆਤਮਿਕ ਸੰਗੀਤ ਦੀ ਅਨਮੋਲ ਵਿਰਾਸਤ ਸੁਰਜੀਤ ਰੱਖਣ ਦੀ ਹੈ। ਸਾਨੂੰ ਆਪਣੇ ਬੱਚਿਆਂ ਦੀਆਂ ਰੂਹਾਂ ਵਿਚ ਇਨ੍ਹਾਂ ਪਾਕੀਜ਼ਾ ਸੁਰਾਂ ਦੀ ਮਿਠਾਸ ਘੋਲਣੀ ਪਵੇਗੀ, ਤਾਂ ਕਿ ਸੰਗੀਤ ਮਹਿਜ਼ ਕੰਨ ਪਾੜਵਾਂ ਸ਼ੋਰ ਬਣ ਕੇ ਨਾ ਰਹਿ ਜਾਵੇ, ਬਲਕਿ ਜ਼ਿੰਦਗੀ ਨੂੰ ਸਕੂਨ ਬਖ਼ਸ਼ਦੀ ਮਨੁੱਖਤਾ ਦੀ ਸਾਂਝੀ ਧੜਕਣ ਬਣਿਆ ਰਹੇ।

# ਫ਼ੀਫ਼ਾ ਫੁੱਟਬਾਲ ਵਿਸ਼ਵ ਕੱਪ ਦੀ ਟਰਾਫ਼ੀ ਬਾਰੇ ਮਹੱਤਵਪੂਰਨ ਜਾਣਕਾਰੀ

ਫੁੱਟਬਾਲ ਦੀ ਖੇਡ ਦੁਨੀਆ ਭਰ ਦੇ ਬਹੁਤ ਸਾਰੇ ਛੋਟੇ-ਵੱਡੇ ਦੇਸ਼ਾਂ 'ਚ ਬੜੇ ਚਾਅ ਨਾਲ ਖੇਡੀ ਤੇ ਵੇਖੀ ਜਾਂਦੀ ਹੈ। ਇਸ ਖੇਡ ਨੂੰ ਪਸੰਦ ਕਰਨ ਵਾਲੇ ਲੋਕ ਇਸ ਨੂੰ ਖੇਡਣ ਵਾਲੇ ਅੰਤਰ ਰਾਸ਼ਟਰੀ ਖਿਡਾਰੀਆਂ ਦੀ ਜ਼ਿੰਦਗੀ ਨਾਲ ਜੁੜੀਆਂ ਚੀਜ਼ਾਂ ਜਿਵੇਂ ਟੀ-ਸ਼ਰਟਾਂ, ਘੜੀਆਂ, ਬੂਟ-ਜੁਰਾਬਾਂ ਅਤੇ ਚੈਨੀਆਂ ਆਦਿ ਬੜੇ ਚਾਅ ਨਾਲ ਪਾਉਂਦੇ ਹਨ ਅਤੇ ਫੋਟੋਆਂ, ਬੈਨਰ ਆਪਣੇ ਕਮਰਿਆਂ ਵਿਚ ਲਗਾ ਕੇ ਉਨ੍ਹਾਂ ਪ੍ਰਤੀ ਆਪਣੇ ਲਗਾਅ ਦਾ ਇਜ਼ਹਾਰ ਕਰਦੇ ਹਨ। ਹਰ ਕਿਸੇ ਦੀ ਆਪਣੀ ਪਸੰਦ ਦੀ ਟੀਮ ਤੇ ਖਿਡਾਰੀ ਹੁੰਦੇ ਹਨ। ਖੇਡ ਦੇ ਮੈਦਾਨ ਵਿਚ ਫੁੱਟਬਾਲ ਦੀ ਖੇਡ ਪ੍ਰਤੀ ਦਰਸ਼ਕਾਂ ਦਾ ਜਨੂੰਨ ਵੇਖਣ ਵਾਲਾ ਹੁੰਦਾ ਹੈ। ਹਰ ਖੇਡ ਵਾਂਗ ਹਰ ਚਾਰ ਸਾਲ ਮਗਰੋਂ ਫੁੱਟਬਾਲ ਦਾ ਵੀ ਫੀਫਾ ਵਿਸ਼ਵ ਕੱਪ ਹੁੰਦਾ ਹੈ। ਇਸ ਵਿਸ਼ਵ ਕੱਪ ਵਿਚ ਟੂਰਨਾਮੈਂਟ ਜਿੱਤਣ ਵਾਲੀ ਟੀਮ ਨੂੰ ਇਕ ਟਰਾਫ਼ੀ ਪ੍ਰਦਾਨ ਕੀਤੀ ਜਾਂਦੀ ਹੈ, ਜੋ ਦੁਨੀਆ ਦੀ ਸਭ ਤੋਂ ਮਹਿੰਗੀ ਟਰਾਫ਼ੀ ਹੈ। ਇਹ 18 ਕੈਰੇਟ ਸੋਨੇ ਦੀ ਬਣੀ ਹੋਈ ਹੁੰਦੀ ਹੈ। ਇਸਦਾ ਭਾਰ 6 ਕਿਲੋ ਗ੍ਰਾਮ ਤੇ ਕੀਮਤ 20 ਮਿਲੀਅਨ ਡਾਲਰ ਹੁੰਦੀ ਹੈ ਜੋ ਕਿ 190 ਕਰੋੜ ਰੁਪਏ ਬਣਦੇ ਹਨ। ਫੀਫਾ ਵਿਸ਼ਵ ਕੱਪ ਦੇ ਟੂਰਨਾਮੈਂਟ ਵਿਚ ਹਿੱਸਾ ਲੈਣ ਦੇ ਦੁਨੀਆ ਦੇ ਚਾਹਵਾਨ ਦੇਸ਼ ਤੇ ਖਿਡਾਰੀ ਇਸ ਟਰਾਫ਼ੀ ਨੂੰ ਜਿੱਤਣ ਲਈ ਚਾਰ ਸਾਲ ਦੀ ਉਡੀਕ ਕਰਦੇ ਹਨ। ਟਰਾਫੀ ਜਿੱਤਣ ਵਾਲੀ ਟੀਮ ਇਸ ਨੂੰ ਆਪਣੇ ਦੇਸ਼ 'ਚ ਨਹੀਂ ਲਿਜਾ ਸਕਦੀ। ਇਹ ਟਰਾਫ਼ੀ ਫੁੱਟਬਾਲ ਦਾ ਵਿਸ਼ਵ ਕੱਪ ਟੂਰਨਾਮੈਂਟ ਜਿੱਤਣ ਵਾਲੀ ਟੀਮ ਨੂੰ ਕੇਵਲ ਖੇਡ ਦੇ ਮੈਦਾਨ 'ਚ ਜਸ਼ਨ ਮਨਾਉਣ ਲਈ ਹੀ ਦਿੱਤੀ ਜਾਂਦੀ ਹੈ। ਜਿੱਤਣ ਦਾ ਜਸ਼ਨ ਮਨਾਉਣ ਤੋਂ ਬਾਅਦ ਟਰਾਫੀ ਵਾਪਸ ਲੈ ਲਈ ਜਾਂਦੀ ਹੈ।

ਜਸ਼ਨ ਮਨਾਉਣ ਤੋਂ ਬਾਅਦ ਇਹ ਟਰਾਫੀ ਅਗਲੇ ਫੁੱਟਬਾਲ ਵਿਸ਼ਵ ਕੱਪ ਟੂਰਨਾਮੈਂਟ ਤੱਕ ਸੁਰੱਖਿਅਤ ਰੂਪ ਵਿਚ ਰੱਖਣ ਲਈ ਸਵਿਟਜ਼ਰਲੈਂਡ ਭੇਜ ਦਿੱਤੀ ਜਾਂਦੀ ਹੈ ਜਿੱਥੇ ਫੀਫਾ ਦਾ ਹੈਡਕੁਆਟਰ ਅਤੇ ਮਿਊਜ਼ਿਅਮ ਹੈ। ਜਿੱਤਣ ਵਾਲੀ ਟੀਮ ਨੂੰ ਇਸਦੇ ਨਾਲ ਬਿਲਕੁਲ ਮਿਲਦੀ-ਜੁਲਦੀ ਗੋਲਡ ਪਲੇਟਡ ਟਰਾਫੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਟਰਾਫ਼ੀ ਦੀ ਸੁਰੱਖਿਆ ਲਈ ਬਹੁਤ ਸਖ਼ਤ ਪਹਿਰਾ ਹੁੰਦਾ ਹੈ। ਇਸ ਨੂੰ ਹੱਥ ਲਗਾਉਣ ਦੀ ਇਜਾਜ਼ਤ ਕੇਵਲ ਫੀਫਾ ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਜਿੱਤਣ ਵਾਲੀ ਟੀਮ, ਉਸਦੇ ਖਿਡਾਰੀਆਂ, ਜਿੱਤਣ ਵਾਲੀ ਟੀਮ ਦੇ ਦੇਸ਼ ਦੇ ਪ੍ਰਧਾਨ ਨੂੰ ਹੁੰਦੀ ਹੈ। ਸੰਨ 2010 ਵਿਚ ਜਦੋਂ ਸਾਊਥ ਅਫਰੀਕਾ ਨੇ ਫੀਫਾ ਵਿਸ਼ਵ ਕੱਪ ਟੂਰਨਾਮੈਂਟ ਟਰਾਫ਼ੀ ਜਿੱਤੀ ਤਾਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਇਸ ਟਰਾਫ਼ੀ ਨੂੰ ਛੂਹਿਆ ਸੀ।

*-ਪ੍ਰਿੰਸੀਪਲ ਵਿਜੈ ਕੁਮਾਰ*

# ਬਾਬੇ ਧੰਨੂ ਦਾ ਅੱਡਾ

**ਮੇਰੇ ਆਪਣੇ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।*

ਪਿੰਡ ਦੇ ਕੇਂਦਰ ਵਿਚ ਉਚਾ ਥੜ੍ਹਾ। ਗਲੀ ਵਾਲੇ ਪਾਸੇ ਖੁੱਲ੍ਹਦਾ ਇਕਹਿਰਾ ਕਮਰਾ। ਨਿੱਕਾ ਜਿਹਾ ਲੱਕੜ ਦਾ ਦਰਵਾਜ਼ਾ। ਦਿਨ ਵੇਲੇ ਇਹ ਦਰਵਾਜ਼ਾ ਮਰਜ਼ੀ ਨਾਲ ਖੁੱਲ੍ਹਦਾ। ਕੋਈ ਨਿਸ਼ਚਿਤ ਸਮਾਂ ਨਹੀਂ ਸੀ ਹੁੰਦਾ ਇਸਦੇ ਖੁੱਲ੍ਹਣ ਅਤੇ ਬੰਦ ਹੋਣ ਦਾ। ਗਲੀ ਵੱਲ ਦਾ ਕਮਰਾ ਦਰਅਸਲ ਬਾਬੇ ਧੰਨੂ ਦਾ ਜੁੱਤੀਆਂ ਗੰਢਣ ਵਾਲਾ ਅੱਡਾ। ਇਸਦੇ ਪਿਛਵਾੜੇ ਵਿਚ ਵਸਦਾ-ਰਸਦਾ ਸੀ ਉਸਦਾ ਪਰਿਵਾਰ। ਇਥੇ ਬਹਿ ਕੇ ਉਹ ਟੁੱਟੀਆਂ ਜੁੱਤੀਆਂ ਗੰਢਦਾ, ਨਵੀਆਂ ਜੁੱਤੀਆਂ ਤਿਆਰ ਕਰਦਾ, ਇਕ ਪਾਸੇ ਬਣਾਉਣ ਵਾਲੀਆਂ ਜੁੱਤੀਆਂ ਦੇ ਮੇਚ ਲੈ ਕੇ ਰੱਖੇ ਹੋਏ। ਕਿਸੇ ਦਾ ਪਤਾਵਾ ਪਾਉਣਾ, ਕਿਸੇ ਨੂੰ ਗੰਢਣਾ ਅਤੇ ਕਿਸੇ ਦੀ ਉਖੜੀ ਅੱਡੀ ਨੂੰ ਠੀਕ ਕਰਨਾ ਆਦਿ। ਪੱਤੀ ਦੇ ਸਾਰੇ ਸੇਪੀ ਵਾਲੇ ਘਰ ਉਸਦੇ ਗਾਹਕ। ਉਹ ਮਨਮਰਜ਼ੀ ਦਾ ਮਾਲਕ। ਅੱਡੇ 'ਤੇ ਬੈਠਦੇ ਸਾਰ ਹੁੱਕੇ ਵਿਚ ਚਿਲਮ ਪਾਉਂਦਾ, ਪਾਣੀ ਭਰਦਾ ਅਤੇ ਹੁੱਕੇ ਦੀ ਗੁੜ-ਗੁੜ ਦੀ ਮਸਤੀ ਵਿਚ ਉਹ ਆਪਣੇ ਕੰਮ ਕਰਦਿਆਂ, ਹਮੇਸ਼ਾ ਨੀਵੀਂ ਪਾਈ ਰੱਖਦਾ। ਉਹ ਕਦੇ-ਕਦੇ ਸ਼ੇਵ ਕਰਦਾ ਪਰ ਉਸਦੀਆਂ ਮੁੱਛਾਂ ਵਿਚਲਾ ਤਾਅ ਹਮੇਸ਼ਾ ਭਲਵਾਨੀ ਦਿੱਖ ਦਾ ਭਰਮ ਪਾਉਂਦਾ। ਸਿਰ 'ਤੇ ਵਲੇਵੇਂ ਮਾਰ ਕੇ ਬੱਧੀ ਘਸਮੈਲੀ ਜਿਹੀ ਪੱਗ ਦਾ ਲੰਮਾ ਲੜ ਉਸਦੇ ਢਿੱਡ ਤੱਕ ਪਹੁੰਚਦਾ। ਇਸਨੂੰ ਬਹੁਤ-ਭਾਂਤੀ ਵਰਤਦਾ। ਇਹੀ ਲੜ ਉਸਦਾ ਤੌਲੀਆ ਵੀ ਹੁੰਦਾ ਮੂੰਹ ਸਾਫ਼ ਕਰਨ ਜਾਂ ਮੁੜ੍ਹਕਾ ਪੂੰਝਣ ਲਈ।

ਉਸਦੀ ਬੋਲ-ਬਾਣੀ ਬਹੁਤ ਕੁਰੱਖਤ। ਕਦੇ ਵੀ ਸਿੱਧੇ ਮੂੰਹ ਨਾ ਬੋਲਦਾ। ਪਰ ਉਹ ਗੁਣੀ ਬਹੁਤ ਸੀ। ਕਦੇ ਵੀ ਕਿਸੇ ਬੱਚੇ ਨੇ ਜੁੱਤੀ ਗੰਢਾਉਣ ਜਾਣਾ ਤਾਂ ਸਭ ਤੋਂ ਪਹਿਲਾਂ ਉਸਦਾ ਰੁੱਖਾ ਜਿਹਾ ਬੋਲ ਹੁੰਦਾ ਕਿ ਇਥੇ ਰੱਖ ਦੇ। ਤੇ ਜੇ ਕਦੇ ਪੁੱਛ ਲੈਣਾ ਕਿ ਕਦੋਂ ਲੈਣ ਆਵਾਂ, ਤਾਂ ਕਹਿਣਾ, ਆ ਜਾਵੀਂ। ਜੇ ਠੀਕ ਹੋ ਗਈ ਤਾਂ ਲੈ ਜਾਵੀਂ ਨਹੀਂ ਤਾਂ ਫੇਰ ਆ ਜਾਵੀਂ। ਕਿੰਨੀ ਕੁ ਦੂਰ ਆ ਤੇਰਾ ਘਰ? ਗੇੜਾ ਮਾਰਦਾ ਰਹੀਂ। ਕਈ ਗੇੜਿਆਂ ਤੋਂ ਬਾਅਦ ਜੁੱਤੀ ਗੰਢੀ ਜਾਂਦੀ ਪਰ ਮੁਰੰਮਤ ਹੁੰਦੀ ਸਿੱਕੇਬੰਦ।

ਉਸਦੇ ਹੱਥਾਂ ਵਿਚ ਹੁਨਰ ਸੀ। ਪੈਰਾਂ ਦਾ ਮੇਚ ਲੈ ਕੇ ਬੱਚਿਆਂ ਦੇ ਮੌਜੇ ਬਣਾਉਣ ਦੀ ਉਸਨੂੰ ਬਹੁਤ ਮੁਹਾਰਤ ਸੀ ਅਤੇ ਮੌਜੇ ਟੁੱਟਦਿਆਂ ਵੀ ਨਹੀਂ ਸੀ ਟੁੱਟਦੇ। ਉਹ ਵੱਡਿਆਂ ਦੀਆਂ ਜੁੱਤੀਆਂ ਵੀ ਬਣਾਉਂਦਾ ਪਰ ਸਾਈ ਲੈ ਕੇ ਕਈ ਮਹੀਨੇ ਲਾ ਦਿੰਦਾ। ਪਰ ਪੱਤੀ ਦੇ ਹਰ ਵਿਅਕਤੀ ਦੀ ਪਹਿਲੀ ਪਸੰਦ ਹੁੰਦੀ ਕਿ ਜੁੱਤੀ ਉਸ ਕੋਲੋਂ ਹੀ ਬਣਵਾਈ ਜਾਵੇ, ਕਿਉਂਕਿ ਉਸਦੀ ਬਣਾਈ ਜੁੱਤੀ ਕਈ ਰੁੱਤਾਂ ਹੰਢਾ ਕੇ ਵੀ ਨਹੀਂ ਸੀ ਟੁੱਟਦੀ। ਦਰਅਸਲ ਉਨ੍ਹਾਂ ਸਮਿਆਂ ਵਿਚ ਜੁੱਤੀਆਂ ਬਜ਼ਾਰੋਂ ਕੌਣ ਲੈਣ ਜਾਂਦਾ ਸੀ? ਸਾਰੇ ਜੀਅ ਹੀ ਪਿੰਡ ਦੇ ਮੋਚੀ ਦੀਆਂ ਬਣਾਈਆਂ ਹੋਈਆਂ ਜੁੱਤੀਆਂ ਹੀ ਪਾਉਂਦੇ। ਵੈਸੇ ਵੀ ਉਨ੍ਹਾਂ ਸਮਿਆਂ ਵਿਚ ਪੈਰੀਂ ਜੁੱਤੀ ਪਾਉਣ ਦਾ ਰਿਵਾਜ਼ ਬਹੁਤ ਘੱਟ ਸੀ। ਸਾਰਾ ਦਿਨ ਹੀ ਨੰਗੇ ਪੈਰੀਂ ਰਹਿਣਾ ਭਾਵੇਂ ਖੇਤੀ ਕੰਮ ਕਰਨਾ ਹੋਵੇ, ਹਲ ਵਾਹੁਣਾ ਹੋਵੇ, ਪੱਠੇ ਵੱਢਣੇ ਹੋਣ, ਗੋਡੀ ਕਰਨੀ ਹੋਵੇ ਜਾਂ ਖੂਹ 'ਤੇ ਜਾਣਾ ਹੋਵੇ ਆਦਿ। ਬਹੁਤੀ ਵਾਰ ਤਾਂ ਬੱਚੇ ਸਕੂਲੇ ਵੀ ਨੰਗੇ ਪੈਰੀਂ ਹੀ ਜਾਂਦੇ ਸਨ। ਜੁੱਤੀ ਤਾਂ ਖਾਸ ਮੌਕਿਆਂ ਜਿਵੇਂ ਵਾਂਢੇ ਜਾਣ, ਮੇਲੇ ਜਾਂ ਮੱਸਿਆ ਜਾਣ ਲਈ ਹੁੰਦੀ। ਪਰ ਜੁੱਤੀ ਸਿਰਫ਼ ਨੇੜੇ ਜਾ ਕੇ ਹੀ ਪਾਈ ਜਾਂਦੀ ਕਿਉਂਕਿ ਇਹ ਫ਼ਿਕਰ ਹੁੰਦਾ ਕਿ ਜੁੱਤੀ ਮੈਲੀ ਨਾ ਹੋ ਜਾਵੇ। ਵੈਸੇ ਵੀ ਕਦੇ-ਕਦਾਈਂ ਜੁੱਤੀ ਪਾਉਣ ਨਾਲ ਪੈਰਾਂ ਵਿਚ ਛਾਲੇ ਹੋਣ ਦਾ ਡਰ ਵੀ ਬਣਿਆ ਰਹਿੰਦਾ ਸੀ। ਵੈਸੇ ਉਨ੍ਹਾਂ ਸਮਿਆਂ ਵਿਚ ਮੰਗਵੀਂ ਜੁੱਤੀ, ਖੁੱਸਾ, ਚਿੱਟਾ ਚਾਦਰਾ, ਕੁੜਤਾ ਆਦਿ ਮੰਗ ਕੇ ਵਿਆਹਾਂ 'ਤੇ ਜਾਣ ਦਾ ਰਿਵਾਜ਼ ਆਮ ਸੀ।

ਬਾਬਾ ਧੰਨੂ ਬਹੁ-ਪੱਖੀ ਸ਼ਖ਼ਸ ਸੀ। ਸਾਡੀ ਪੱਤੀ ਦੇ ਹਰ ਘਰ ਵਿਚ ਹੋਣ ਵਾਲੇ ਕਿਸੇ ਵੀ ਸਮਾਗਮ, ਭੋਗ, ਮੰਗਣੀ, ਮਰਗ ਆਦਿ 'ਤੇ ਉਸ ਨੂੰ ਸਭ ਤੋਂ ਪਹਿਲਾਂ ਸੱਦਿਆ ਜਾਂਦਾ ਕਿਉਂਕਿ ਉਹ ਹਰ ਘਰ ਸੱਦਾ ਦੇਣ ਦਾ ਕਾਰਜ ਬਹੁਤ ਬਾਖੂਬੀ ਕਰਦਾ। ਹੱਥ ਵਿਚਲਾ ਅਣਘੜ ਡੰਡਾ ਖੜਕਾਉਂਦਾ ਅਤੇ ਠਿੱਬੀ ਜਹੀ ਜੁੱਤੀ ਨਾਲ ਇਕ ਵੱਖਰਾ ਹੀ ਰਾਗ ਪੈਦਾ ਕਰਦਾ, ਉਹ ਘਰ ਦਾ ਬੂਹਾ ਖੜਕਾਉਂਦਾ। ਖਾਸ ਸਮੇਂ ਅਤੇ ਵਿਸ਼ੇਸ਼ ਥਾਂ 'ਤੇ ਆਉਣ ਲਈ ਸੱਦਾ ਦਿੰਦਾ। ਕਿਸੇ ਨੂੰ ਚੁੱਲ੍ਹੇ ਨਿਉਂਦ ਅਤੇ ਕਿਸੇ ਨੂੰ ਨਿਉਂਦਾ ਦਿੰਦਾ। ਉਸਨੂੰ ਸਭ ਪਤਾ ਹੁੰਦਾ ਕਿ ਸੱਦਾ ਭੇਜਣ ਵਾਲੇ ਪਰਿਵਾਰ ਦੀ ਕਿਸ ਪਰਿਵਾਰ ਨਾਲ ਕਿੰਨੀ ਕੁ ਨੇੜਤਾ ਹੈ? ਕਿਹੜੇ ਘਰ ਨੂੰ ਨਿਉਂਦਾ ਜਾਂ ਚੁੱਲ੍ਹੇ ਨਿਉਂਦ ਦੇਣੀ ਹੈ?

ਬਾਬਾ ਧੰਨੂ ਅਕਸਰ ਹੀ ਖੰਘਦਾ ਰਹਿੰਦਾ ਕਿਉਂਕਿ ਉਹ ਹੁੱਕਾ ਪੀਣ ਦਾ ਆਦੀ ਸੀ। ਪਰ ਜੇ ਕਿਧਰੇ ਸਿਗਰਟ ਜਾਂ ਬੀੜੀ ਮਿਲ ਜਾਂਦੀ ਤਾਂ ਉਸਦਾ ਵੀ ਸੂਟਾ ਲਾ ਲੈਂਦਾ। ਪਰ ਉਸਦੀ ਇਹ



ਸਭ ਤੋਂ ਵੱਡੀ ਖੂਬਸੂਰਤ ਆਦਤ ਸੀ ਕਿ ਉਹ ਕਦੇ ਵੀ ਜੱਟਾਂ ਦੇ ਘਰ ਆ ਕੇ ਹੁੱਕਾ ਨਹੀਂ ਸੀ ਪੀਂਦਾ ਕਿਉਂਕਿ ਉਹ ਜਾਣਦਾ ਸੀ ਕਿ ਸਿੱਖ ਪਰਿਵਾਰ ਤੰਮਾਕੂ ਨੂੰ ਨਫ਼ਰਤ ਕਰਦੇ ਹਨ।

ਬਾਬਾ ਧੰਨੂ ਪੱਤੀ ਵਿਚਲੇ ਹਰ ਘਰ ਦਾ ਪਰਿਵਾਰਕ ਮੈਂਬਰ ਸੀ। ਬਿਨਾਂ ਕਿਸੇ ਉਚੇਚ ਤੋਂ ਉਹ ਕਿਸੇ ਵੀ ਘਰ ਦਾ ਬੂਹਾ ਖੜਕਾ ਦਿੰਦਾ, ਲੋੜ ਦੱਸਦਾ ਅਤੇ ਕੋਈ ਵੀ ਘਰ ਉਸਦੀ ਲੋੜ ਪੂਰਤੀ ਕਰਨ ਤੋਂ ਨਹੀਂ ਸੀ ਉਕਦਾ।

ਦਰਅਸਲ ਪਿੰਡ ਦੇ ਸਮਾਜ ਦੀ ਸਭ ਤੋਂ ਵੱਡੀ ਖੂਬਸੂਰਤੀ ਇਹ ਸੀ ਕਿ ਉਥੇ ਕਿਸੇ ਦੀ ਜਾਤ ਨਹੀਂ ਸੀ ਪਰਖੀ ਜਾਂਦੀ। ਭਾਵੇਂ ਬਾਬਾ ਧੰਨੂ ਕਿੱਤੇ ਵਜੋਂ ਮੋਚੀ ਸੀ। ਪਰ ਹਰ ਘਰ ਵਿਚ ਉਸਨੂੰ ਪੂਰਨ ਇੱਜ਼ਤ ਮਿਲਦੀ ਸੀ। ਪਿੰਡ ਵਿਚ ਸਾਰੇ ਲਾਗੀ ਹੀ ਸਮਾਜਿਕ ਅਤੇ ਪਰਿਵਾਰਕ ਸਮਾਗਮਾਂ ਦਾ ਸਭ ਤੋਂ ਅਹਿਮ ਹਿੱਸਾ ਮੰਨੇ ਜਾਂਦੇ ਸਨ ਕਿਉਂਕਿ ਹਰ ਸਮਾਗਮ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸੰਪੂਰਨ ਹੁੰਦਾ ਸੀ। ਹਰ ਜਾਤ ਅਤੇ ਕਿੱਤੇ ਨਾਲ ਸਬੰਧਤ ਵਿਅਕਤੀ ਆਪਣਾ ਯੋਗਦਾਨ ਪਾਉਂਦਾ ਤਾਂ ਕਿ ਕਿਸੇ ਕਿਸਮ ਦੀ ਘਾਟ ਜਾਂ ਕੁਤਾਹੀ ਮਹਿਮਾਨਾਂ ਦੇ ਸਾਹਮਣੇ ਨਾ ਹੋਵੇ। ਸਬੰਧਤ ਘਰ ਦੀ ਇੱਜ਼ਤ ਅਤੇ ਸ਼ਾਨ ਦਾ ਖਾਸ ਖ਼ਿਆਲ ਰੱਖਿਆ ਜਾਂਦਾ ਸੀ।

ਬਾਬਾ ਧੰਨੂ ਦੀ ਇਹ ਵੀ ਖ਼ਾਸੀਅਤ ਸੀ ਕਿ ਉਸਦਾ ਬੱਚਿਆਂ ਨਾਲ ਬਹੁਤ ਵਾਹ ਪੈਂਦਾ ਸੀ। ਹਰ ਕਿਸਮ ਦੇ ਸੁੱਖ-ਸੁਨੇਹੇ ਦੇਣ ਲਈ ਹਰ ਘਰ ਵਿਚ ਗਾਹੇ-ਬਗਾਹੇ ਉਸਦਾ ਆਣਾ-ਜਾਣਾ ਬਣਿਆ ਰਹਿੰਦਾ ਸੀ। ਇਸ ਲਈ ਜਵਾਨ ਹੋ ਰਹੇ ਬੱਚੇ ਇਸ ਗੱਲ ਦਾ ਖਾਸ ਧਿਆਨ ਰੱਖਦੇ ਕਿ ਉਨ੍ਹਾਂ ਕੋਲੋਂ ਕੋਈ ਗਲਤੀ ਨਾ ਹੋ ਜਾਵੇ ਕਿਉਂਕਿ ਬਾਬਾ ਧੰਨੂ ਦੀ ਬਾਜ ਅੱਖ ਜਵਾਨ ਹੋ ਰਹੇ ਬੱਚਿਆਂ ਨੂੰ ਵਾਚਣ ਵਿਚ ਬੜੀ ਮਾਹਿਰ ਸੀ। ਉਹ ਕਿਸੇ ਵੀ ਬੱਚੇ ਦੀ ਗਲਤੀ ਬਾਰੇ ਉਸਦੇ ਮਾਪਿਆਂ ਨੂੰ ਦੱਸਣ ਲੱਗਿਆਂ ਜ਼ਰਾ ਵੀ ਡਰਦਾ ਜਾਂ ਹਿਚਕਾਉਂਦਾ ਨਹੀਂ ਸੀ। ਉਸਦੀ ਸਲਾਹ ਨੂੰ ਹਰ ਕੋਈ ਅਹਿਮੀਅਤ ਦਿੰਦਾ। ਇਸਦੀ ਬਦੌਲਤ ਉਨ੍ਹਾਂ ਸਮਿਆਂ ਵਿਚ ਪ੍ਰਵਾਨ ਚੜ੍ਹੀ ਨੌਜਵਾਨ ਪੀੜ੍ਹੀ ਨੇ ਸਾਬਤ ਕਦਮੀਂ ਆਪਣੀਆਂ ਜੀਵਨ-ਰਾਹਾਂ ਨੂੰ ਬਾਖੂਬੀ ਸਿਰਜਿਆ ਅਤੇ ਆਪਣੀ ਪਛਾਣ ਬਣਾਈ।

ਬਾਬਾ ਧੰਨੂ ਦੀ ਸ਼ਖ਼ਸੀਅਤ ਦਾ ਇਹ ਕੇਹਾ ਆਲਮ ਕਿ ਪੰਜਾਬ ਦੇ ਵੱਖ-ਵੱਖ ਸ਼ਹਿਰ ਗਾਹੁੰਦਿਆਂ, ਦੇਸ਼-ਵਿਦੇਸ਼ਾਂ ਵਿਚ ਘੁੰਮਦਿਆਂ ਅਤੇ ਜੀਵਨ ਦੇ ਰੁਝੇਵਿਆਂ ਦੇ ਬਾਵਜੂਦ ਵੀ ਮੈਨੂੰ ਉਸਦੀ ਯਾਦ ਕਦੇ ਕਦਾਈਂ ਜੁੱਤੀ ਪਾਉਣ ਵੇਲੇ ਆ ਜਾਂਦੀ। ਅਧੁਨਿਕਤਾ ਦੇ ਦੌਰ ਵਿਚ ਕੌਣ ਹੁਣ ਪਿੰਡ ਦੇ ਮੋਚੀ ਕੋਲੋਂ ਜੁੱਤੀਆਂ ਗੰਢਾਉਂਦਾ ਅਤੇ ਕਿਹੜਾ ਮੇਚ ਦੇ ਕੇ ਸਾਈ 'ਤੇ ਜੁੱਤੀਆਂ ਬਣਵਾਉਂਦਾ? ਉਸਦਾ ਪੁੱਤ ਜੀਤ ਸਿੰਘ ਉਰਫ਼ ਜੀਤੂ ਕੁਝ ਸਮਾਂ ਤੱਕ ਪਿੰਡ ਦੇ ਬੱਸ ਅੱਡੇ 'ਤੇ ਜੁੱਤੀਆਂ ਗੰਢਦਾ ਰਿਹਾ। ਪਰ ਹੁਣ ਉਸਨੇ ਵੀ ਇਹ ਕੰਮ ਛੱਡ ਦਿਤਾ ਹੈ। ਉਸਦੀ ਔਲਾਦ ਹੋਰ ਕਿੱਤਿਆਂ ਵਿਚ ਰੁੱਝੀ ਆਪਣੇ ਜੀਵਨ ਨੂੰ ਆਪਣੇ ਰੰਗ-ਢੰਗ ਨਾਲ ਬਿਤਾ ਰਹੀ ਹੈ।

ਅਜੋਕੇ ਦੌਰ ਵਿਚ ਅਸੀਂ ਕੇਹੀ ਭਟਕਣ ਦਾ ਸ਼ਿਕਾਰ ਹੋ, ਪਿੰਡ ਦੇ ਅਜੇਹੇ ਸੱਚੇ-ਸੁੱਚੇ ਕਿਰਤੀਆਂ ਤੋਂ ਹੀ ਬੇਮੁੱਖ ਹੋ ਗਏ, ਜੋ ਜਿਮੀਂਦਾਰਾਂ ਦੇ ਸਹਿਯੋਗੀ ਹੁੰਦੇ ਸਨ ਅਤੇ ਉਨ੍ਹਾਂ ਦੇ ਹਰ ਦੁੱਖ-ਸੁੱਖ ਦੇ ਭਾਈਵਾਲ। ਇਕ ਦੂਜੇ ਦੀਆਂ ਲੋੜਾਂ ਦੀ ਪੂਰਤੀ ਦਾ ਅਹਿਸਾਸ ਵੀ ਹੁੰਦਾ ਸੀ। ਹਰ ਵਿਅਕਤੀ ਮਾਣਮੱਤੇ ਸਮਾਜ ਦਾ ਸਭ ਤੋਂ ਮਾਣਮੱਤਾ ਅਤੇ ਅਹਿਮ ਅੰਗ ਹੁੰਦਾ ਸੀ। ਸਰਬ ਭਾਈਵਾਲਤਾ ਪਿੰਡ ਦੀ ਸਭ ਤੋਂ ਵਧੀਆ ਤਹਿਜ਼ੀਬ ਹੁੰਦੀ ਸੀ। ਇਹ ਤਹਿਜ਼ੀਬ ਰੁੱਸ ਗਈ ਹੈ। ਹੁਣ ਹਰ ਪਰਿਵਾਰ ਆਪਣੇ ਆਪ ਵਿਚ ਸੁੰਗੜਿਆ ਆਪਣੀਆਂ ਤਰਜੀਹਾਂ ਮਿਥਦਾ, ਦੂਸਰੇ ਦੀ ਅਵੱਗਿਆ ਅਤੇ ਅਣਦੇਖੀ ਵਿਚੋਂ ਹੀ ਆਪਣਾ ਮੁਫ਼ਾਦ ਭਾਲਦਾ।

ਹੁਣ ਅਸੀਂ ਬਰਾਂਡ ਮਹਿੰਗੀਆਂ ਜੁੱਤੀਆਂ ਖਰੀਦਦੇ ਹਾਂ ਅਤੇ ਆਪਣੇ ਆਪ ਨੂੰ ਵੱਡੇ ਰੁਤਬੇ ਦਾ ਮਾਲਕ ਕਹਿਲਾਉਂਦੇ ਹਾਂ। ਪਰ ਬਾਬਾ ਧੰਨੂ ਦੇ ਬਣਾਏ ਮੌਜਿਆਂ ਨੂੰ ਪਾ ਕੇ ਵਾਂਢੇ ਜਾਂ ਕਿਸੇ ਮੱਸਿਆ/ਮੇਲੇ 'ਤੇ ਜਾਣ ਵੇਲੇ ਵੱਖਰੀ ਹੀ ਟੌਹਰ ਹੁੰਦੀ ਸੀ। ਨੰਗੇ ਪੈਰੀਂ ਰਹਿਣ ਕਾਰਨ ਮੌਜੇ ਦਾ ਚਮੜਾ ਸਖ਼ਤ ਹੋ ਜਾਂਦਾ ਸੀ। ਇਸ ਲਈ ਪੈਰੀਂ ਪਾਉਣ ਤੋਂ ਪਹਿਲਾਂ ਇਸਨੂੰ ਸਰ੍ਹੋਂ ਦਾ ਤੇਲ ਲਾ ਕੇ ਇਕ ਦਿਨ ਪਹਿਲਾਂ ਹੀ ਨਰਮ ਕਰ ਲਈਦਾ ਸੀ। ਨਵੇਂ ਮੌਜੇ ਤਾਂ ਕਦਾਈਂ ਖਾਸ ਮੌਕਿਆਂ 'ਤੇ ਪਾਈਦੇ ਸਨ। ਇਨ੍ਹਾਂ ਮੌਜਿਆਂ ਵਿਚ ਬਾਬਾ ਧੰਨੂ ਦੇ ਹੱਥਾਂ ਦੀ ਛੋਹ, ਉਸਦੀ ਕਾਰੀਗਰੀ ਦਾ ਕਮਾਲ, ਮੌਜੇ ਦੀ ਬਣਤਰ ਅਤੇ ਤਿਆਰੀ ਵਿਚ ਸੁੱਚੀਆਂ ਭਾਵਨਾਵਾਂ ਦੇ ਅਹਿਸਾਸ ਬਰਾਂਡ ਜੁੱਤੀਆਂ ਵਿਚ ਕਿਥੋਂ ਮਿਲਦੇ ਹਨ?

ਬਾਬਾ ਧੰਨੂ ਵਰਗੇ ਫੱਕਰ/ਮਲੰਗ ਲੋਕ ਆਪਣੇ ਰੰਗ ਵਿਚ ਆਪਣਾ ਜੀਵਨ ਜਿਉਣ ਵਾਲੇ, ਬਾਹਰੋਂ ਕੁਰੱਖਤ ਹੁੰਦਿਆਂ ਵੀ ਅੰਦਰੋਂ ਮਲਾਈ ਵਰਗੀ ਨਰਮੀ ਰੱਖਣ ਵਾਲੇ ਅਤੇ ਹਰ ਬੱਚੇ ਦੇ ਸਿਰ 'ਤੇ ਅਛੋਪਲੇ ਜਿਹੇ ਅਸੀਸ ਭਰਿਆ ਹੱਥ ਰੱਖਣ ਵਾਲੇ ਲੋਕ ਜਦ ਗੁੰਮ ਹੋ ਜਾਂਦੇ ਤਾਂ ਬੱਚਿਆਂ ਨੂੰ ਮਿਲਣ ਵਾਲੀਆਂ ਦੁਆਵਾਂ ਵੀ ਰੁੱਸ ਜਾਂਦੀਆਂ। ਸ਼ਾਇਦ ਇਹ ਰੁੱਸੀਆਂ ਹੋਈਆਂ ਦੁਆਵਾਂ ਅਤੇ ਅਸੀਸਾਂ ਦਾ ਅਸਰ ਹੀ ਹੈ ਕਿ ਅੱਜ-ਕੱਲ੍ਹ ਪਿੰਡਾਂ ਵਿਚਲੀ ਨੌਜਵਾਨ ਪੀੜ੍ਹੀ ਆਪਣੇ ਅਕੀਦਿਆਂ ਤੋਂ ਥਿੜਕੀ, ਟੀਚਿਆਂ ਤੋਂ ਭਟਕੀ, ਆਪਣੇ ਸੁਪਨਿਆਂ ਨੂੰ ਸੂਲੀ 'ਤੇ ਟੰਗ, ਨਸ਼ਿਆਂ ਵਿਚ ਅਜੇਹੀ ਗਲਤਾਨ ਹੋ ਗਈ ਕਿ ਪਿੰਡਾਂ ਵਿਚੋਂ ਜਵਾਨੀ ਵੀ ਰੁੱਸ ਗਈ। ਪੜਾਕੂਆਂ ਦੇ ਘਰ ਵੀ ਪਰਵਾਸ ਕਰ ਗਏ। ਅੱਧੀ-ਅੱਧੀ ਰਾਤ ਤੱਕ ਪਿੰਡ ਦੀ ਫਿਰਨੀ ਵਿਚ ਖੇਡਣ ਵਾਲੇ ਜੁਆਕ ਹੁਣ ਨਸ਼ਿਆਂ ਦੀ ਦਲਦਲ ਵਿਚ ਗਵਾਚੇ ਰਾਤ ਦਾ ਹਨੇਰਾ ਹੀ ਬਣ ਗਏ।

ਕਾਸ਼! ਬਾਬਾ ਧੰਨੂ ਵਰਗੇ ਲੋਕ ਅਚੇਤ ਰੂਪ ਵਿਚ ਬੱਚਿਆਂ ਦੀ ਪਾਕ ਮਾਨਸਿਕਤਾ ਵਿਚ ਸੁਮੱਤਾਂ ਧਰਨ। ਹਰ ਘਰ ਦੀਆਂ ਸੁੱਖਾਂ ਮੰਗਣ ਵਾਲੀ ਪਿੰਡ ਦੀ ਵਿਰਾਸਤ ਤੋਂ ਜੇਕਰ ਨੌਜਵਾਨ ਪੀੜ੍ਹੀ ਕੋਈ ਸੇਧ ਲੈ ਲਵੇ ਤਾਂ ਉਨ੍ਹਾਂ ਨੂੰ ਅਹਿਸਾਸ ਹੋਵੇਗਾ ਕਿ ਇਹ ਨਿੱਕੇ-ਨਿੱਕੇ ਜਿਹੇ ਆਖੇ ਜਾਣ ਵਾਲੇ ਲੋਕਾਂ ਦੀਆਂ ਬਹੁਤ ਵੱਡੀਆਂ ਦੇਣਾਂ ਸਨ- ਸਮਾਜ ਅਤੇ ਪਰਿਵਾਰ ਨੂੰ। ਤਾਂ ਹੀ ਉਨ੍ਹਾਂ ਸਮਿਆਂ ਵਿਚ ਹਰ ਪਰਿਵਾਰ ਦੇ ਬੱਚਿਆਂ ਨੇ ਆਪਣੇ ਹਿੱਸੇ ਦਾ ਅੰਬਰ ਅਤੇ ਧਰਤ ਨੂੰ ਤਲਾਸ਼ਣ ਵਿਚ ਕੋਈ ਕਸਰ ਨਹੀਂ ਛੱਡੀ।

ਬਾਬਾ ਧੰਨੂ ਵਰਗੇ ਕਿਰਤੀਆਂ ਨੂੰ ਤਹਿ ਦਿਲ ਤੋਂ ਸਲਾਮ ਕਿ ਉਹ ਹੁਣ ਤੀਕ ਵੀ ਉਨ੍ਹਾਂ ਲੋਕਾਂ ਦੇ ਚੇਤਿਆਂ ਵਿਚ ਵੱਸਦੇ ਨੇ, ਜਿਨ੍ਹਾਂ ਨੇ ਕਈ ਦਹਾਕੇ ਪਹਿਲਾਂ ਪਿੰਡ ਤੋਂ ਉਡਾਰੀ ਮਾਰ ਲਈ ਸੀ। ਅਜੇਹੇ ਅਣਗੌਲੇ ਲੋਕ ਹੀ ਦਰਅਸਲ ਪਿੰਡ ਦਾ ਮਾਣਮੱਤਾ ਸਿਰਨਾਵਾਂ ਸਨ ਜਿਨ੍ਹਾਂ ਨੂੰ ਯਾਦ ਕਰਨਾ ਸਾਡੀ ਤਹਿਰੀਕ ਸਾਨੂੰ ਸਮਝਾਉਂਦੀ ਹੈ।

ਬਾਬਾ ਧੰਨੂ ਦਾ ਪਰਿਵਾਰ ਭਾਵੇਂ ਕਿੰਨੀ ਵੀ ਤਰੱਕੀ ਕਰ ਲਵੇ ਪਰ ਉਸਦੀ ਵਿਰਾਸਤ ਤੱਕ ਪਹੁੰਚਣਾ ਅਸਾਨ ਨਹੀਂ।

ਬਾਬਾ ਧੰਨੂ ਤੇਰੀ ਕੀਰਤੀ ਨੂੰ ਰੂਹ ਤੋਂ ਸਲਾਮ।

# ਸੰਸਾਰ ਵਿਚ ਮਨੁੱਖਤਾ ਦੇ ਅਲੰਬਰਦਾਰ ਇਨ੍ਹਾਂ ਚਾਨਣ-ਮੁਨਾਰਿਆਂ ਨੂੰ ਦਿਲੋਂ ਸਲਾਮ!




ਹਰਜੀਤ ਦਿਓਲ

ਅੱਜ ਤੋਂ ਕੋਈ 15 ਕੁ ਸਾਲ ਪਹਿਲਾਂ ਕੈਟਰੀਨਾ ਸਪੇਡ ਨਾਂਅ ਦੀ ਇੱਕ ਅਮਰੀਕਨ ਕੁੜੀ ਨੂੰ ਇੱਕ ਅਜੀਬ ਜਿਹਾ ਖਿਆਲ ਆਉਂਦਾ ਹੈ ਕਿ ਕਿਉਂ ਨਾ ਮਰਨ ਉਪਰੰਤ ਮਨੁੱਖੀ ਸਰੀਰ ਮੁੜ ਕੁਦਰਤ ਨੂੰ ਮੋੜ ਦਿੱਤਾ ਜਾਵੇ ਜਿੱਥੋਂ ਉਹ ਪੈਦਾ ਹੋਇਆ ਹੈ! ਉਂਝ ਧਾਰਮਕ ਪੁਸਤਕਾਂ ਵਿਚ ਵੀ ਦਰਜ ਹੈ ਕਿ ਮ੍ਰਿਤਕ ਸਰੀਰ ਪੰਚ ਤੱਤਵਾਂ 'ਚ ਵਿਲੀਨ ਹੋ ਜਾਂਦਾ ਹੈ। ਵਿਗਿਆਨੀਆਂ ਪਾਇਆ ਹੈ ਕਿ ਪ੍ਰੰਪਰਗਤ ਅੰਤਮ ਸੰਸਕਾਰ ਵਾਤਾਵਰਣ ਲਈ ਨੁਕਸਾਨਦਾਇਕ ਹਨ, ਇਸ ਲਈ ਇਸ ਅਮਰੀਕਨ ਬੀਬੀ ਦੀ ਪਹਿਲ 'ਤੇ ਮਨੁੱਖੀ ਸਰੀਰ ਨੂੰ ਇੱਕ ਵਿਸ਼ੇਸ਼ ਪ੍ਰਕਿਰਿਆ ਰਾਹੀਂ ਰਿਕੰਪੋਜ਼ ਕੀਤਾ ਜਾ ਸਕਦਾ ਹੈ ਜਿਸ ਰਾਹੀਂ ਮ੍ਰਿਤਕ ਦੇਹ ਸੌ ਫੀਸਦੀ ਉਪਜਾਊ ਮਿੱਟੀ ਵਿਚ ਤਬਦੀਲ ਹੋ ਜਾਵੇਗੀ। 'ਤੇਰਾ ਤੁਝ ਕੋ ਸੌਂਪਿਆ ਕਿਆ ਲਾਗੇ ਮੇਰਾ'। ਇਸ ਪ੍ਰੋਜੈਕਟ ਨੂੰ ਅਮਲ 'ਚ ਲਿਆਉਣ ਲਈ ਵਿਗਿਆਨੀ ਯਤਨਸ਼ੀਲ ਹਨ।

1921 ਵਿਚ ਜਨਮ ਲੈ ਕੇ 2013 ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਗੈਰੀ ਡੇਵਿਸ ਨਾਂ ਦੇ ਸ਼ਖ਼ਸ ਨੇ ਇੱਕ ਵਿਲੱਖਣ ਮਾਨਵਤਾਵਾਦੀ ਕਾਜ ਦਾ ਮੁੱਢ ਵਿਢਿਆ ਸੀ, ਜੋ ਭਾਵੇਂ ਸਿਰੇ ਤਾਂ ਨਹੀਂ ਚੜ੍ਹ ਸਕਿਆ ਪਰ ਟੁਟਦੇ ਤਾਰੇ ਵਾਂਗ ਇੱਕ ਲੀਕ ਅਸਮਾਨੀਂ ਜ਼ਰੂਰ ਛੱਡ ਗਿਆ।



ਕੈਟਰੀਨਾ ਸਪੇਡ



ਗੈਰੀ ਡੇਵਿਸ




ਪ੍ਰੋਫੈਸਰ ਹੇਡੇਨਯੂਸ

ਉਸ ਨੇ 'ਵਨ ਵਰਲਡ' ਨਾਂਅ ਹੇਠ ਇੱਕ ਅਭਿਆਨ ਸ਼ੁਰੂ ਕੀਤਾ ਜਿਸ ਅਨੁਸਾਰ ਸਾਰੀ ਦੁਨੀਆਂ ਵਿਚ ਵਿਚਰਨ ਲਈ ਇੱਕੋ ਪਾਸਪੋਰਟ ਲੋੜੀਂਦਾ ਹੋਵੇ। ਉਸ ਨੇ ਇੱਕ ਸੰਸਥਾ ਬਣਾ ਕੇ, ਉਸ ਦੇ ਸਹਿਯੋਗ ਨਾਲ ਇਹ ਪਾਸਪੋਰਟ ਬਣਾਇਆ। ਕੁਝ ਮੁਲਕਾਂ ਇਸ ਨੂੰ ਮਾਨਤਾ ਵੀ ਦਿੱਤੀ ਪਰ ਬਹੁਤੇ ਮੁਲਕਾਂ ਵਿਚ ਉਸ ਨੂੰ ਜੇਲ੍ਹ ਦੀ ਹਵਾ ਹੀ ਖਾਣੀ ਪਈ। ਆਪਣੀ ਮੌਤ ਤੱਕ ਉਹ ਇਸ ਵਿਚਿੱਤਰ ਸਿਰੜ ਲਈ ਜੂਝਦਾ ਰਿਹਾ ਤੇ ਅੰਤ ਵਿਚ ਇਹ ਅਭਿਆਨ ਗੁਮਨਾਮੀ ਦੇ ਹਨੇਰੇ ਵਿਚ ਦਮ ਤੋੜ ਗਿਆ।

ਸਵੀਡਨ ਵਿਖੇ ਇੱਕ ਮਾਨਵਤਾਵਾਦੀ ਸੰਸਥਾ ਦੁਆਰਾ ਇੱਥੋਂ ਦੇ ਦਰਸ਼ਨ-ਸ਼ਾਸਤਰ ਦੇ ਪ੍ਰੋਫੈਸਰ ਹੇਡੇਨਯੂਸ ਦੇ ਨਾਂਅ ਇੱਕ ਪੁਰਸਕਾਰ ਦਿੱਤਾ ਜਾਂਦਾ ਹੈ ਜੋ ਇਸਲਾਮਕ ਕੱਟੜਤਾ ਵਿਰੁੱਧ ਲਿਖਣ ਵਾਲੀ ਲੇਖਕਾ ਤਸਲੀਮਾ ਨਸਰੀਨ ਨੂੰ ਮਿਲਿਆ ਹੈ। ਜ਼ਿਕਰਯੋਗ ਹੈ ਕਿ ਹੇਡੇਨਯੂਸ ਨੇ ਕ੍ਰਿਸ਼ਚੀਐਨਿਟੀ ਵਿਚਲੇ ਪਾਖੰਡਾਂ ਦਾ ਪਰਦਾਫਾਸ਼ ਕਰਨ ਦਾ ਬੀੜਾ ਚੁੱਕਿਆ ਸੀ ਅਤੇ ਸਵੀਡਨ (ਲੈੱਸ ਰਿਲੀਜੀਅਸ ਮੋਰ ਹੈਪੀਅਰ) ਸੰਸਾਰ ਵਿਚ ਅੱਜ ਮਾਨਵਤਾ ਅਧਿਕਾਰਾਂ ਦਾ ਸਿਰਮੌਰ ਦੇਸ਼ ਹੈ। ਨੈਸ਼ਨਲ ਜਿਓਗ੍ਰਾਫਿਕਸ ਚੈਨਲ ਅਤੇ ਮਾਹਵਾਰੀ ਰਸਾਲਾ ਉਨ੍ਹਾਂ ਵਿਗਿਆਨੀਆਂ ਖੋਜੀਆਂ ਦੇ ਕਾਰਨਾਮਿਆਂ ਦਾ ਦਸਤਾਵੇਜ਼ ਹੁੰਦਾ ਹੈ, ਜਿਨ੍ਹਾਂ ਜਾਨ ਜੋਖਿਮ ਵਿਚ ਪਾ ਕੇ ਮਨੁੱਖਤਾ ਨੂੰ ਉਨ੍ਹਾਂ ਕੁਦਰਤੀ ਰਹੱਸਾਂ ਦੇ ਰੂਬਰੂ ਕਰਾਇਆ ਹੈ, ਜਿਨ੍ਹਾਂ ਰਹੱਸਾਂ ਨੂੰ ਧਰਮ ਰੱਬੀ ਚਮਤਕਾਰ ਦੱਸ ਪੱਲਾ ਝਾੜ ਲੈਂਦੇ ਹਨ। ਅੱਜ ਪਿੰਗਲਵਾੜਾ ਵਰਗੀਆਂ ਕਈ ਸੰਸਥਾਵਾਂ ਹਨ ਜੋ ਸੜਕਾਂ ਕਿਨਾਰੇ ਰੁਲਦੇ ਬੇਸਹਾਰਾ ਲੋਕਾਂ ਦਾ ਆਸਰਾ ਬਣਦੀਆਂ ਹਨ। ਸੰਸਾਰ ਵਿਚ ਮਨੁੱਖਤਾ ਦੇ ਅਲੰਬਰਦਾਰ ਇਨ੍ਹਾਂ ਚਾਨਣ-ਮੁਨਾਰਿਆਂ ਨੂੰ ਦਿਲੋਂ ਸਲਾਮ!

# ਇਹੁ ਜਨਮੁ ਤੁਮਹਾਰੇ ਲੇਖੇ !

***ਪੰਜਾਬੀ ਸਾਹਿਤ ਨੂੰ ਕਨਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 14ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




## ਕਿਸ਼ਤ - 14

ਮਾਸਕ 'ਹਿਤੈਸ਼ੀ' ਦਾ ਕੰਮ ਵਧਦਾ ਹੀ ਵਧਦਾ ਗਿਆ। ਸ਼ੁਰੂ ਵਿਚ ਚਰਨਜੀਤ ਕੁਛ ਸਮੇਂ ਵਾਸਤੇ ਆਉਂਦਾ, ਜਗਦੀਪ ਨਾਲ ਸਲਾਹ ਕਰਦਾ ਤੇ ਸਜਾਉਣ ਵਾਲੀਆਂ ਰਚਨਾਵਾਂ ਆਪਣੇ ਨਾਲ ਲੈ ਜਾਂਦਾ। ਫੇਰ ਉਹ ਇਥੇ ਬੈਠ ਕੇ ਹੀ ਕੰਮ ਕਰਨ ਲੱਗ ਪਿਆ। ਉਹਨਾਂ ਦੇ ਸਲਾਹ-ਮਸ਼ਵਰੇ ਵੀ ਵਧਦੇ ਗਏ ਤੇ ਸਜਾਵਟੀ ਕੰਮ ਵੀ ਵਧਦਾ ਗਿਆ। ਪਹਿਲਾਂ ਉਹ ਦੁਕਾਨ ਖੁੱਲ੍ਹਣ ਦੇ ਸਮੇਂ ਤੋਂ ਮਗਰੋਂ ਆਉਂਦਾ ਤੇ ਗੁਰਮੁਖ ਸਿੰਘ ਦੇ ਆਉਣ ਤੋਂ ਪਹਿਲਾਂ ਚਲਿਆ ਜਾਂਦਾ। ਫੇਰ ਉਹ ਉਹਦੇ ਆਉਣ ਤੋਂ ਮਗਰੋਂ ਵੀ ਕੰਮ ਕਰਦਾ ਰਹਿੰਦਾ। ਹੁਣ ਬੁੱਧਵਾਰ ਦੀ ਗੁਰਮੁਖ ਸਿੰਘ ਦੀ ਛੁੱਟੀ ਵਾਲੇ ਦਿਨ ਵੀ ਉਹ ਅਕਸਰ ਆ ਜਾਂਦਾ। ਉਹ ਉਹਨੂੰ ਭਾਪਾ ਜੀ ਕਹਿ ਕੇ ਬੁਲਾਉਂਦਾ।



ਹੌਲੀ-ਹੌਲੀ ਚਰਨਜੀਤ ਦਾ ਆਉਣ-ਜਾਣ ਵਧਦਾ-ਵਧਦਾ ਇਥੋਂ ਤੱਕ ਪਹੁੰਚ ਗਿਆ ਕਿ ਪਹਿਲਾਂ ਜਗਦੀਪ ਲਈ ਹਾਲਤ ਰੇਡੀਓ ਵਿਚ ਅਕਸਰ ਬਜਦੇ ਕਿਸੇ ਦੇ ਗੀਤ

**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

'ਪਹਿਲੇ ਜਾਂਅ, ਫਿਰ ਜਾਨੇਜਾਂਅ, ਫਿਰ ਜਾਨੇਜਾਨਾਂ ਹੋ ਗਏ' ਵਾਲ਼ੀ ਬਣੀ ਤੇ ਫੇਰ 'ਪਹਿਲੇ ਦਿਲ, ਫਿਰ ਦਿਲਰੁਬਾ, ਫਿਰ ਦਿਲ ਕੇ ਮਹਿਮਾਂਅ ਹੋ ਗਏ' ਵਾਲੀ ਬਣ ਗਈ। ਗੱਲ ਮਹਿਮਾਨ ਤੱਕ ਰਹਿੰਦੀ, ਤਾਂ ਵੀ ਚਲੋ ਠੀਕ ਸੀ, ਚਰਨਜੀਤ ਨੇ ਸਾਉਣ ਦੀ ਘਟਾ ਵਾਂਗ ਵਧਦਿਆਂ-ਵਧਦਿਆਂ ਉਸਦੇ ਮਨ ਦੇ ਅੰਬਰ ਨੂੰ ਪੂਰੀ ਤਰ੍ਹਾਂ ਕੱਜ ਲਿਆ ਤੇ ਮਹਿਮਾਨ ਤੋਂ 'ਰਫ਼ਤਾ ਰਫ਼ਤਾ ਵੁਹ ਹਮਾਰੇ ਦਿਲ ਕੇ ਅਰਮਾਂਅ ਹੋ ਗਏ!'

ਉਹ ਘਰ ਦੇ ਜੀਅ ਵਾਂਗ ਵਿਚਰਨ ਲੱਗਿਆ। ਇਕ ਬੁੱਧਵਾਰ ਸਵੇਰੇ ਹੀ ਆ ਗਿਆ। ਜਦੋਂ ਪਾਰਵਤੀ ਨੇ ਜਗਦੀਪ ਤੋਂ ਪੁੱਛਿਆ, 'ਬੀਬੀ ਜੀ, ਆਜ ਨਾਸ਼ਤੇ ਮੇਂ ਕਿਆ ਬਨਾਊਂ", ਚਰਨਜੀਤ ਉਹਦੀ ਗੱਲ ਕੱਟ ਕੇ ਇਕਦਮ ਕਹਿੰਦਾ, 'ਭਾਪਾ ਜੀ, ਅੱਜ ਨਾਸ਼ਤਾ ਮੈਂ ਬਣਾਵਾਂ?'

ਗੁਰਮੁਖ ਸਿੰਘ ਹੈਰਾਨ ਹੋਇਆ, 'ਤੁਸੀਂ ਬਣਾਉਗੇ ਸਭ ਵਾਸਤੇ ਨਾਸ਼ਤਾ?'

'ਕਿਉਂ ਭਾਪਾ ਜੀ, ਪਾਰਵਤੀ ਦੇ ਕਿਹੜਾ ਮੈਥੋਂ ਵੱਧ ਹੱਥ ਨੇ!' ਉਹਨੇ ਦੱਸਿਆ, 'ਆਪਣਾ ਨਾਸ਼ਤਾ ਰੋਜ਼ ਮੈਂ ਆਪ ਹੀ ਤਾਂ ਬਣਾਉਂਦਾ ਹਾਂ।'

ਜਗਦੀਪ ਹੱਸੀ, 'ਬਰੈੱਡ ਦਾ ਕਾਗ਼ਜ਼ ਉਤਾਰ ਕੇ ਦੋ-ਦੋ ਪੀਸ ਸਭ ਦੀਆਂ ਪਲੇਟਾਂ ਵਿਚ ਰੱਖ ਦੇਣ ਨੂੰ ਨਾਸ਼ਤਾ ਨਹੀਂ ਕਹਿੰਦੇ।'

'ਬਰੈੱਡ?' ਉਹ ਵੇਲਣਾ ਚਲਾਉਣ ਵਾਂਗ ਹੱਥ ਹਿਲਾ ਕੇ ਕਹਿੰਦਾ, 'ਪਰੌਂਠੇ ਬਣਾਊਂ ਆਲੂਆਂ ਦੇ, ਜੇ ਸਾਰੇ ਰੋਜ਼ ਨਾਲੋਂ ਦੁਗੁਣਾ ਨਾਸ਼ਤਾ ਨਾ ਕਰਨ, ਜੋ ਸਜ਼ਾ ਝੂਠੇ ਦੀ, ਉਹ ਮੇਰੀ!'

ਗੁਰਮੁਖ ਸਿੰਘ ਨੇ ਨੌਕਰਾਣੀ ਨੂੰ ਆਖਿਆ, 'ਪਾਰਵਤੀ, ਅੱਜ ਨਾਸ਼ਤਾ ਚਰਨਜੀਤ ਜੀ ਬਣਾਉਣਗੇ। ਜੇ ਆਵਾਜ਼ ਵੀ ਦੇਣ, ਤੂੰ ਕਿਚਨ ਵਿਚ ਨਹੀਂ ਜਾਣਾ।'

ਚਰਨਜੀਤ ਕਿਚਨ ਵੱਲ ਜਾਂਦਿਆਂ ਬੋਲਿਆ, 'ਠੀਕ ਹੈ, ਠੀਕ ਹੈ, ਮੈਨੂੰ ਚੀਜ਼ਾਂ ਦੱਸ ਕੇ ਤੂੰ ਬਾਹਰ ਹੀ ਰਹੀਂ ਪਾਰਵਤੀ। ਮੈਨੂੰ ਨਾਸ਼ਤਾ ਬਣਾਉਣ ਵਿਚ ਕਿਸੇ ਦੂਜੇ ਦੀ ਮਦਦ ਦੀ ਲੋੜ ਨਹੀਂ!'

ਜਦੋਂ ਉਹਨੇ ਪਰੌਂਠਿਆ ਵਾਲ਼ੀ ਪਲੇਟ ਮੇਜ਼ ਉੱਤੇ ਰੱਖੀ, ਗੁਰਮੁਖ ਸਿੰਘ ਨੇ ਦੇਖਿਆ, ਪਰੌਂਠੇ ਘਿਉ ਵਿਚ ਗੜੁੱਚ ਸਨ। ਉਹ ਹੱਸਿਆ, 'ਬਈ ਪਾਰਵਤੀ, ਤੈਨੂੰ ਤਾਂ ਹੁਣ ਕੰਮ ਤੋਂ ਜਵਾਬ ਦੇਣਾ ਹੀ ਪੈਣਾ ਹੈ! ਦੇਖ, ਚਰਨਜੀਤ ਜੀ ਨੇ ਪਰੌਂਠੇ ਤੈਥੋਂ ਚੰਗੇ ਬਣਾਏ ਨੇ। ਨਾਲੇ ਇਹ ਮਹੀਨੇ ਵਿਚ ਜਿੰਨਾ ਘਿਉ ਪਰੌਂਠਿਆਂ ਨੂੰ ਲਾਉਣਗੇ, ਉਹ ਪੈਸੇ ਤੈਨੂੰ ਕੰਮ ਤੋਂ ਹਟਾ ਕੇ ਹੀ ਪੂਰੇ ਕਰਨੇ ਪੈਣੇ ਨੇ!'

'ਐਸੇ ਹਮ ਕਾਮ ਸੇ ਜਵਾਬ ਨਹੀਂ ਸੁਨਤੇ, ਬਾਬੂ ਜੀ', ਪਾਰਵਤੀ ਨੇ ਲੜਾਕੀ ਮੁਦਰਾ ਬਣਾਈ, 'ਜਿਸ ਨੇ ਹਮਾਰੀ ਰੋਜ਼ੀ ਛੀਨਨੀ ਹੋ, ਪਹਿਲੇ ਹਮ ਸੇ ਟੱਕਰ ਲੇਨੀ ਹੋਗੀ!'

ਗੁਰਮੁਖ ਸਿੰਘ ਤੇ ਪਾਰਵਤੀ ਦਾ ਸਵਾਲ-ਜਵਾਬ ਸੁਣ ਕੇ ਜਗਦੀਪ ਤੇ ਚਰਨਜੀਤ ਵੀ ਹੱਸ ਪਏ। ਚਰਨਜੀਤ ਕਹਿੰਦਾ, 'ਜੋ ਗੱਲ ਕਰਨੀ ਹੈ, ਪਰੌਂਠੇ ਖਾ ਕੇ ਕਰਨੀ। ਪਹਿਲਾਂ ਹੀ ਕੋਈ ਰਾਇ ਦੇਣੀ ਵਾਜਬ ਨਹੀਂ।' ਤਲ਼ਣ ਵਾਸਤੇ ਘਿਉ ਥੋੜ੍ਹਾ ਜਿਹਾ ਜ਼ਿਆਦਾ ਲਾਇਆ ਹੋਇਆ ਸੀ, ਪਰੌਂਠੇ ਵਾਕਿਆ ਹੀ ਕਮਾਲ ਸਨ।

ਬੱਚੇ ਹੋਸਟਲ ਵਿਚ ਸਨ ਤੇ ਗੁਰਮੁਖ ਸਿੰਘ ਦੁਕਾਨ ਚਲਿਆ ਜਾਂਦਾ। ਪਾਰਵਤੀ ਦਾ ਦਿਨ ਭਰ ਰਹਿਣਾ ਜਗਦੀਪ ਨੂੰ ਚੁਭਣ ਲੱਗਿਆ। ਹੁਣ ਕੰਮ ਸੀ ਵੀ ਕਿੰਨਾ ਕੁ ਜਿਸ ਵਾਸਤੇ ਉਹ ਸਾਰਾ ਦਿਨ ਸਿਰ ਉੱਤੇ ਸਵਾਰ ਰਹੇ। ਉਹਨੇ ਚਰਨਜੀਤ ਨਾਲ ਸੋਚ-ਵਿਚਾਰ ਕੀਤੀ ਤੇ ਕਮਰੇ ਤੋਂ ਬਾਹਰ ਜਾ ਕੇ ਪਾਰਵਤੀ ਨੂੰ ਬਿਠਾ ਲਿਆ, 'ਦੇਖ ਪਾਰਵਤੀ, ਭਾਈਆ ਜੀ ਔਰ ਝਾਈ ਜੀ ਤੋ ਭਗਵਾਨ ਕੇ ਘਰ ਚਲੇ ਗਏ, ਬੱਚੇ ਹੋਸਟਲ ਮੇਂ ਹੈਂ, ਸਰਦਾਰ ਜੀ ਦੁਕਾਨ ਚਲੇ ਜਾਤੇ ਹੈਂ, ਕਾਮ ਅਬ ਉਤਨਾ ਤੋ ਰਹਿ ਨਹੀਂ ਗਿਆ ਕਿ ਤੇਰਾ ਸਾਰਾ ਦਿਨ ਲਗ ਜਾਏ...'

ਪਾਰਵਤੀ ਡਰ ਗਈ, 'ਬੀਬੀ ਜੀ, ਗਲੀ ਮੇਂ ਸਭ ਲੋਗਨ ਕੇ ਕਾਮ ਵਾਲੀਆਂ ਹੈਂ। ਜਿਨ ਘਰੋਂ ਮੇਂ ਮੈਂ ਕਾਮ ਕੀਆ ਕਰਤੀ ਥੀ, ਛੋਡ ਕਰ ਜਬ ਆਪ ਕੇ ਯਹਾਂ ਆ ਗਈ, ਉਨਹੋਂ ਨੇ ਭੀ ਔਰ ਕਾਮ ਵਾਲੀਆ ਰੱਖ ਲੀਂ। ਆਪ ਹਟਾ ਦੇਂਗੇ, ਬੀਬੀ ਜੀ, ਤੋ ਮੈਂ ਬੇਚਾਰੀ ਕਹਾਂ ਜਾਊਂਗੀ?'

ਜਗਦੀਪ ਹੱਸੀ, 'ਪਗ਼ਲੀ, ਮੈਂ ਤੁਮ੍ਹੇਂ ਕਾਮ ਸੇ ਹਟਾ ਨਹੀਂ ਰਹੀ, ਤੇਰਾ ਕਾਮ ਆਸਾਨ ਕਰ ਰਹੀ ਹੂੰ। ਤੇਰੇ ਲੀਏ ਯਹਾਂ ਸਾਰਾ ਦਿਨ ਕਰਨੇ ਕੋ ਕੁਛ ਹੈ ਤੋ ਨਹੀਂ, ਫ਼ਾਲਤੂ ਵਕਤ ਮੇਂ ਔਰ ਕਹੀਂ ਕਾਮ ਕਰ ਲੇ। ਮੈਂ ਤੇਰੇ ਪੈਸੇ ਕਮ ਨਹੀਂ ਕਰੂੰਗੀ। ਬੇਫ਼ਿਕਰ ਰਹਿ, ਤੇਰੇ ਪੈਸੇ ਅਬ ਜਿਤਨੇ ਹੀ ਰਹੇਂਗੇ। ਤੇਰੀ ਆਮਦਨ ਤੋ ਉਲਟਾ ਬੜ੍ਹ ਜਾਏਗੀ।'

ਪਾਰਵਤੀ ਆਮ ਕਰ ਕੇ ਮੂੰਹ ਬੰਦ ਰਖਦੀ ਸੀ, ਅੱਖਾਂ ਨਹੀਂ। ਉਹ ਸਾਰਾ ਮਾਜਰਾ ਸਮਝ ਗਈ। ਬੀਬੀ ਜੀ ਨੂੰ ਸਾਰਾ ਦਿਨ ਉਹਦਾ ਹਾਜ਼ਰ ਰਹਿਣਾ ਚੰਗਾ ਨਹੀਂ ਸੀ ਲਗਦਾ। ਉਹਨੇ ਪੁੱਛਿਆ, 'ਤੋ ਮੈਂ ਕੈਸੇ ਕਰੂੰ ਬੀਬੀ ਜੀ?'

'ਤੁਮ ਸਵੇਰੇ ਆਉ, ਨਾਸ਼ਤਾ ਬਨਾਉ, ਸਰਦਾਰ ਜੀ ਕੇ ਡੱਬੇ ਵਾਲੀ ਸਬਜ਼ੀ ਹੀ ਮੇਰੇ ਦੁਪਹਿਰ ਕੇ ਲੀਏ ਰਖ ਦੋ, ਝਾੜੂ-ਪੋਚਾ ਔਰ ਕੱਪੜੇ ਕਰੋ ਔਰ ਜਾਉ। ਦੁਪਹਿਰ ਕੋ ਅਪਨੇ ਏਕ-ਦੋ ਫੁਲਕੇ ਮੈਂ ਖ਼ੁਦ ਬਨਾ ਲੀਆ ਕਰੂੰਗੀ। ਫਿਰ ਸ਼ਾਮ ਕੋ ਆ ਜਾਉ ਖਾਨਾ ਬਨਾਨੇ। ਬਾਕੀ ਵਕਤ ਕੇ ਲੀਏ ਔਰ ਕਹੀਂ ਕਾਮ ਢੂੰਡ ਲੋ। ਯਾ ਫਿਰ ਅਪਨੇ ਘਰ ਚਲੀ ਜਾਇਆ ਕਰੋ, ਅਪਨੇ ਬੱਚੋਂ ਕੇ ਪਾਸ।' ਸਾਰੀ ਗੱਲ ਸੁਣ ਕੇ ਪਾਰਵਤੀ ਦਾ ਖ਼ੁਸ਼ ਹੋਣਾ ਕੁਦਰਤੀ ਸੀ। ਸ਼ਾਮ ਨੂੰ ਗੁਰਮੁਖ ਸਿੰਘ ਨਾਲ ਸਲਾਹ ਕਰਨ ਦੀ ਥਾਂ ਜਗਦੀਪ ਨੇ ਪਾਰਵਤੀ ਦੀ ਵਿਹਲੇ ਸਮੇਂ ਦੀ ਹਾਜ਼ਰੀ ਲਿਖਣ-ਪੜ੍ਹਨ ਵਿਚ ਬਾਧਕ ਦੱਸ ਕੇ ਨਵੇਂ ਪਰਬੰਧ ਦੀ ਜਾਣਕਾਰੀ ਦੇ ਦਿੱਤੀ। ਉਹਨੇ ਤਾਂ ਦੁਨੀਆ ਯਕੀਨਨ ਪਾਰਵਤੀ ਨਾਲੋਂ ਬਹੁਤ ਵੱਧ ਦੇਖੀ, ਜਾਣੀ ਤੇ ਸਮਝੀ ਹੋਈ ਸੀ। ਉਹ ਇਕਦਮ ਸਾਰਾ ਮਾਮਲਾ ਸਮਝ ਗਿਆ ਪਰ ਹਮੇਸ਼ਾ ਵਾਂਗ ਬੋਲਿਆ ਕੁਛ ਨਹੀਂ। ਅਗਲੇ ਦਿਨ ਤੋਂ ਪਾਰਵਤੀ ਨਵੇਂ ਸਮੇਂ ਅਨੁਸਾਰ ਕੰਮ ਕਰਨ ਲੱਗ ਪਈ।

ਮੌਸਮ ਬੜਾ ਸੁਹਾਵਣਾ ਹੋ ਗਿਆ ਸੀ। ਗਰਮੀ ਤੇ ਸਰਦੀ ਦੇ ਵਿਚਕਾਰਲੇ ਦਿਨ ਸਨ। ਸ਼ਾਮ ਨੂੰ ਨਿੱਕੀ-ਨਿੱਕੀ ਕਣੀ ਦਾ ਮੀਂਹ ਪੈਣ ਲੱਗ ਪਿਆ ਤੇ ਮੰਦ-ਮੰਦ ਹਵਾ ਵਗ ਪਈ। ਖ਼ੁਸ਼ਨੁਮਾ ਹੋ ਕੇ ਰਾਤ ਨੇ ਮਿਹਰਬਾਨ ਰੂਪ ਧਾਰ ਲਿਆ। ਗੁਰਮੁਖ ਸਿੰਘ ਨੇ ਸਿੱਧੀ ਪਈ ਜਗਦੀਪ ਨੂੰ ਆਪਣੇ ਵੱਲ ਪਾਸਾ ਦੁਆ ਕੇ ਬਾਂਹ ਉਹਦੇ ਉੱਪਰ ਦੀ ਵਲ਼ ਲਈ। ਅੱਜ ਫੇਰ ਬੁਰਸ਼ ਕੀਤਾ ਹੋਣ ਦੇ ਬਾਵਜੂਦ ਉਹਦੇ ਮੂੰਹ ਵਿਚੋਂ ਸਿਗਰਟ ਦੀ ਬੂ ਆਈ। ਗੁਰਮੁਖ ਸਿੰਘ ਨੂੰ ਬਹੁਤ ਬੁਰਾ ਮਹਿਸੂਸ ਹੋਇਆ। ਉਹ ਉੱਪਰੋਂ ਬਾਂਹ ਚੁੱਕ ਕੇ ਸਿੱਧਾ ਪੈ ਗਿਆ। ਦਿਲ ਕੀਤਾ, ਕਹੇ, ਇਹ ਕੀ ਬੇਹੂਦਗੀ ਹੈ, ਬਾਜ਼ਾਰੀ ਔਰਤਾਂ ਵਾਂਗ ਸਿਗਰਟ ਪੀਣੀ ਸ਼ੁਰੂ ਕਰ ਦਿੱਤੀ! ਪਰ ਇਕ ਵਾਰ ਫੇਰ ਲੰਮੀ ਸੋਚੀ ਤੇ ਸਿੱਧੀ ਗੱਲ ਆਖਣ ਦੀ ਥਾਂ ਇਸ਼ਾਰਾ ਕਰਨਾ ਜ਼ਿਆਦਾ ਠੀਕ ਸਮਝਿਆ। ਸੋਚਿਆ, ਜੇ ਅਕਲ ਹੋਈ, ਮੇਰਾ ਮਤਲਬ ਆਪੇ ਸਮਝ ਜਾਵੇਗੀ। ਆਖਿਆ, 'ਜਿਸ ਦਿਨ ਕੋਈ ਸਿਗਰਟ ਪੀਣ ਵਾਲਾ ਮਹਿਮਾਨ ਆ ਕੇ ਜਾਂਦਾ ਹੈ, ਘਰ ਵਿਚੋਂ ਸਿਗਰਟ ਦੀ ਬੂ ਆਉਂਦੀ ਰਹਿੰਦੀ ਹੈ। ਉਹਦੇ ਜਾਣ ਮਗਰੋਂ ਖਿੜਕੀਆਂ ਖੋਲ੍ਹ ਕੇ ਧੂਫ਼ ਲਾ ਦਿਆ ਕਰੋ।'

ਜਗਦੀਪ ਨੇ ਮਜਬੂਰੀ ਦੱਸੀ, 'ਮਹਿਮਾਨਾਂ ਨੂੰ ਘਰ ਆਉਣੋਂ ਤਾਂ ਵਰਜਿਆ ਨਹੀਂ ਜਾ ਸਕਦਾ। ਕਈਆਂ ਨੂੰ ਲਗਾਤਾਰ ਸਿਗਰਟ ਪੀਂਦੇ ਰਹਿਣ ਦੀ ਆਦਤ ਹੋ ਜਾਂਦੀ ਹੈ। ਹੁਣ ਜਦੋਂ ਕੋਈ ਇਹੋ ਜਿਹਾ ਲੇਖਕ ਆਇਆ, ਮੈਂ ਸਿਗਰਟ ਨਾ ਪੀਣ ਲਈ ਆਖ ਦੇਵਾਂਗੀ।'

ਗੁਰਮੁਖ ਸਿੰਘ ਨੇ ਦਿਲ ਹੀ ਦਿਲ ਸੋਚਿਆ, ਕਿਸੇ ਬਿਚਾਰੇ ਮਹਿਮਾਨ ਨੂੰ ਵਰਜਣ ਨਾਲ ਕੀ ਹੋਵੇਗਾ, 'ਨਹੀਂ, ਘਰ ਆਏ ਕਿਸੇ ਨੂੰ ਰੋਕਣਾ ਠੀਕ ਨਹੀਂ। ਕੋਈ ਬੁਰਾ ਮਨਾ ਜਾਵੇਗਾ। ਇਹ ਤਾਂ ਅਗਲੇ ਨੂੰ ਖ਼ੁਦ ਚਾਹੀਦਾ ਹੈ, ਸਿੱਖ ਘਰ ਦੀ ਧਾਰਮਿਕ ਭਾਵਨਾ ਦਾ ਵਾਜਬ ਖ਼ਿਆਲ ਰੱਖੇ।... ਬਾਰੀਆਂ ਖੋਲ੍ਹ ਕੇ ਤੇ ਧੂਫ਼ ਲਾ ਕੇ ਕਮਰੇ ਦੀ ਹਵਾ ਬਦਲ ਦਿਆ ਕਰੋ।'

ਜਗਦੀਪ ਵੀ ਉਹਦੇ ਗੱਲ ਕਰਨ ਦੇ ਮੌਕੇ ਤੋਂ ਸਮਝ ਗਈ ਕਿ ਬੂ ਕਮਰੇ ਵਿਚੋਂ ਨਹੀਂ, ਉਸ ਦੇ ਮੂੰਹ ਵਿਚੋਂ ਆਈ ਸੀ। ਉਹਨੇ ਸੋਚਿਆ, ਜਿਹੜਾ ਮੋੜ ਕੱਟਣ ਬਾਰੇ ਉਹ ਕਾਫ਼ੀ ਚਿਰ ਤੋਂ ਸੋਚ ਰਹੀ ਹੈ, ਉਸ ਦਾ ਸਮਾਂ ਆ ਗਿਆ ਹੈ। ਪਹਿਲਾਂ ਗੁਰਮੁਖ ਸਿੰਘ ਕੋਈ ਬਹਾਨਾ ਨਹੀਂ ਸੀ ਦੇ ਰਿਹਾ, ਆਪ ਉਸ ਤੋਂ ਹਿੰਮਤ ਨਹੀਂ ਸੀ ਹੋ ਰਹੀ। ਉਹਨੇ ਕਾਫ਼ੀ ਦਿਨਾਂ ਤੋਂ ਕੀਤੇ ਹੋਏ ਪਰ ਕੋਈ ਰਾਹ ਨਾ ਮਿਲਣ ਕਾਰਨ ਆਪਣੇ ਤੱਕ ਰੱਖੇ ਹੋਏ ਫ਼ੈਸਲੇ ਤੋਂ ਕਈ ਵਾਰ ਪਰਦਾ ਉਤਾਰਨ ਦਾ ਜਤਨ ਕੀਤਾ ਪਰ ਸਫ਼ਲ ਨਾ ਹੋ ਸਕੀ। ਅੱਜ ਜਦੋਂ ਪਰਦੇ ਦੀ ਇਕ ਕੰਨੀ ਗੁਰਮੁਖ ਸਿੰਘ ਦੇ ਖਿੱਚਣ ਸਦਕਾ ਸੱਚ ਇਕ ਪਾਸਿਉਂ ਨੰਗਾ ਹੋ ਹੀ ਗਿਆ, ਪੂਰਾ ਪਰਦਾ ਚੁੱਕ ਦੇਣ ਦਾ ਵਧੀਆ ਵੇਲਾ ਹੈ। ਉਹਨੇ ਸਾਹਸ ਜੁਟਾਇਆ, 'ਇਕ ਗੱਲ ਕਹਿਣੀ ਸੀ। ਮੈਂ ਕਈ ਦਿਨਾਂ ਤੋਂ ਇਹ ਗੱਲ ਕਹਿਣ ਦੀ ਸੋਚ ਰਹੀ ਸੀ ਪਰ ਕਹਿ ਨਹੀਂ ਸਕੀ। ਗੱਲ ਇਹ...'

ਗੁਰਮੁਖ ਸਿੰਘ ਨੇ ਸੋਚਿਆ, ਹੁਣ ਮੌਕਾ ਹੈ, ਇਸ ਨੂੰ ਰਿਸ਼ਤੇ ਦਾ ਚੇਤਾ ਕਰਵਾ ਹੀ ਦੇਣਾ ਚਾਹੀਦਾ ਹੈ। ਉਹਦੀ ਗੱਲ ਵਿਚਕਾਰੋਂ ਕੱਟ ਕੇ ਕਹਿੰਦਾ, 'ਦੀਪੀ, ਪਤੀ-ਪਤਨੀ ਹਾਂ ਅਸੀਂ! ਉਹ ਵੀ ਅਜਿਹੇ ਪਤੀ-ਪਤਨੀ ਜਿਨ੍ਹਾਂ ਨੇ ਬਾਲਪਨ ਤੋਂ ਇਕ ਦੂਜੇ ਨੂੰ ਮਾਸੂਮ ਮੋਹ ਤੇ ਫੇਰ ਜਵਾਨੀ ਵਿਚ ਪੈਰ ਰਖਦਿਆਂ ਦਿਲੀ ਪਿਆਰ ਕੀਤਾ ਹੈ। ਇਕ ਦੂਜੇ ਨੂੰ ਕੁਛ ਕਹਿਣ ਵਿਚ ਝਿਜਕ ਕਿਸ ਲਈ।'

'ਗੱਲ ਇਹ ਹੈ, ਮੈਨੂੰ ਹੁਣ ਇਹ ਸਭ ਚੰਗਾ ਨਹੀਂ ਲਗਦਾ', ਉਸ ਨੇ ਗੁਰਮੁਖ ਸਿੰਘ ਤੋਂ ਚੱਪਾ ਕੁ ਹੋਰ ਪਰੇ ਹੋ ਕੇ ਕਿਹਾ, 'ਆਪਣੇ ਦੋ ਬੱਚੇ ਨੇ, ਬੇਟੇ-ਬੇਟੀ ਦੀ ਸੁਹਣੀ ਜੋੜੀ। ਹੁਣ ਇਸ ਵਿਚ ਕੀ ਪਿਆ ਹੈ। ਮੈਨੂੰ ਤਾਂ ਹੁਣ ਇਹ ਸਭ ਸੋਚ ਕੇ ਵੀ ਕਚਿਆਣ ਆਉਣ ਲਗਦੀ ਹੈ...!'

ਗੁਰਮੁਖ ਸਿੰਘ ਦੇ ਭਖਦੇ ਸਰੀਰ ਵਿਚ ਇਕਦਮ ਠੰਡਾ ਬੁੱਲਾ ਫਿਰ ਗਿਆ। ਉਹ ਵੀ ਜਗਦੀਪ ਤੋਂ ਚੱਪਾ ਕੁ ਹੋਰ ਪਰੇ ਸਰਕਿਆ, 'ਠੀਕ ਹੈ, ਜੇ ਵਿਆਹੁਤਾ ਜੀਵਨ ਦੀ ਕੁਦਰਤੀ ਨੇੜਤਾ ਵੀ ਹੁਣ ਤੈਨੂੰ ਚੰਗੀ ਨਹੀਂ ਲਗਦੀ...'

ਗੱਲ ਚੱਲੀ ਸੀ ਤਾਂ ਹੁਣ ਸਿਰੇ ਤੱਕ ਲੈ ਹੀ ਜਾਣੀ ਚਾਹੀਦੀ ਸੀ। ਉਹ ਟੋਕ ਕੇ ਬੋਲੀ, 'ਜੇ ਸੱਚੀ ਪੁੱਛੋਂ, ਮੈਨੂੰ ਹੁਣ ਇਕੱਠਿਆਂ ਪੈਣਾ ਵੀ ਚੰਗਾ ਨਹੀਂ ਲਗਦਾ। ਕਈ ਵਾਰ ਮੈਂ ਰਾਤੀਂ ਜਾਗ ਰਹੀ ਹੁੰਦੀ ਹਾਂ ਤਾਂ ਦਬੇ ਪੈਰੀਂ ਕਵਿਤਾ ਆਉਂਦੀ ਹੈ ਪਰ ਤੁਹਾਨੂੰ ਮੇਰੇ ਨਾਲ ਪਏ ਦੇਖ ਕੇ ਪਰਤ ਜਾਂਦੀ ਹੈ, ਭਾਵੇਂ ਤੁਸੀਂ ਸੁੱਤੇ ਹੀ ਕਿਉਂ ਨਾ ਪਏ ਹੋਵੋਂ! ਇਉਂ ਮੁੜੀ ਹੋਈ ਕਵਿਤਾ ਫੇਰ ਦੁਬਾਰਾ ਕਦੀ ਨਹੀਂ ਆਉਂਦੀ! ਉਹ ਸਦਾ ਵਾਸਤੇ ਗੁਆਚ ਜਾਂਦੀ ਹੈ, ਮਨ ਦੇ ਡੂੰਘੇ ਸਮੁੰਦਰ ਵਿਚ ਡੁੱਬ ਜਾਂਦੀ ਹੈ।'

ਗੁਰਮੁਖ ਸਿੰਘ ਸਮਝ ਗਿਆ, ਜੀਵਨ ਦੇ ਰਾਹ ਵਿਚ ਉਹ ਮੋੜ ਆ ਗਿਆ ਹੈ ਜਿਸ ਤੋਂ ਅਗਲਾ, ਓਹਲੇ ਦਾ ਰਾਹ ਇਥੋਂ ਦਿਸਦਾ ਨਹੀਂ। ਇਹ ਤਾਂ ਦਿੱਸਣਾ ਹੀ ਕਿਥੋਂ ਸੀ ਕਿ ਮੋੜ ਤੋਂ ਪਾਰ ਰਾਹ ਇਕੋ ਹੀ ਰਹਿੰਦਾ ਹੈ ਜਾਂ ਪਾਟ ਕੇ ਦੋ ਹੋ ਜਾਂਦਾ ਹੈ। ਜ਼ਾਹਿਰ ਸੀ, ਜਗਦੀਪ ਦੀ ਸੋਚ ਨੂੰ ਬਦਲਣਾ ਤੇ ਉਹਨੂੰ ਸਮਝਾ ਕੇ ਸਿੱਧੇ ਰਾਹ ਲਿਆਉਣਾ ਸੰਭਵ ਨਹੀਂ ਸੀ ਰਿਹਾ। ਉਹ ਕੋਈ ਮੂਰਖ ਔਰਤ ਨਹੀਂ ਜੋ ਸਮਝਾਇਆਂ ਸਮਝ ਜਾਵੇ। ਉਹ ਸਭ ਸਮਝਦੀ ਹੈ, ਸਭ ਸਮਝਦਿਆਂ ਕੋਈ ਫ਼ੈਸਲਾ ਲੈਂਦੀ ਹੈ ਤੇ ਫੇਰ ਉਹ ਆਪਣੀ ਜ਼ਿੱਦ ਨੂੰ ਕਿਸੇ ਵੀ ਕੀਮਤ ਉੱਤੇ ਛੱਡਣ ਲਈ ਤਿਆਰ ਨਹੀਂ ਹੁੰਦੀ। ਉਹਨੇ ਸੋਚਿਆ, ਜੇ ਇਹ ਦੂਰੀ ਵਧਾਉਣ ਦੀ ਚਾਹਵਾਨ ਹੈ, ਮੈਨੂੰ ਵੀ ਆਪਣਾ ਰੋਸ ਕਿਸੇ ਹੱਦ ਤੱਕ ਤਾਂ ਦਿਖਾ ਹੀ ਦੇਣਾ ਚਾਹੀਦਾ ਹੈ। ਬੋਲਿਆ, 'ਠੀਕ ਹੈ, ਆਪਾਂ ਵੱਖ ਸੌਣਾ ਸ਼ੁਰੂ ਕਰ ਦਿੰਦੇ ਹਾਂ।' ਉਹਨੇ ਤਕੀਆ-ਚਾਦਰ ਚੁੱਕੇ, 'ਕੱਲ੍ਹ ਦੂਜਾ ਕਮਰਾ ਠੀਕ ਕਰਵਾ ਲਵਾਂਗਾ, ਅੱਜ ਮੈਂ ਡਰਾਇੰਗ ਰੂਮ ਵਿਚ ਸੋਫ਼ੇ ਉੱਤੇ ਪੈ ਜਾਂਦਾ ਹਾਂ।' ਉਹਨੂੰ ਉਮੀਦ ਸੀ, ਦੀਪੀ ਕਹੇਗੀ, 'ਏਨੀ ਜਲਦੀ ਵੀ ਕੀ ਹੈ। ਅੱਜ ਹੀ ਸੋਫ਼ੇ ਉੱਤੇ ਪੈਣ ਦੀ ਕੀ ਲੋੜ। ਕੱਲ੍ਹ ਕਮਰਾ ਠੀਕ ਕਰਵਾ ਲੈਣਾ।' ਪਰ ਉਹਨੇ ਕਿਹਾ ਨਹੀਂ।

ਅੰਦਰ ਪਿਆਂ ਤਾਂ ਗੱਲਾਂ ਵਿਚ ਧਿਆਨ ਹੀ ਨਹੀਂ ਸੀ ਗਿਆ, ਬਾਹਰ ਮੀਂਹ ਬਹੁਤ ਤੇਜ਼ ਹੋ ਗਿਆ ਸੀ ਤੇ ਹਵਾ ਹਨੇਰੀ ਬਣ ਗਈ ਸੀ। ਉਹਨੇ ਕੁੰਡੀ ਖੋਲ੍ਹੀ ਤਾਂ ਝੱਖੜ ਦਾ ਥਪੇੜਾ ਮੂੰਹ ਉੱਤੇ ਲੱਗਿਆ ਤੇ ਬਿਜਲੀ ਜ਼ੋਰ ਨਾਲ ਕੜਕੀ ਜਿਵੇਂ ਉਹਦੇ ਹੀ ਸਿਰ ਉੱਤੇ ਡਿੱਗੀ ਹੋਵੇ। ਉਹ ਡਰਾਇੰਗ ਰੂਮ ਵੱਲ ਭਜਦਿਆਂ ਹੈਰਾਨ ਹੋਇਆ, ਮਿਹਰਬਾਨ ਰਾਤ ਅਚਾਨਕ ਕਿਵੇਂ ਕਹਿਰਵਾਨ ਹੋ ਗਈ ਸੀ! ਹਨੇਰੇ ਡਰਾਇੰਗ ਰੂਮ ਦੇ ਸੋਫ਼ੇ ਉੱਤੇ ਬੇਚੈਨ ਬੈਠਿਆਂ ਅਹਿਸਾਸ ਹੋਇਆ, ਜਗਦੀਪ ਤਾਂ ਜਿਵੇਂ ਬਹੁਤ ਪਹਿਲਾਂ ਤੋਂ ਸਾਂਝੇ ਰਾਹ ਨੂੰ ਦੋਮੁਖੀ ਕਰਨ ਵਾਲੀਆਂ ਗੱਲਾਂ ਕਰਦੀ ਰਹੀ ਸੀ। ਉਹ ਦਿਨ ਚੇਤੇ ਆਇਆ ਜਦੋਂ ਉਹਨੇ ਇਸੇ ਤਰ੍ਹਾਂ ਕਿਹਾ ਸੀ, ਇਕ ਗੱਲ ਕਹਿਣੀ ਸੀ। ਤੇ ਕਿਹਾ ਸੀ, 'ਬੱਚੇ ਹੁਣ ਬਹੁਤ ਸਵਾਲ ਪੁੱਛਣ ਲੱਗ ਪਏ ਨੇ। ਕਈ ਸਵਾਲ ਅਜਿਹੇ ਪੁਛਦੇ ਨੇ ਜਿਨ੍ਹਾਂ ਦੇ ਜਵਾਬ ਜੇ ਦੇ ਵੀ ਦੇਈਏ, ਉਹ ਸਮਝ ਨਹੀਂ ਸਕਦੇ। ਉਹ ਨਹੀਂ ਸਮਝਦੇ ਕਿ ਮਸ਼ਹੂਰ ਲੇਖਿਕਾ ਹੋਣ ਕਰਕੇ ਕਈ ਲੇਖਕਾਂ ਤੇ ਪਾਠਕਾਂ ਦਾ ਮਿਲਣ ਆਉਣਾ ਕੁਦਰਤੀ ਹੈ। ਇਸ ਪਰੇਸ਼ਾਨੀ ਤੋਂ ਬਚਣ ਵਾਸਤੇ ਉਹਨਾਂ ਨੂੰ ਦਿੱਲੀ ਤੋਂ ਬਾਹਰ ਕਿਸੇ ਚੰਗੇ ਰਿਹਾਇਸ਼ੀ ਸਕੂਲ ਵਿਚ ਪਾ ਦੇਈਏ।'

ਗੁਰਮੁਖ ਸਿੰਘ ਸਮਝ ਗਿਆ ਸੀ, ਦੀਪੀ ਆਪਣੇ ਚੁਣੇ ਹੋਏ ਰਾਹ ਦੀਆਂ ਸਭ ਰੁਕਾਵਟਾਂ ਇਕ-ਇਕ ਕਰ ਕੇ ਹਟਾ ਦੇਣੀਆਂ ਚਾਹੁੰਦੀ ਹੈ। ਉਹਨੂੰ ਓਨਾ ਦੁੱਖ ਇਸ ਗੱਲ ਦਾ ਨਹੀਂ ਸੀ ਹੋਇਆ ਕਿ ਉਹ ਦੋਵਾਂ ਵਿਚਕਾਰਲੀ ਦੂਰੀ ਨੂੰ ਵਧਾਉਂਦੀ ਹੀ ਜਾ ਰਹੀ ਹੈ, ਜਿੰਨਾ ਇਹ ਦੇਖ ਕੇ ਹੋਇਆ ਸੀ ਕਿ ਉਹਨਾਂ ਦੀ ਪਰਵਰਿਸ਼ ਦੇ ਕੁਦਰਤੀ ਮਾਹੌਲ ਨਾਲੋਂ ਤੋੜ ਕੇ ਹੋਸਟਲ ਦੇ ਓਪਰੇ ਮਾਹੌਲ ਵਿਚ ਭੇਜਦਿਆਂ ਉਹ ਬੱਚਿਆਂ ਤੱਕ ਨੂੰ ਆਪਣੀਆਂ ਸਹੀ-ਗ਼ਲਤ ਇੱਛਾਵਾਂ ਦੀ ਬਲੀ ਚੜ੍ਹਾਉਣ ਵਾਸਤੇ ਤਿਆਰ ਹੈ। ਉਹਨੇ ਵੀ ਸੋਚਿਆ ਸੀ, ਘਰ ਵਿਚ ਜੋ ਮਾਹੌਲ ਜਗਦੀਪ ਬਣਾ ਰਹੀ ਹੈ, ਉਸ ਵੱਲ ਦੇਖਦਿਆਂ ਸ਼ਾਇਦ ਉਹਨਾਂ ਦਾ ਹੋਸਟਲ ਵਿਚ ਜਾਣਾ ਹੀ ਵਧੇਰੇ ਠੀਕ ਰਹਿਣਾ ਹੈ। ਉਹਨੇ ਦੱਸਿਆ, 'ਆਪਣੇ ਨਾਲ ਦੀ ਦੁਕਾਨ ਵਾਲਿਆਂ ਨੇ ਬੱਚੇ ਹੋਸਟਲ ਵਾਲੇ ਕਿਸੇ ਸਕੂਲ ਵਿਚ ਪਾਏ ਹੋਏ ਨੇ। ਉਹ ਪੂਰੀ ਤਰ੍ਹਾਂ ਸੰਤੁਸ਼ਟ ਨੇ, ਸਗੋਂ ਬਹੁਤ ਤਾਰੀਫ਼ ਕਰਦੇ ਨੇ। ਮਹੀਨੇ ਵਿਚ ਇਕ ਐਤਵਾਰ ਬੱਚਿਆਂ ਨੂੰ ਘਰ ਲਿਆਉਣ ਦੀ ਇਜਾਜ਼ਤ ਹੁੰਦੀ ਹੈ। ਵੇਰਵਾ ਜਾਣਨ ਦੀ ਮੈਂ ਕਦੀ ਲੋੜ ਨਹੀਂ ਸੀ ਸਮਝੀ, ਹੁਣ ਮੈਂ ਕੱਲ੍ਹ ਹੀ ਪਤਾ ਕਰਾਂਗਾ ਤੇ ਜਿਵੇਂ ਵੀ ਹੋ ਸਕਿਆ, ਉਥੇ ਦਾਖ਼ਲ ਕਰਵਾ ਦਿਆਂਗਾ। ਤੇਰੀ ਗੱਲ ਠੀਕ ਹੈ, ਜਿੰਨੀ ਦੇਰ ਸਵਾਲਾਂ ਦੇ ਜਵਾਬ ਦੇਣੋਂ ਟਲਿਆ ਜਾ ਸਕੇ, ਓਨੀ ਦੇਰ ਤਾਂ ਟਲਿਆ ਜਾਵੇ। ਜੀਵਨ ਦੇ ਜਿਸ ਪੜਾਉ ਉੱਤੇ ਟਲਣਾ ਅਸੰਭਵ ਹੋ ਗਿਆ ਤੇ ਬੱਚਿਆਂ ਦੇ ਨਾਲ-ਨਾਲ ਸਮੇਂ ਨੇ ਵੀ ਸਾਡੀਆਂ ਕਰਨੀਆਂ ਦਾ ਲੇਖਾ ਮੰਗਿਆ, ਉਹ ਉਸ ਸਮੇਂ ਨਿੱਬੜਾਂਗੇ!'

ਅਜਿਹੇ ਹਰ ਸੰਕਟੀ ਸਮੇਂ ਗੁਰਮੁਖ ਦੀਆਂ ਗੱਲਾਂ ਸੁਣ ਕੇ ਜਗਦੀਪ ਕੱਖੋਂ ਹੌਲ਼ੀ ਹੋ ਜਾਂਦੀ। ਉਹ ਪਰੇਸ਼ਾਨ ਹੁੰਦੀ, 'ਸ਼ਬਦਾਂ ਦੀ ਜਾਦੂਗਰ' ਲੋਕ ਮੈਨੂੰ ਆਖਦੇ ਨੇ ਪਰ ਸ਼ਬਦਾਂ ਦੀ ਵਰਤੋਂ ਗੁਰਮੁਖ ਅਜਿਹੀ ਕਰਦਾ ਹੈ ਕਿ ਕੇਲੇ ਵਿਚੋਂ ਲੰਘੀ ਕਟਾਰ ਵਾਂਗ ਉਹਨਾਂ ਦਾ ਦਿਲ ਨੂੰ ਚੀਰ ਕੇ ਲੰਘ ਜਾਣਾ ਕੁਛ ਸਮਾਂ ਤਾਂ ਦਿਸਦਾ ਹੀ ਨਹੀਂ!

###

## ਸ਼ੇਰ-ਏ-ਪੰਜਾਬ

ਮਹਾਂ ਸਿੰਘ ਤੇ ਰਾਜ ਕੌਰ ਦਾ, ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ, ਸ਼ਹਿਰ ਗੁੱਜਰਾਂਵਾਲਾ।

ਤੇਰਾਂ ਨਵੰਬਰ ਸਤਾਰਾਂ ਸੌ ਅੱਸੀ, ਜਨਮ ਰਾਜੇ ਦਾ ਹੋਇਆ
ਲੇਖਾਂ ਵਿਚ ਸੀ ਲਿਖਿਆ, ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ, ਬੰਨ੍ਹਿਆ ਵਿਚ ਇੱਕ ਧਾਗੇ
ਅੰਗਰੇਜ਼ਾਂ ਤੇ ਰੋਅਬ ਸੀ ਉਹਦਾ, ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ, ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿਚ ਫ਼ੌਜੀ ਸਨ, ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ, ਓਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ, ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ, ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ, ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿਚ, ਇੱਕ ਅੱਖ ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ, ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ, ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ, ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ, ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ, ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ, ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ, ਆਪਣਾ-ਆਪ ਮਿਟਾ ਕੇ।

ਮਹਾਂਬਲੀ ਤੇ ਪਰਉਪਕਾਰੀ, ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ, ਲਾਵੇ ਕੌਣ ਅੰਦਾਜ਼ਾ।

***-ਪ੍ਰੋ. ਨਵ ਸੰਗੀਤ ਸਿੰਘ***

# MILWAUKEE
# TEEYAN DA MELA

## JULY 19, 2026 1-6PM

**VENUE: CROWNE PLAZA MILWAUKEE**
**ADDRESS: 6401 S. 13TH ST., MILWAUKEE, WI 53221**
**TICKETS: ADULTS $35, CHILDREN 5+ $10**
**CHILDREN UNDER 5 FREE**
**LADIES ONLY**

**MUSICAL GUEST:**
**JASMEEN AKHTAR**

Email: MilwaukeeTeeyan@gmail.com to register your performance. On the spot performance will not be accepted. Limit 1 performance per group.



**MC:**
**GURLEEN KAUR, PTC NEWS**

ORGANIZERS CONTACT:
HAPPY CHAHAL: 414-712-6568
HARJINDER SOOS: 414-530-5699
PINKU SANDHAWALIA: 414-708-2035
GURDEEP CHAHAL: 414-861-7395
JAS KAUR, HARPREET TOOR, MANI TOOR, BALJIT GILL, REENA AULAKH, HARJEET BOPARAI, RAMAN HANSI



**VENDOR PARTNERS & SPONSORS**
**CHIEF SPONSOR:**
**DARSHAN SINGH DHALIWAL**

Asian Diva Salon Milwaukee
Cafe India Milwaukee
Punjabi Community Organization of WI
Dream Decor by Kiran
DJ Desi Vibes
WaterStone Bank



# ਸਾਫ਼-ਸੁਥਰੀ ਗਾਇਕੀ ਦਾ ਪ੍ਰਤੀਕ ਆਸਾ ਸਿੰਘ ਮਸਤਾਨਾ

ਪੰਜਾਬੀ ਗਾਇਕੀ ਦੇ ਇਤਿਹਾਸ 'ਚ ਜੇਕਰ ਕਿਸੇ ਆਵਾਜ਼ ਨੂੰ ਸੁਰਾਂ ਦੀ ਪਵਿੱਤਰਤਾ, ਸਾਹਿਤਕ ਸੁਚੱਜਾਪਨ ਤੇ ਸਾਫ਼- ਸੁਥਰੀ ਗਾਇਕੀ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ, ਤਾਂ ਉਹ ਨਿਸ਼ਚਿਤ ਤੌਰ 'ਤੇ ਆਸਾ ਸਿੰਘ ਮਸਤਾਨਾ ਦੀ ਆਵਾਜ਼ ਹੀ ਹੈ। ਉਨ੍ਹਾਂ ਦੀ ਗਾਇਕੀ ਮਨੋਰੰਜਨ ਤੱਕ ਸੀਮਿਤ ਨਹੀਂ ਰਹੀ ਬਲਕਿ ਉਹ ਪੰਜਾਬੀ ਸੱਭਿਆਚਾਰ, ਲੋਕ-ਚੇਤਨਾ ਤੇ ਸਾਹਿਤਕ ਮੁੱਲਾਂ ਦੀ ਇਕ ਸੰਵੇਦਨਸ਼ੀਲ ਪ੍ਰਸਤੁਤੀ ਬਣ ਕੇ ਉਭਰੀ।

ਉਨ੍ਹਾਂ ਦਾ ਜਨਮ 22 ਅਗਸਤ 1927 ਨੂੰ ਸ਼ੇਖ਼ੂਪੁਰ (ਮੌਜੂਦਾ ਪਾਕਿਸਤਾਨ) 'ਚ ਪਿਤਾ ਪ੍ਰੀਤਮ ਸਿੰਘ ਤੇ ਮਾਤਾ ਅਮਰ ਕੌਰ ਜੀ ਦੇ ਘਰ ਹੋਇਆ। ਬਚਪਨ ਤੋਂ ਹੀ ਸੰਗੀਤ ਵੱਲ ਰੁਝਾਨ ਰੱਖਣ ਵਾਲੇ ਮਸਤਾਨਾ ਜੀ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਪੰਡਿਤ ਦੁਰਗਾ ਪ੍ਰਸਾਦ ਤੋਂ ਪ੍ਰਾਪਤ ਕੀਤੀ। ਰੱਬ ਵੱਲੋਂ ਮਿਲੀ ਸੁਰੀਲੀ ਆਵਾਜ਼ ਨੂੰ ਉਨ੍ਹਾਂ ਨੇ ਲਗਾਤਾਰ ਸਾਧਨਾ ਨਾਲ ਹੋਰ ਵੀ ਨਿਖ਼ਾਰਿਆ। ਦੇਸ਼ ਦੀ ਵੰਡ ਤੋਂ ਬਾਅਦ ਮਸਤਾਨਾ ਜੀ ਦਾ ਪਰਿਵਾਰ ਦਿੱਲੀ ਆ ਵਸਿਆ। ਇੱਥੇ ਉਨ੍ਹਾਂ ਨੇ ਰਿਜ਼ਰਵ ਬੈਂਕ ਆਫ ਇੰਡੀਆ ਵਿਚ ਨੌਕਰੀ ਕੀਤੀ। ਨੌਕਰੀ ਦੇ ਨਾਲ-ਨਾਲ ਗਾਇਕੀ ਨੂੰ ਲਗਨ ਨਾਲ ਨਿਭਾਉਣਾ ਉਨ੍ਹਾਂ ਦੇ ਸਮਰਪਣ ਤੇ ਦ੍ਰਿੜ੍ਹ ਇਰਾਦੇ ਦਾ ਸਪੱਸ਼ਟ ਪ੍ਰਮਾਣ ਹੈ।





1949 'ਚ ਅਕਾਸ਼ਵਾਣੀ ਤੋਂ ਪ੍ਰਸਾਰਿਤ ਹੋਇਆ ਉਨ੍ਹਾਂ ਵਲੋਂ ਗਾਇਆ ਪਹਿਲਾ ਗੀਤ 'ਠੰਢੀਏ ਹਵਾਏ, ਕਿਹੜੇ ਪਾਸਿਉਂ ਤੂੰ ਆਈ ਏਂ ਪੰਜਾਬੀ ਸੰਗੀਤ ਜਗਤ 'ਚ ਉਨ੍ਹਾਂ ਦੀ ਕਾਮਯਾਬ ਦਸਤਕ ਸਾਬਤ ਹੋਇਆ। ਮਸਤਾਨਾ ਜੀ ਪੰਜਾਬੀ ਗਾਇਕੀ ਦੇ ਉਨ੍ਹਾਂ ਗਿਣੇ-ਚੁਣੇ ਕਲਾਕਾਰਾਂ ਵਿੱਚੋਂ ਸਨ, ਜਿਨ੍ਹਾਂ ਨੇ ਸਿਰਫ਼ ਸੁਰਾਂ ਨਾਲ ਹੀ ਨਹੀਂ ਸਗੋਂ ਉੱਚ ਸਿੱਖਿਆ ਰਾਹੀਂ ਵੀ ਆਪਣੀ ਵੱਖਰੀ ਪਛਾਣ ਬਣਾਈ।

ਵੰਡ ਤੋਂ ਪਹਿਲਾਂ' ਲਾਹੌਰ ਦੇ ਖ਼ਾਲਸਾ ਕਾਲਜ ਤੋਂ ਬੀਏ ਦੀ ਪੜ੍ਹਾਈ ਕਰਨ ਵਾਲੇ ਮਸਤਾਨਾ ਜੀ ਦੀ ਗਾਇਕੀ 'ਚ ਸਾਹਿਤਕ ਸੁਚੱਜਾਪਣ, ਕਵਿਤਾ ਦੀ ਡੂੰਘੀ ਸਮਝ ਤੇ ਭਾਵਨਾਵਾਂ ਦੀ ਸੰਵੇਦਨਸ਼ੀਲ ਪੇਸ਼ਕਾਰੀ ਇਕ ਸੂਝਵਾਨ ਕਲਾਕਾਰ ਦੀ ਗਵਾਹੀ ਦਿੰਦੀ ਹੈ। ਸ਼ਖ਼ਸੀ ਤੌਰ 'ਤੇ ਵੀ ਮਸਤਾਨਾ ਜੀ ਦੀ ਸ਼ਖ਼ਸੀਅਤ ਖ਼ਾਸ ਆਕਰਸ਼ਣ ਰੱਖਦੀ ਸੀ। ਗੋਲ-ਮਟੋਲ ਚਿਹਰਾ, ਕੱਸ ਕੇ ਬੰਨ੍ਹੀ ਦਾੜ੍ਹੀ ਅਤੇ ਮਾਵੇ ਨਾਲ ਘੁੱਟ ਕੇ ਬੰਨ੍ਹੀ ਪੱਗ ਉਨ੍ਹਾਂ ਦੀ ਸਲੀਕੇਦਾਰ ਜੀਵਨ-ਸ਼ੈਲੀ ਨੂੰ ਦਰਸਾਉਂਦੀ ਸੀ। ਮਧਰੇ ਕਦ ਦੀ ਚਾਲ- ਢਾਲ ਵਿਚ ਰਚਿਆ ਹੋਇਆ ਰੋਹਬ ਉਨ੍ਹਾਂ ਨੂੰ ਅਜਿਹੀ ਟੌਹਰ ਬਖ਼ਸ਼ਦਾ ਸੀ।

ਪੰਜਾਬੀ ਗਾਇਕੀ 'ਚ ਉਨ੍ਹਾਂ ਦੀ ਸਭ ਤੋਂ ਯਾਦਗਾਰ ਪਛਾਣ ਉਨ੍ਹਾਂ ਦੀਆਂ ਜੋੜੀਆਂ ਰਾਹੀਂ ਬਣੀ। ਖ਼ਾਸ ਕਰ ਕੇ ਸੁਰਿੰਦਰ ਕੌਰ ਨਾਲ ਲਗਪਗ ਚਾਰ ਦਹਾਕਿਆਂ ਤੱਕ ਚੱਲੀ ਗਾਇਕੀ ਦੀ ਸਾਂਝ ਨੇ ਪੰਜਾਬੀ ਸੰਗੀਤ ਨੂੰ ਅਨੇਕ ਹੀ ਅਮਰ ਗੀਤ ਦਿੱਤੇ। ਪ੍ਰਕਾਸ਼ ਕੌਰ ਤੇ ਪੁਸ਼ਪਾ ਹੰਸ ਨਾਲ ਗਾਏ ਗੀਤ ਵੀ ਸਰੋਤਿਆਂ ਵਿਚ ਕਾਫ਼ੀ ਹਰਮਨਪਿਆਰੇ ਹੋਏ। ਭਾਵੇਂ ਮਸਤਾਨਾ ਜੀ ਵੱਲੋਂ ਗਾਏ ਗੀਤਾਂ ਦੀ ਗਿਣਤੀ ਬਹੁਤੀ ਵੱਡੀ ਨਹੀਂ ਪਰ ਉਨ੍ਹਾਂ ਗੀਤਾਂ ਦੀ ਉਮਰ ਬੇਹੱਦ ਲੰਮੀ ਹੈ। ਲੋਕ-ਗੀਤਾਂ ਵਿਚ ਉਨ੍ਹਾਂ ਦੀ ਗਾਈ 'ਜੁਗਨੀ' ਤੇ 'ਹੀਰ' ਨੇ ਵਿਲੱਖਣ ਪਛਾਣ ਬਣਾਈ। 'ਥੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ','ਕੁੰਡਲਾਂ ਨੂੰ ਪੁੱਛ ਗੋਰੀਏ' ਤੇ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ' ਵਰਗੇ ਗੀਤ ਉਨ੍ਹਾਂ ਦੀ ਰਾਗਾਤਮਕ ਸਮਝ ਤੇ ਸੁਰ-ਸੰਯਮ ਦਾ ਜਿਊਂਦਾ-ਜਾਗਦਾ ਪ੍ਰਮਾਣ ਹਨ।



'ਗੁਰੂ ਤੇਗ ਬਹਾਦਰ ਪਿਆਰਾ ਦਿੱਲੀ ਦੇ ਦਿਲ 'ਚ ਬੋਲਿਆ' ਤੇ 'ਚਾਂਦਨੀ ਚੌਕ ਦੀਏ ਧਰਤੀਏ' ਵਰਗੇ ਸ਼ਬਦ-ਰਚਿਤ ਗੀਤਾਂ ਰਾਹੀਂ ਵੀ 'ਉਨ੍ਹਾਂ ਨੇ ਸਿੱਖ ਸ਼ਹਾਦਤ ਨੂੰ ਅਜਿਹੀ ਭਾਵਪੂਰਣ ਆਵਾਜ਼ ਦਿੱਤੀ ਕਿ ਸਰੋਤਿਆਂ ਦੇ ਮਨਾਂ ਵਿਚ ਸ਼ਰਧਾ ਤੇ ਸਿਮਰਨ ਦੀ ਲਹਿਰ ਦੌੜ ਪਈ। ਉਨ੍ਹਾਂ ਵੱਲੋਂ ਗਾਏ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਤੇ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ' ਜਿਹੇ ਗੀਤ ਅੱਜ ਵੀ ਰੂਹ ਨੂੰ ਛੂਹ ਲੈਂਦੇ ਹਨ। ਹਾਸ-ਰਸ ਵਾਲੇ ਗੀਤਾਂ 'ਚ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ। ''ਪੰਡਤ ਜੀ ਕੀ ਇਹ ਲਾਲ ਮੇਰਾ', 'ਮੈਨੂੰ ਲੋਕਾਂ ਦਿੱਤੀ ਵਧਾਈ', 'ਪੇਕੇ ਜਾਣ ਵਾਲੀਏ' ਤੇ 'ਮੰਨਜਾ ਬਾਲਮਾ' ਵਰਗੇ ਗੀਤ ਉਨ੍ਹਾਂ ਦੀ ਗਾਇਕੀ ਦੇ ਵਿਸਤਾਰ ਤੇ ਰੰਗੀਨ

**ਕਲਾ ਪਰਿਕਰਮਾ**

ਮਿਜ਼ਾਜ ਨੂੰ ਦਰਸਾਉਂਦੇ ਹਨ। ਪੰਜਾਬੀ ਗੀਤਾਂ ਤੋਂ ਇਲਾਵਾ ਉਨ੍ਹਾਂ ਨੇ ਹਿੰਦੀ ਫਿਲਮ 'ਦੂਜ ਕਾ ਚਾਂਦ' (1964) 'ਚ ਵੀ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ।

23 ਮਈ 1999 ਨੂੰ ਆਸਾ ਸਿੰਘ ਮਸਤਾਨਾ ਆਪਣੇ ਅਣਗਿਣਤ ਪ੍ਰਸ਼ੰਸਕਾਂ ਤੇ ਸੰਗੀਤ-ਪ੍ਰੇਮੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਲੋਕ ਮਨਾਂ ਵਿੱਚ ਵਸੀ ਹੋਈ ਹੈ। ਉਨ੍ਹਾਂ ਦੇ ਗਾਏ ਗੀਤ ਅੱਜ ਵੀ ਅਕਾਸ਼ਵਾਣੀ ਦੇ ਫ਼ਰਮਾਇਸ਼ੀ ਪ੍ਰੋਗਰਾਮਾਂ ਦਾ ਅਟੁੱਟ ਹਿੱਸਾ ਹਨ। ਆਸਾ ਸਿੰਘ ਮਸਤਾਨਾ ਪੰਜਾਬੀ ਗਾਇਕੀ ਦੇ ਉਹ ਸੰਪੂਰਨ / ਗਾਇਕ ਸਨ, ਜੋ ਹਮੇਸ਼ਾ ਹੀ ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਮਾਣ ਨਾਲ ਯਾਦ ਕੀਤੇ ਜਾਂਦੇ ਰਹਿਣਗੇ।

-0-

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੁਲਾਈ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-748



*ਛੱਡਣ ਚੱਲਿਆ ਪੜ੍ਹਨ ਸਕੂਲੇ, ਟਾਂਗਾ ਜੋੜ ਕੇ ਬੈਠਾ ਬਾਬਾ,*
*ਪੋਤਰੇ ਦੇ ਹੱਥ ਲਗਾਮ ਫੜਾਈ, ਆਖੇ ਪੁੱਤਰਾ ਸ਼ਾਵਾ ਸ਼ਾਵਾ।*
*ਪੜ੍ਹ ਲਿਖ ਵਿਦਵਾਨ ਬਣ ਜਾਓ, ਚੰਗਾ ਇਨਸਾਨ ਕਹਾਣਾ,*
*ਜੱਸ ਗਾਵੇ ਸਾਰਾ ਜੱਗ ਤੁਹਾਡਾ, ਮਾਪਿਆਂ ਦੇ ਨਾਂ ਚਮਕਾਣਾ।*

### ਕੈਪਸ਼ਨ ਮੁਕਾਬਲਾ-746



ਸਾਂਝੀ ਵੱਟ 'ਤੇ ਪੈਂਦੇ ਰੌਲ਼ੇ
ਗੱਲ ਛੋਟੀ ਵੀ ਵੱਡੀ ਬਣ ਜਾਵੇ।
ਵੱਢੀ ਵੱਟ ਨੂੰ ਜਰਨਾ ਔਖਾ
ਹਉਮੈ ਆਪਣਾ ਰੰਗ ਦਿਖਾਵੇ।
ਉਹੀ ਸੰਦ ਹਥਿਆਰ ਬਣ ਜਾਏ
ਜਿਹੜਾ ਵਿਚਾਲ਼ੇ ਵੱਟਾਂ ਪਾਵੇ।
ਇੱਕ ਵਾਰੀ ਦੀ ਕੀਤੀ ਗਲਤੀ
ਥਾਣੇ, ਕਚਹਿਰੀ, ਜੇਲ਼੍ਹ ਪੁਚਾਵੇ।
ਪਛਤਾਵਾ ਪੱਲੇ ਰਹਿ ਜਾਂਦਾ ਹੈ
ਬੀਤਿਆ ਵੇਲ਼ਾ ਮੁੜ ਨਾ ਆਵੇ।
ਟਲ਼ ਜਾਂਦਾ ਹੈ ਬੁਰਾ ਵਕਤ ਵੀ
ਭਲਾ ਬੰਦਾ ਜੇ ਵਿੱਚ ਆ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +1 825 760 7222***

---

ਲੜ ਪੈਂਦਾ ਏ ਜੱਟ, ਪਿੱਛੇ ਵੱਟਾਂ ਬੰਨੇ।
ਆਏ ਰੋਹ ਵਿਚ ਤਾਂ ਗੋਡੇ ਗਿੱਟੇ ਭੰਨੇ।
ਪੰਜ ਨਹੀਂ ਐਪਰ ਪੰਜਾਹ ਸਹਿ ਲੈਂਦਾ।
ਭੇਲੀ ਤਾਂ ਦੇ ਦਏ ਪਰ ਦੇਂਦਾ ਨਾ ਗੰਨੇ।
ਸੂਰ ਨਾਲੋਂ ਜੱਟ, ਕਹਿੰਦੇ ਤੋਲਾ ਭਾਰਾ।
ਸੂਰ ਪੁੱਟੇ ਮਰਲਾ, ਜੱਟ ਵਿੱਘਾ ਸਾਰਾ।
ਮਨਸ਼ਾ ਨਾ ਹੋਰ, ਅਖਾਣ ਹੀ ਸੁਣਾਏ।
ਵੱਡੇ ਕੰਮ ਜੱਟ ਦੇ ਜਾਣੇ ਜੱਗ ਸਾਰਾ।
ਦਿੱਲੀ ਝੁਕਾਈ ਜੱਟਾਂ ਮਾਫੀ ਵੀ ਮੰਗਾਈ।
ਭਾਜੀ ਪਾ ਕੇ ਜੱਟ ਨਾਲ ਦਿੱਲੀ ਪਛਤਾਈ
ਦਿਲੋਂ ਨਾ ਮਾੜਾ ਜੱਟ ਕੱਢਦਾ ਨਾ ਹਾੜਾ।
ਅਖਵਾਏ ਅੰਨ ਦਾਤਾ ਖਾਂਦੀ ਏ ਲੁਕਾਈ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਜ਼ਮੀਨ ਦੇ ਇੰਚ ਇੰਚ
ਪਿੱਛੇ ਹੁੰਦੀ ਲੜਾਈ,
ਹਰ ਕੋਈ ਡਰਦਾ
ਵਿਚ ਵਿਚਾਲੇ ਪੈਣ ਤੋਂ,
ਮਾਰਨ ਤੱਕ ਆਉਂਦੇ
ਇੱਕ ਦੂਸਰੇ ਨੂੰ ਭਾਈ ਭਾਈ
ਦੋਨਾਂ ਦਾ ਸ਼ੁਭਚਿੰਤਕ ਸਮਝਾਵੇ,
ਰੱਖੋ ਠੰਢ,
ਕਿਉਂ ਦਿਮਾਗ ਨੂੰ ਗਰਮੀ ਚੜ੍ਹਾਈ?
ਇੱਥੇ ਹੀ ਰੁਲ ਜਾਣਾ ਸਭ ਕੁੱਝ,
ਸ਼ਾਂਤੀ ਨਾਲ ਗੱਲ ਨੇਪਰੇ ਚੜ੍ਹਾਈ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਇਕੋ ਮਾਂ ਦੇ ਜਾਏ
ਵੱਡੇ ਹੋ ਕੇ ਸ਼ਰੀਕ ਕਹਾਏ
ਆਪੋ ਆਪਣੇ ਟੱਬਰ, ਆਪੋ ਆਪਣੇ ਘਰ
ਦੇਖਣ ਟੇਢੀ ਅੱਖ ਨਾਲ
ਆਪਣੇ ਹੀ ਭਰਾ ਵੱਲ।
ਪੰਜਾਬੀ ਖ਼ੂਨ ਖੌਲ੍ਹਦਾ ਛੇਤੀ
ਨਫਾ ਨੁਕਸਾਨ ਨੀਂ ਸੋਚਦਾ
ਆਪਣੇ ਹੀ ਭਰਾ ਦੀ
ਜ਼ਮੀਨ ਦੱਬਣ ਨੂੰ ਲੋਚਦਾ,
ਚੁਕ ਕਹੀ ਅੱਗ ਭਬੂਕਾ
ਵੱਟ ਟੇਢੀ ਕਿਉਂ ਪਾਈ
ਸਿਆਣੇ ਬਿਆਣਿਆਂ ਵਿਚ ਪੈ ਕੇ
ਅਖੀਰ ਗੱਲ ਮੁਕਾਈ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise In Punjab Times
Call: 847-359-0746

# ਕੈਪਟਨ ਸਤਨਾਮ ਸਿੰਘ ਦੁਪਾਲ ਪੁਰ ਦੁਆਬੇ ਦੇ 148ਵੇਂ ਮ੍ਰਿਤਕ-ਸਰੀਰ ਦਾਨੀ ਬਣੇ!

**ਨਵਾਂਸ਼ਹਿਰ:** ਇਸ ਇਲਾਕੇ ਵਿਚ ਕੈਪਟਨ ਸਤਨਾਮ ਸਿੰਘ ਦੀ ਭਰਵੀਂ ਪ੍ਰਸ਼ੰਸਾ ਹੋ ਰਹੀ ਹੈ, ਜਿਨ੍ਹਾਂ ਦੁਆਬਾ ਸੇਵਾ ਸੰਮਤੀ ਨਵਾਂਸ਼ਹਿਰ ਰਾਹੀਂ ਮ੍ਰਿਤੂ ਉਪਰੰਤ ਮੈਡੀਕਲ ਖੋਜਾਂ ਵਾਸਤੇ ਆਪਣਾ ਸਰੀਰ ਦਾਨ ਕਰਨ ਲਈ ਫਾਰਮ ਭਰਿਆ। ਇਸ ਮੌਕੇ ਦੁਆਬਾ ਸੇਵਾ ਸੰਮਤੀ ਦੇ ਸੇਵਾਦਾਰਾਂ ਤੋਂ ਇਲਾਵਾ ਸ੍ਰੀਮਤੀ ਅਨਮਜੋਤ ਕੌਰ ਐੱਸ.ਡੀ.ਐੱਮ.



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-905-5517**

ਨਵਾਂਸ਼ਹਿਰ ਵੀ ਹਾਜ਼ਰ ਸਨ। ਮ੍ਰਿਤੂ ਉਪਰੰਤ ਸਰੀਰ ਦਾਨ ਕਰਨ ਵਾਲ਼ੇ ਕੈਪਟਨ ਸਤਨਾਮ ਸਿੰਘ ਦੁਆਬਾ ਖੇਤਰ ਦੇ 148ਵੇਂ ਵਿਅਕਤੀ ਬਣ ਗਏ ਹਨ।

ਵਿਸ਼ੇਸ਼ ਗੱਲ ਇਹ ਹੈ ਕਿ ਸੰਨ 2001 ਵਿਚ ਡਿਫੈਂਸ ਸਰਵਿਸਿਜ਼ ਤੋਂ ਸੇਵਾ-ਮੁਕਤ ਹੋਣ ਉਪਰੰਤ ਕੈਪਟਨ ਸਾਹਬ ਗੁਰਦੁਆਰਾ ਸਿੰਘ ਸਭਾ ਦੁਪਾਲ ਪੁਰ ਵਿਖੇ ਨਿੱਤਨੇਮ ਕਰਨ ਦੀ



ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਹਰ ਤਰ੍ਹਾਂ ਦੇ ਮਾਨਵ-ਸੇਵਾ ਦੇ ਕਾਰਜਾਂ ਵਿਚ ਮੋਹਰੀ ਰੋਲ ਨਿਭਾਉਣ ਲਈ ਤਤਪਰ ਰਹਿੰਦੇ ਸਤਨਾਮ ਸਿੰਘ, ਚੰਨੀ ਰਿਜ਼ੋਰਟਸ ਰਾਹੋਂ ਵਿਖੇ ਭਾਈ ਬਹਾਦਰ ਸਿੰਘ ਭਾਰਟਾ ਵਲੋਂ ਹਰ ਸਾਲ ਧੀਆਂ ਦੀ ਲੋਹੜੀ ਮਨਾਉਣ ਲਈ ਆਯੋਜਿਤ ਕੀਤੇ ਜਾਂਦੇ ਵੱਡੇ ਸਮਾਗਮ ਮੌਕੇ ਇਲਾਕੇ ਭਰ ਵਿਚੋਂ ਨਵ-ਜਨਮੀਆਂ ਬੱਚੀਆਂ ਦੇ ਵੇਰਵੇ ਇਕੱਠੇ ਕਰਦੇ ਹਨ ਅਤੇ ਸਾਰੀਆਂ ਬੱਚੀਆਂ ਦੇ ਮਾਪਿਆਂ ਨੂੰ ਲੋਹੜੀ ਨਾਲ ਸਬੰਧਿਤ ਵਸਤਾਂ ਜਿਵੇਂ ਸੂਟ, ਰਿਉੜੀਆਂ, ਬਿਸਕੁਟ ਅਤੇ ਖਿਡੌਣਿਆਂ ਦੇ ਪੈਕਟ ਵੰਡਦੇ ਹਨ। ਕਰੋਨਾ-ਕਾਲ ਸਮੇਂ ਵੀ ਉਨ੍ਹਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਸਦਕਾ ਕਈ ਸਮਾਜ-ਸੇਵੀ ਸੰਸਥਾਵਾਂ ਨੇ ਸਨਮਾਨਿਤ ਕੀਤਾ ਸੀ।

ਦੁਆਬਾ ਸੇਵਾ ਸੰਮਤੀ ਵਲੋਂ ਦੇਹ-ਦਾਨ ਕਰਨ ਵਾਲਾ ਆਈ. ਕਾਰਡ ਪ੍ਰਾਪਤ ਕਰਨ ਮੌਕੇ ਕੈਪਟਨ ਸਤਨਾਮ ਸਿੰਘ ਨੇ ਕਿਹਾ ਕਿ ਮ੍ਰਿਤੂ ਉਪਰੰਤ ਅੱਗ ਨਾਲ ਸਾੜ ਕੇ ਸਰੀਰ ਦੀ ਸਵਾਹ ਬਣਾਉਣ ਦੀ ਥਾਂ ਜੇ ਮ੍ਰਿਤਕ ਸਰੀਰ ਡਾਕਟਰੀ ਖੋਜਾਂ ਲਈ ਅਰਪਿਤ ਕੀਤੇ ਜਾਣ ਤਾਂ ਸਰੀਰਕ ਬੀਮਾਰੀਆਂ ਨੂੰ ਠੱਲ੍ਹ ਪਾਉਣ ਲਈ ਨਵੀਆਂ ਤਕਨੀਕੀ ਸੰਭਾਵਨਾਵਾਂ ਉਜਾਗਰ ਹੋਣਗੀਆਂ, ਜਿਸ ਨਾਲ ਸਮਾਜ ਦਾ ਭਲਾ ਹੋਵੇਗਾ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਮੈਂ ਇਹ ਫੈਸਲਾ ਆਪਣੀ ਸੁਪਤਨੀ ਚਰਨ ਕੌਰ ਅਤੇ ਚਾਰੇ ਬੇਟੀਆਂ ਜਸਵੀਰ ਕੌਰ, ਲਖਵੀਰ ਕੌਰ, ਰਾਜਵਿੰਦਰ ਕੌਰ ਅਤੇ ਮਨਜੀਤ ਕੌਰ ਦੀ ਸਹਿਮਤੀ ਨਾਲ ਹੀ ਲਿਆ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਸਾਡੇ ਸਮਾਜ ਵਿਚ ਖੂਨ-ਦਾਨ ਕਰਨ ਵਾਂਗ ਮ੍ਰਿਤੂ ਉਪਰੰਤ ਸਰੀਰ-ਦਾਨ ਕਰਨ ਦੀ ਵੀ ਲਹਿਰ ਚਲੇਗੀ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ





### ਮੌਸਮ

*ਬਹੁੜ ਤਬੀਬਾ ਮੇਰਿਆ, ਮਾੜੇ ਆਉਂਦੇ ਖਾਬ।*
*ਆਪਣੇ ਭਲੇ ਲਈ ਆਪਣਾ ਹੱਕ ਮੰਗਦਾ ਪੰਜਾਬ।*

*ਜਿਧਰ ਵੇਖੋ ਹੋ ਰਿਹੈ ਰਾਜਨੀਤੀ ਦਾ ਛਲ।*
*ਅੱਜ ਨਹੀਂ ਸਾਂਭਿਆ ਜਾ ਰਿਹਾ ਕੀ ਹੋਵੇਗਾ ਕੱਲ੍ਹ?*

*ਇੱਕ-ਦੂਜੇ ਨਾਲ ਵੈਰ ਦੀ ਪਾ ਲਈ ਉੱਚੀ ਕੰਧ।*
*ਮੱਸਿਆ ਵਾਲੀ ਰਾਤ ਨੂੰ ਮੂਰਖ ਲੱਭਣ ਚੰਦ।*

*ਮੌਸਮ ਖੁਸ਼ ਗਵਾਰ ਨਹੀਂ, ਨਹੀਂ ਸੁਹਾਵਣੀ ਰੁੱਤ।*
*ਮਾਂਵਾਂ ਲਾ ਕੇ ਬੈਠੀਆਂ ਹਿੱਕ ਨਾਲ ਆਪਣੇ ਪੁੱਤ।*

*ਅਰਜਨ ਕੋਲ ਕਮਾਨ ਨਹੀਂ, ਨਾ ਭੱਥੇ ਵਿਚ ਤੀਰ।*
*ਆਪਣੇ 'ਭੌਰੇ' ਗਲ਼ ਲੱਗ ਰੋਂਦੀ ਹੁਣ ਤਕਦੀਰ।*

# ਅਸੀਂ ਪ੍ਰਵਾਸੀ ਨਹੀਂ - ਅਸੀਂ ਤਾਂ ਬਾਬੇ ਨਾਨਕ ਦੀ ਉਡਾਰੀ ਹਾਂ: ਡਾ ਅਮਰਜੀਤ ਟਾਂਡਾ

ਕੁਝ ਲੋਕ ਸਾਨੂੰ ਪ੍ਰਵਾਸੀ ਆਖਦੇ ਹਨ। ਪਰ ਸੱਚ ਪੁੱਛੋ ਤਾਂ ਪੰਜਾਬੀ ਕਦੇ ਪ੍ਰਵਾਸੀ ਨਹੀਂ ਹੁੰਦਾ। ਪ੍ਰਵਾਸੀ ਉਹ ਹੁੰਦਾ ਹੈ ਜੋ ਆਪਣੀ ਮਿੱਟੀ, ਆਪਣੀ ਰੂਹ ਅਤੇ ਆਪਣੇ ਸੱਭਿਆਚਾਰ ਤੋਂ ਟੁੱਟ ਜਾਵੇ। ਪੰਜਾਬੀ ਤਾਂ ਜਿੱਥੇ ਵੀ ਜਾਂਦਾ ਹੈ, ਆਪਣੇ ਨਾਲ ਪੰਜਾਬ ਲੈ ਕੇ ਜਾਂਦਾ ਹੈ। ਉਹ ਆਪਣੇ ਪਿੰਡ ਦੀ ਖੁਸ਼ਬੂ, ਮਾਂ ਦੀਆਂ ਅਰਦਾਸਾਂ, ਲੋਰੀਆਂ, ਗੀਤ, ਖੇਡਾਂ, ਪਿੰਡ ਦੇ ਚੰਦ ਸਿਤਾਰੇ, ਖੇਤਾਂ ਦੀ ਹਰਿਆਵਲੀ ਅਤੇ ਬਾਬੇ ਨਾਨਕ ਦੀ ਬਾਣੀ ਆਪਣੇ ਦਿਲ



**ਡਾ. ਅਮਰਜੀਤ ਟਾਂਡਾ**
**ਫੋਨ+61 412913021**

ਵਿਚ ਸੰਭਾਲ ਕੇ ਪੱਕੀ ਗੰਢ ਮਾਰ ਕੇ ਤੁਰਦਾ ਹੈ ਏਅਰਪੋਰਟ ਨੂੰ।

ਪੰਜਾਬੀਆਂ ਲਈ ਧਰਤੀ ਦਾ ਕੋਈ ਵੀ ਕੋਨਾ ਪਰਾਇਆ ਨਹੀਂ। ਬਾਬੇ ਨਾਨਕ ਨੇ ਤਾਂ ਸਦੀਆਂ ਪਹਿਲਾਂ ਹੀ ਇਹ ਸੁਨੇਹਾ ਦੇ ਦਿੱਤਾ ਸੀ ਕਿ 'ਨ ਕੋ ਬੈਰੀ, ਨਾ ਹੀ ਬਿਗਾਨਾ।' ਜਦੋਂ ਸਾਰੀ ਧਰਤੀ ਇੱਕ ਪਰਿਵਾਰ ਹੈ, ਫਿਰ ਕਿਹੜਾ ਦੇਸ਼ ਪਰਾਇਆ ਤੇ ਕਿਹੜਾ ਆਪਣਾ? ਕਿਹੜੀ ਮਿੱਟੀ, ਆਪਣੀ ਤੇ ਕਿਹੜੀ ਪਰਾਈ। ਕਿਹੜੇ ਗੀਤ, ਚੰਨ ਸੂਰਜ ਆਪਣੇ ਤੇ ਕਿਹੜੇ ਪਰਾਏ।

ਅਸੀਂ ਪ੍ਰਵਾਸੀ ਨਹੀਂ, ਬਾਬੇ ਨਾਨਕ ਦੀ ਚਲਦੀ ਫਿਰਦੀ ਜੋਤ, ਸਰਹੱਦਾਂ ਤੋਂ ਪਾਰ ਵਸਦੀ ਇੱਕ ਰੂਹ, ਪੰਜਾਬੀ ਵੰਨ-ਸੁਵੰਨੇ ਗੁਲਾਬਾਂ ਦਾ ਖਿੜਿਆ ਬਾਗ਼, ਬਾਬੇ ਨਾਨਕ ਦੇ ਦੂਤ, ਦੁਨੀਆਂ ਨੂੰ ਆਪਣਾ ਪਰਿਵਾਰ ਬਣਾਉਣ ਵਾਲੇ ਪੰਜਾਬੀ ਜਾਂ ਸੱਤ ਸਮੁੰਦਰਾਂ ਤੋਂ ਪਾਰ ਵੀ ਪੰਜਾਬ ਦੀ ਧੜਕਣ ਹਾਂ।

ਪੰਜਾਬੀ ਜਿੱਥੇ ਗਿਆ, ਉੱਥੇ ਉਸ ਨੇ ਸਿਰਫ਼ ਆਪਣਾ ਘਰ ਨਹੀਂ ਬਣਾਇਆ; ਸਗੋਂ ਇਨਸਾਨੀਅਤ ਦਾ ਘਰ ਬਣਾਇਆ। ਉਸ ਨੇ ਗੁਰਦੁਆਰੇ ਉਸਾਰੇ, ਜਿੱਥੇ ਧਰਮ ਨਹੀਂ, ਦਿਲਾਂ ਨੂੰ ਜੋੜਿਆ ਜਾਂਦਾ ਹੈ। ਉਸ ਨੇ ਲੰਗਰ ਚਲਾਏ, ਜਿੱਥੇ ਲੰਗਰ ਦੇ ਨਾਲ ਸਾਰੇ ਮਜ਼ਹਬਾਂ ਨੂੰ ਇੱਜ਼ਤ-ਸਤਿਕਾਰ, ਪਿਆਰ ਵੀ ਪਰੋਸਿਆ ਜਾਂਦਾ ਹੈ।

ਉਸ ਨੇ ਦੁਨੀਆਂ ਨੂੰ ਇਹ ਸਿਖਾਇਆ ਕਿ ਭੁੱਖੇ ਨੂੰ ਖਵਾਉਣਾ ਕਿਸੇ ਵੀ ਇਬਾਦਤ ਤੋਂ ਵੱਡਾ ਕਰਮ ਹੈ।

ਜਿੱਥੇ ਪੰਜਾਬੀ ਦੇ ਕਦਮ ਪਏ, ਉੱਥੇ ਸਿਰਫ਼ ਕਾਰੋਬਾਰ ਨਹੀਂ ਵਧਿਆ; ਰੰਗ ਵਧੇ, ਰੌਣਕ ਵਧੀ, ਜੀਵਨ ਦੀ ਧੜਕਣ ਵਧੀ। ਢੋਲ ਦੀ ਇੱਕ ਥਾਪ ਨੇ ਉਦਾਸ ਗਲੀਆਂ ਵਿਚ ਤਿਉਹਾਰ ਸਜਾ ਦਿੱਤੇ।



ਭੰਗੜੇ ਦੀ ਇੱਕ ਡਗੇ ਛਾਲ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਖੁਸ਼ੀ ਵੀ ਇਬਾਦਤ ਹੁੰਦੀ ਹੈ। ਗਿੱਧੇ ਦੀ ਇੱਕ ਬੋਲੀ ਨੇ ਸਾਬਤ ਕਰ ਦਿੱਤਾ ਕਿ ਸੱਭਿਆਚਾਰ ਸਿਰਫ਼ ਇਤਿਹਾਸ ਨਹੀਂ, ਜੀਵਨ ਦਾ ਜਸ਼ਨ ਹੁੰਦਾ ਹੈ।

ਅੱਜ ਦੁਨੀਆਂ ਦੇ ਅਨੇਕਾਂ ਸ਼ਹਿਰਾਂ ਵਿਚ ਜਦੋਂ ਸਰ੍ਹੋਂ ਦਾ ਸਾਗ ਤੇ ਮੱਕੀ ਦੀ ਰੋਟੀ ਪੇਸ਼ ਹੁੰਦੀ ਹੈ, ਤਾਂ ਉਹ ਕੇਵਲ ਭੋਜਨ ਨਹੀਂ ਹੁੰਦਾ; ਉਹ ਪੰਜਾਬ ਦੀ ਰੂਹ ਦਾ ਸੁਆਦ ਤੇ ਗੀਤ ਹੁੰਦਾ ਹੈ। ਜਦੋਂ ਲੋਕ ਪੰਜਾਬੀ ਗੀਤਾਂ 'ਤੇ ਝੂਮਦੇ ਹਨ, ਤਾਂ ਉਹ ਸਿਰਫ਼ ਮਨੋਰੰਜਨ ਨਹੀਂ ਹੁੰਦਾ; ਉਹ ਇੱਕ ਜੀਵੰਤ ਸਭਿਆਚਾਰ ਨਾਲ ਪਹਿਲੇ ਪਿਆਰ ਵਾਲੀ ਮੁਲਾਕਾਤ ਵੀ ਹੁੰਦੀ ਹੈ।

ਪਰ ਪੰਜਾਬੀ ਦੀ ਸਭ ਤੋਂ ਵੱਡੀ ਮੱਲ ਭੰਗੜਾ, ਕਾਰੋਬਾਰ ਜਾਂ ਪ੍ਰਸਿੱਧੀ ਨਹੀਂ ਸਗੋਂ— ਦਿਲ ਜਿੱਤਣਾ ਹੈ। ਉਸ ਨੇ ਦੁਨੀਆਂ ਨੂੰ ਦੱਸਿਆ ਕਿ ਮਿਹਨਤ ਦਾ ਕੋਈ ਬਦਲ ਨਹੀਂ, ਸੇਵਾ ਦਾ ਕੋਈ ਮੁਕਾਬਲਾ ਨਹੀਂ ਅਤੇ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ।

ਪੰਜਾਬੀ ਜਦੋਂ ਕਿਸੇ ਨਵੇਂ ਦੇਸ਼ ਵਿਚ ਪਹੁੰਚਦਾ ਹੈ ਤਾਂ ਉਹ ਸਰਹੱਦਾਂ ਨਹੀਂ ਵੇਖਦਾ, ਉਹ ਮੌਕੇ, ਅਵਸਰ, ਉਡਾਣਾਂ ਵੇਖਦਾ ਹੈ। ਉਹ ਰੰਗ, ਨਸਲ ਜਾਂ ਭਾਸ਼ਾ ਨਹੀਂ ਵੇਖਦਾ; ਉਹ ਇਨਸਾਨ ਵੇਖਦਾ ਹੈ। ਇਸੇ ਲਈ ਉਸ ਦੇ ਹੱਥ ਵਿਚ ਹਮੇਸ਼ਾ ਇੱਕ ਪਾਸੇ ਕਿਰਤ ਹੁੰਦੀ ਹੈ ਤੇ ਦੂਜੇ ਪਾਸੇ ਸੇਵਾ।

ਸੱਚ ਤਾਂ ਇਹ ਹੈ ਕਿ ਅਸੀਂ ਧਰਤੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਫੈਲਿਆ ਹੋਇਆ ਬਾਬੇ ਨਾਨਕ ਦਾ ਸੁਨੇਹਾ ਹਾਂ। ਅਸੀਂ ਪ੍ਰਵਾਸੀ ਨਹੀਂ, ਅਸੀਂ ਉਸ ਜੋਤ ਦੇ ਰਾਹੀ ਹਾਂ ਜੋ ਕਹਿੰਦੀ ਹੈ ਕਿ ਸਾਰਾ ਸੰਸਾਰ ਇੱਕ ਪਰਿਵਾਰ ਹੈ। ਅਸੀਂ ਉੱਥੇ ਵੱਸੇ ਨਹੀਂ; ਅਸੀਂ ਉੱਥੇ ਪਿਆਰ ਬੀਜਿਆ ਹੈ। ਅਸੀਂ ਉੱਥੇ ਸਿਰਫ਼ ਰੋਜ਼ੀ ਨਹੀਂ ਕਮਾਈ; ਅਸੀਂ ਰਿਸ਼ਤੇ ਕਮਾਏ ਹਨ। ਅਸੀਂ ਉੱਥੇ ਕੇਵਲ ਇਮਾਰਤਾਂ ਨਹੀਂ ਬਣਾਈਆਂ; ਦਿਲਾਂ ਦੇ ਪੁਲ ਬਣਾਏ ਹਨ।

ਪੰਜਾਬੀ ਮਿੱਟੀ ਨਾਲ ਜੁੜਿਆ, ਦੁਨੀਆਂ ਨਾਲ ਖੜਿਆ, ਲੰਗਰ ਤੋਂ ਲੈ ਕੇ ਲੀਡਰਸ਼ਿਪ ਤੱਕ ਪੰਜਾਬੀਆਂ ਦੀ ਵਿਸ਼ਵ ਯਾਤਰਾ ਹਾਂ। ਅਸੀਂ ਉਡਾਰੀਆਂ ਮਾਰਦੇ ਹਾਂ, ਉਜਾੜ ਨਹੀਂ ਹੁੰਦੇ। ਅਸੀਂ ਪੰਜਾਬੀ—ਵਗਦੇ ਦਰਿਆਵਾਂ ਵਰਗੀ ਕੌਮ ਹਾਂ ਪਟਨੇ ਵਾਲੇ ਦੀ ਸਾਜੀ ਹੋਈ ਖਾਲਸ ਫੌਜ।

ਇਸ ਲਈ ਜਦੋਂ ਕੋਈ ਸਾਨੂੰ ਪ੍ਰਵਾਸੀ ਆਖੇ, ਤਾਂ ਮੁਸਕਰਾ ਕੇ ਆਖਣਾ—

'ਅਸੀਂ ਪ੍ਰਵਾਸੀ ਨਹੀਂ ਹਾਂ। ਅਸੀਂ ਬਾਬੇ ਨਾਨਕ ਦੀ ਉਹ ਉਡਾਰੀ ਹਾਂ ਜਿਸ ਨੇ ਸਾਰੀ ਧਰਤੀ ਨੂੰ ਆਪਣਾ ਘਰ ਬਣਾ ਲਿਆ ਹੈ। ਅਸੀਂ ਉਹ ਕਾਫ਼ਲਾ ਹਾਂ ਜੋ ਜਿੱਥੇ ਵੀ ਗਿਆ, ਉੱਥੇ ਲੰਗਰ, ਪਿਆਰ, ਮਿਹਨਤ, ਸੇਵਾ ਅਤੇ ਪੰਜਾਬ ਦੀ ਰੂਹ ਛੱਡ ਕੇ ਆਇਆ ਹੈ। ਅਸੀਂ ਕਿਸੇ ਦੇਸ਼ ਵਿਚ ਗਏ ਨਹੀਂ, ਅਸੀਂ ਦੁਨੀਆ ਨੂੰ ਆਪਣੇ ਬਾਬੇ ਨਾਨਕ ਦੇ ਪਰਿਵਾਰ ਵਿਚ ਸ਼ਾਮਲ ਕੀਤਾ ਹੈ।' ਅਤੇ ਸ਼ਾਇਦ ਇਹੀ ਪੰਜਾਬੀ ਹੋਣ ਦਾ ਸੱਭ ਤੋਂ ਸੋਹਣਾ ਤੇ ਵਿਲੱਖਣ ਅਰਥ ਹੈ।

# 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ...!

ਗੱਲ ਅਸੀਵਿਆਂ ਦੀ ਹੈ...

ਧਾਰੀਵਾਲ ਨਵਾਂ ਨਵਾਂ ਟੇਸ਼ਨ ਮਾਸਟਰ ਲੱਗਾ ਸਾਂ...ਇੱਕ ਦਿਨ ਬੁਖਾਰ ਦੀ ਦਵਾਈ ਲੈਣ ਹਸਪਤਾਲ ਚਲਾ ਗਿਆ...!

ਲਾਈਨ ਲੰਮੀ ਸੀ ਤੇ ਗਰਮੀ ਵੀ ਜ਼ੋਰਾਂ 'ਤੇ...ਅਚਾਨਕ ਰੌਲਾ ਪੈਣ ਲੱਗਾ...ਪੰਜਾਹ-ਪਚਵੰਜਾ ਸਾਲ ਦਾ ਇੱਕ ਬਾਬਾ ਜੀ ਖਲੋਤੇ ਹੋਏ ਸਾਰਿਆਂ ਨੂੰ ਪਾਸੇ ਹਟਾਉਂਦਾ ਹੋਇਆ ਕਾਊਂਟਰ ਪਿੱਛੇ ਬੈਠੀ ਨਰਸ ਕੋਲ ਗਿਆ ਤੇ ਪੁੱਛਣ ਲੱਗਾ...'ਬੀਬਾ ਮੇਰੀ ਬਸੰਤ ਕੌਰ ਤੇ ਨੀ ਵੇਖੀ...?'

ਅੰਦਰ ਬੈਠੀ ਕੁੜੀ ਨੇ ਬੇਧਿਆਨੀ ਵਿਚ ਬਿਨਾ ਉਸ ਵੱਲ ਦੇਖਿਆਂ ਹੀ ਜੁਆਬ ਦੇ ਦਿੱਤਾ...'ਬਾਬਾ ਜੀ ਨਹੀਂ ਦੇਖੀ ਥੋਡੀ ਬਸੰਤ ਕੌਰ...ਉਸ ਨੂੰ ਤੇ ਓਸੇ ਦਿਨ ਹੀ ਛੁੱਟੀ ਦੇ ਦਿੱਤੀ ਸੀ ਇਥੋਂ...'

'ਤੁਸਾਂ ਜਾਣ ਕਿਓਂ ਦਿੱਤੀ ਕੱਲੀ...ਡਿਸਿਪਲਿਨ ਨਾਮ ਦੀ ਕੋਈ ਚੀਜ਼ ਹੀ ਹੈਨੀ ਤੁਹਾਡੇ ਵਿਚ'... 'ਬਸੰਤ ਕੁਰੇ ਜਾਵੀਂ ਨਾ ਮੈਂ ਹੁਣੇ ਆਇਆ...ਉਡੀਕ ਲਵੀਂ ਮੈਨੂੰ...।'

ਏਨਾ ਕੁਝ ਆਖਦੇ ਹੋਏ ਉਹ ਬਾਬਾ ਜੀ ਬਾਹਰ ਨੂੰ ਭੱਜ ਗਏ ਤੇ ਮਗਰੋਂ ਓਥੇ ਖਲੋਤੇ ਬੰਦੇ ਬੁੜੀਆਂ ਵਿਚ ਹਾਸਾ ਜਿਹਾ ਪੈ ਗਿਆ...!

ਮੈਨੂੰ ਇਹ ਵਰਤਾਰਾ ਬੜਾ ਹੀ ਅਜੀਬ ਜਿਹਾ ਲੱਗਾ ਤੇ ਕੋਲ ਹੀ ਖਲੋਤੇ ਉਸਦੇ ਪਿੰਡ ਵਾਲੇ ਨੂੰ ਅਸਲ ਕਹਾਣੀ ਪੁੱਛ ਲਈ...।

ਪਤਾ ਲੱਗਾ ਕਿ ਫੌਜ ਵਿਚ ਹੁੰਦੇ ਸਨ...ਇਥੋਂ



ਲਾਗੇ ਸਾਂਝੇ ਸੈਕਟਰ ਵਿਚ ਹੀ ਪੋਸਟਿੰਗ ਸੀ...

ਇੱਕ ਦਿਨ ਟੈਲੀਗ੍ਰਾਮ ਗਈ ਕਿ ਨਾਲਦੀ ਬਸੰਤ ਕੌਰ ਦਾ ਐਕਸੀਡੈਂਟ ਹੋ ਗਿਆ...ਓਸੇ ਵੇਲੇ ਜੰਮੂ ਤੋਂ ਗੱਡੀ ਫੜ ਪਿੰਡ ਨੂੰ ਦੌੜ ਪਏ...ਇਹਨਾਂ ਦੀ ਗੱਡੀ ਵੀ ਕਠੂਹੇ ਲਾਗੇ ਲੈਣ ਤੋਂ ਉੱਤਰ ਗਈ...ਓਥੋਂ ਪੈਦਲ ਹੀ ਏਨਾ ਆਖਦੇ ਹੋਏ ਪਿੰਡ ਨੂੰ ਭੱਜ ਤੁਰੇ ਕੇ 'ਬਸੰਤ ਕੁਰੇ ਜਾਵੀਂ ਨਾ ਮੈਂ ਬੱਸ ਹੁਣੇ ਆਇਆ'

ਬਸੰਤ ਕੌਰ ਓਸੇ ਦਿਨ ਚੜ੍ਹਾਈ ਕਰ ਗਈ...ਲਾਸ਼ ਤੀਏ ਦਿਨ ਬੋ ਮਾਰਨ ਲੱਗੀ ਤੇ ਅਗਲਿਆਂ ਸੰਸਕਾਰ ਕਰ ਦਿੱਤਾ...ਬਾਬਾ ਜੀ ਨੂੰ ਮੂੰਹ ਤੱਕ ਵੀ ਵੇਖਣਾ ਨਸੀਬ ਨਹੀਂ ਹੋ ਸਕਿਆ...ਸ਼ਰੀਕਾਂ ਬਥੇਰਾ ਆਖਿਆ ਕਿ ਦੂਜਾ ਵਿਆਹ ਕਰ ਦਿੰਨੇ ਆ ਪਰ ਪੱਕੀ ਨਾਂਹ ਹੀ ਫੜੀ ਰੱਖੀ...ਪੰਦਰਾਂ ਵਰ੍ਹੇ ਹੋ ਗਏ ਇਹੀ ਹਾਲ ਏ...ਜਦੋਂ ਲੋਰ ਉੱਠਦਾ ਹਸਪਤਾਲ ਨੂੰ ਭੱਜ ਉਠਦੇ ਨੇ...।'

ਮੈਨੂੰ ਕੋਲ ਹੱਸਦੇ ਹੋਇਆਂ ਦੀ ਕਮਜ਼ੋਰ ਮਾਨਸਿਕਤਾ 'ਤੇ ਬੜਾ ਤਰਸ ਆਇਆ ਤੇ ਮੈਥੋਂ ਉਸਦੀ ਬਾਕੀ ਦੀ ਗੱਲ ਵੀ ਨਾ ਸੁਣੀ ਗਈ...ਅਗਲੇ ਹੀ ਪਲ ਮੈਂ ਬੁਖਾਰ ਦੀ ਪ੍ਰਵਾਹ ਕੀਤੇ ਬਗੈਰ ਬਾਹਰ ਨੂੰ ਭੱਜ ਉਠਿਆ...ਕਿੰਨਾ ਚਿਰ ਲੱਭਦਾ ਰਿਹਾ ਪਰ ਉਹ ਬਾਬਾ ਜੀ ਮੁੜ ਕਿਧਰੇ ਵੀ ਨਹੀਂ ਦਿਸੇ...!

ਮੈਥੋਂ ਕਿੰਨੇ ਦਿਨ ਦਿਨ ਰੋਟੀ ਨਾ ਖਾਦੀ ਗਈ...ਵਾਰ ਵਾਰ ਬਸ ਇਹੀ ਖਿਆਲ ਆਈ ਜਾਵੇ ਕਿ ਕਿੰਨੀ ਮਹਾਨ ਤੇ ਕਿਸਮਤ ਵਾਲੀ ਹੋਵੇਗੀ ਉਹ ਬਸੰਤ ਕੌਰ ਤੇ ਉਸਦੀ ਰੂਹਾਨੀ ਮੁਹੱਬਤ...ਜਿਸਨੂੰ ਲੱਭਦਾ ਹੋਇਆ ਇਕ ਫੌਜੀ ਪਾਗਲ ਤੱਕ ਹੋ ਗਿਆ ਸੀ...ਓਹੀ ਫੌਜੀ ਜਿਹੜਾ ਇਕੱਤਰ ਦੀ ਜੰਗ ਵੇਲੇ ਸੀਨੇ ਵਿਚ ਦੋ ਗੋਲੀਆਂ ਖਾਣ ਦੇ ਬਾਵਜੂਦ ਵੀ ਹੱਸਦਾ ਹੋਇਆ ਮੋਰਚੇ ਵਿਚ ਡਟਿਆ ਰਿਹਾ ਸੀ!

ਅਕਸਰ ਸੁਣੀਦਾ ਸੀ ਕਿ ਇਸ ਜਹਾਨ ਵਿਚ ਹੀ ਕਿਸੇ ਵੇਲੇ ਐਸੇ ਸਰਲ ਤੇ ਸਪਸ਼ਟ ਜ਼ਮਾਨੇ ਹੋਇਆ ਕਰਦੇ ਸਨ ਜਦੋਂ ਕੁਝ ਵਿਲੱਖਣ ਮੁਹੱਬਤਾਂ ਆਪ ਮੁਹਾਰੇ ਹੀ ਏਨੀਆਂ ਉਚੀਆਂ-ਸੁੱਚੀਆਂ ਤੇ ਪਾਕ ਪਵਿੱਤਰ ਬਣ ਜਾਇਆ ਕਰਦੀਆਂ ਸਨ ਕਿ ਹਿਮਾਲਿਆ ਵਰਗੇ ਅਸਮਾਨ ਛੂੰਹਦੇ ਪਰਬਤ ਵੀ ਬੌਣੇ ਦਿਸਣ ਲੱਗ ਜਾਇਆ ਕਰਦੇ...।

ਤਾਂ ਹੀ ਸ਼ਾਇਦ ਅਕਸਰ ਹੀ ਏਨੀ ਗੱਲ ਸੁਣਨ ਨੂੰ ਮਿਲ ਜਾਇਆ ਕਰਦੀ ਸੀ ਕਿ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ...!

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਉੱਤਰੀ ਅਮਰੀਕਾ 'ਚ ਗੁਰਮਤਿ ਕੈਂਪਾਂ ਰਾਹੀਂ ਪੀੜ੍ਹੀਆਂ ਨੂੰ ਸਿੱਖੀ ਨਾਲ ਜੋੜਨ ਵਾਲੇ ਸ. ਕੁਲਦੀਪ ਸਿੰਘ ਦਾ ਵਿਛੋੜਾ

ਸਿੱਖ ਇਤਿਹਾਸ ਵਿਚ ਕੁਝ ਸ਼ਖ਼ਸੀਅਤਾਂ ਅਜਿਹੀਆਂ ਹਨ ਜੋ ਵੱਡੇ ਅਹੁਦਿਆਂ ਜਾਂ ਪ੍ਰਚਾਰ ਨਾਲ ਨਹੀਂ, ਸਗੋਂ ਚੁੱਪਚਾਪ ਕੀਤੀ ਲੰਮੀ ਸੇਵਾ ਨਾਲ ਪੀੜ੍ਹੀਆਂ ਦੇ ਮਨਾਂ ਵਿਚ ਆਪਣੀ ਥਾਂ ਬਣਾਉਂਦੀਆਂ ਹਨ। ਸ. ਕੁਲਦੀਪ ਸਿੰਘ ਅਜਿਹੀ ਹੀ ਪੰਥਕ ਸ਼ਖ਼ਸੀਅਤ ਸਨ। ਉਨ੍ਹਾਂ ਦਾ ਅਕਾਲ ਚਲਾਣਾ 27 ਮਈ, 2026 ਨੂੰ 87 ਸਾਲ ਦੀ ਉਮਰ ਵਿਚ ਸ਼ਹਿਰ ਟੈਂਪਾ (ਫਲੋਰੀਡਾ) ਵਿਖੇ ਅਚਾਨਕ ਹੋਏ ਹਾਦਸੇ ਦੌਰਾਨ ਹੋਇਆ। 26 ਮਈ ਦੀ ਸ਼ਾਮ ਨੂੰ ਉਹ



**ਸਮੀਪ ਸਿੰਘ ਗੁਮਟਾਲਾ**
**ਫੋਨ: +1-937-654-8873**

ਡਿਟਰਾਇਟ, ਮਿਸ਼ੀਗਨ ਵਿਖੇ 18 ਤੋਂ 35 ਸਾਲ ਦੇ ਨੌਜਵਾਨ ਬਾਲਗਾਂ ਲਈ ਹੋਈ ਸਿੱਖ ਯੂਥ ਰਿਟਰੀਟ ਦੀ ਅਗਵਾਈ ਕਰਕੇ ਵਾਪਸ ਆਏ ਸਨ। ਇਸ ਤਰ੍ਹਾਂ ਉਨ੍ਹਾਂ ਦੀ ਸੇਵਾ ਅਖੀਰਲੇ ਸਮੇਂ ਤੱਕ ਨਿਰੰਤਰ ਜਾਰੀ ਰਹੀ।

ਜੁਲਾਈ 2016 ਵਿਚ ਮੇਰੇ ਪਿਤਾ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਉਨ੍ਹਾਂ ਨਾਲ ਇਕ ਗੱਲਬਾਤ ਰਿਕਾਰਡ ਕੀਤੀ ਸੀ। ਉਸ ਗੱਲਬਾਤ ਵਿਚ ਉਨ੍ਹਾਂ ਨੇ ਆਪਣਾ ਜੀਵਨ-ਸਫ਼ਰ ਬਹੁਤ ਸਾਦਗੀ ਅਤੇ ਨਿਮਰਤਾ ਨਾਲ ਸਾਂਝਾ ਕੀਤਾ। ਉਨ੍ਹਾਂ ਦੀ ਬੋਲੀ ਵਿਚ ਕਿਤੇ ਵੀ ਆਪਣੀ ਵਡਿਆਈ ਨਹੀਂ ਸੀ। ਉਹ ਹਰ ਪ੍ਰਾਪਤੀ ਨੂੰ ਸੰਗਤ ਅਤੇ ਸਿੱਖ ਸੰਸਕਾਰਾਂ ਦੀ ਬਖ਼ਸ਼ਿਸ਼ ਮੰਨਦੇ ਸਨ।

**ਮੁੱਢਲਾ ਜੀਵਨ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਫ਼ਰ:**

ਸ. ਕੁਲਦੀਪ ਸਿੰਘ ਜੀ ਦਾ ਜਨਮ ਅਪ੍ਰੈਲ 1939 ਵਿਚ ਹੋਇਆ। ਉਨ੍ਹਾਂ ਦਾ ਬਚਪਨ ਨਵੀਂ ਦਿੱਲੀ ਦੇ ਬੇਅਰਡ ਰੋਡ, ਜੋ ਅੱਜ ਬੰਗਲਾ ਸਾਹਿਬ ਰੋਡ ਵਜੋਂ ਜਾਣਿਆ ਜਾਂਦਾ ਹੈ, ਦੇ ਇਲਾਕੇ ਵਿਚ ਬੀਤਿਆ। ਉਨ੍ਹਾਂ ਦੇ ਪਿਤਾ ਸ. ਗੁਰਬਖ਼ਸ਼ ਸਿੰਘ ਆਰਮੀ ਹੈੱਡਕੁਆਰਟਰ ਵਿਚ ਅਫਸਰ ਸੁਪਰਵਾਈਜ਼ਰ ਸਨ। ਪਰਿਵਾਰ ਸਿੱਖੀ ਸਰੂਪ ਅਤੇ ਗੁਰੂ ਘਰ ਪ੍ਰਤੀ ਸਤਿਕਾਰ ਵਾਲਾ ਸੀ।

ਰਾਮਜਸ ਸੀਨੀਅਰ ਸੈਕੰਡਰੀ ਸਕੂਲ, ਪਹਾੜਗੰਜ ਵਿਖੇ ਪੜ੍ਹਦਿਆਂ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਜੁੜੇ। ਇਹ ਜਥੇਬੰਦੀ ਉਨ੍ਹਾਂ ਲਈ ਸਿਰਫ਼ ਵਿਦਿਆਰਥੀ ਸਰਗਰਮੀ ਦਾ ਮੰਚ ਨਹੀਂ ਰਹੀ, ਸਗੋਂ ਸਿੱਖੀ, ਅਨੁਸ਼ਾਸਨ ਅਤੇ ਪੰਥਕ ਸੋਚ ਦੀ ਪਾਠਸ਼ਾਲਾ ਬਣ ਗਈ। ਫੈਡਰੇਸ਼ਨ ਦੀਆਂ ਮੀਟਿੰਗਾਂ ਵਿਚ ਵਾਰੀ-ਵਾਰੀ ਹਰ ਮੈਂਬਰ ਨੂੰ ਅਰਦਾਸ ਕਰਨੀ ਪੈਂਦੀ ਸੀ। ਉਸ ਸਮੇਂ ਕੁਲਦੀਪ ਸਿੰਘ ਨੂੰ ਅਰਦਾਸ ਪੂਰੀ ਤਰ੍ਹਾਂ ਕੰਠ ਨਹੀਂ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੁਝ ਹਫ਼ਤਿਆਂ ਬਾਅਦ ਅਰਦਾਸ ਦੀ ਵਾਰੀ ਉਨ੍ਹਾਂ ਦੀ ਆਵੇਗੀ, ਤਾਂ ਉਨ੍ਹਾਂ ਨੇ ਅਰਦਾਸ ਕੰਠ ਕਰਨੀ ਸ਼ੁਰੂ ਕੀਤੀ। ਇਹ ਛੋਟੀ ਜਿਹੀ ਜ਼ਿੰਮੇਵਾਰੀ ਉਨ੍ਹਾਂ ਦੇ ਅੰਦਰ ਸਿੱਖੀ ਨਾਲ ਡੂੰਘਾ ਜੋੜ ਬਣਾਉਣ ਦਾ ਮੂਲ ਕਾਰਨ ਬਣੀ।

ਉਹ ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਰਕਾਬਗੰਜ ਸਾਹਿਬ ਜਾਣ ਲੱਗੇ। ਉਥੇ ਸੂਰਜ ਪ੍ਰਕਾਸ਼ ਦੀ ਕਥਾ, ਗੁਰਬਾਣੀ ਦੀ ਵਿਆਖਿਆ ਅਤੇ ਵਿਦਵਾਨਾਂ ਦੇ ਵਿਚਾਰਾਂ ਨੇ ਉਨ੍ਹਾਂ ਦੇ ਮਨ ਵਿਚ ਸਿੱਖ ਇਤਿਹਾਸ ਅਤੇ ਗੁਰਬਾਣੀ ਲਈ ਅਥਾਹ ਪਿਆਰ ਪੈਦਾ ਕੀਤਾ। ਸ. ਸਰੂਪ ਸਿੰਘ ਕੱਲਾ, ਪ੍ਰੋ. ਸੁਖਬੀਰ ਸਿੰਘ, ਪ੍ਰੋ. ਭਰਪੂਰ ਸਿੰਘ, ਪ੍ਰੋ. ਜਸਵੰਤ ਸਿੰਘ ਫੁੱਲ, ਪ੍ਰੋ. ਕਿਰਪਾਲ ਸਿੰਘ, ਸ. ਭਾਨ ਸਿੰਘ ਅਤੇ ਡਾ. ਗੰਡਾ ਸਿੰਘ ਵਰਗੀਆਂ ਹਸਤੀਆਂ ਦੀ ਸੰਗਤ ਅਤੇ ਵਿਚਾਰਾਂ ਨੇ ਉਨ੍ਹਾਂ ਦੇ ਅੰਦਰ ਪੰਥਕ ਚੇਤਨਾ ਅਤੇ ਨੌਜਵਾਨਾਂ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ ਕੀਤੀ।

**1960 ਦਾ ਮੋਰਚਾ ਅਤੇ ਤਿਹਾੜ ਜੇਲ੍ਹ ਦੀ ਯਾਤਰਾ:**

1960 ਦਾ ਪੰਜਾਬੀ ਸੂਬਾ ਮੋਰਚਾ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਪੜਾਅ ਸੀ। ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਹੇਠ 12 ਜੂਨ 1960 ਨੂੰ ਦਿੱਲੀ ਵਿਚ ਰੋਸ ਮਾਰਚ ਹੋਣਾ ਸੀ, ਪਰ ਸਰਕਾਰ ਨੇ ਪਹਿਲਾਂ ਹੀ ਕਈ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਫੈਡਰੇਸ਼ਨ ਦੇ ਦਿੱਲੀ ਦੇ ਪ੍ਰਧਾਨ (1960 ਤੋਂ 1964) ਹੋਣ ਕਰਕੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਲਈ ਉਨ੍ਹਾਂ ਦੇ ਘਰ ਅਤੇ ਪਿਤਾ ਦੇ ਦਫ਼ਤਰ ਉਤੇ ਦਬਾਅ ਪਾਇਆ। ਜਦੋਂ ਉਹ ਖੁਦ ਪੁਲਿਸ ਦੇ ਸਾਹਮਣੇ ਪੇਸ਼ ਹੋਏ, ਤਾਂ ਉਨ੍ਹਾਂ ਉਤੇ ਇਰਾਦਾ ਕਤਲ ਸਮੇਤ 13 ਗੰਭੀਰ ਦੋਸ਼ ਲਗਾ ਕੇ ਦਿੱਲੀ ਦੀ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ, ਹਾਲਾਂਕਿ ਉਹ ਉਸ ਜਲੂਸ ਵਿਚ ਮੌਜੂਦ ਵੀ ਨਹੀਂ ਸਨ। ਜੇਲ੍ਹ ਵਿਚ ਵੀ ਉਨ੍ਹਾਂ ਨੇ ਚੜ੍ਹਦੀ ਕਲਾ ਦਾ ਮਾਹੌਲ ਦੇਖਿਆ, ਜਿੱਥੇ ਢਾਡੀ ਜਥੇ ਅਤੇ ਕੀਰਤਨੀਏ ਸਿੱਖੀ ਰੰਗ ਵਿਚ ਸੰਗਤ ਨੂੰ ਜੋੜ ਰਹੇ ਸਨ। ਤਕਰੀਬਨ ਇਕ ਹਫ਼ਤੇ ਬਾਅਦ ਉਹ ਜ਼ਮਾਨਤ 'ਤੇ ਬਾਹਰ ਆਏ ਅਤੇ ਦੋ ਸਾਲਾਂ ਬਾਅਦ ਇਹ ਮਾਮਲਾ ਸਰਕਾਰ ਨਾਲ ਗੱਲਬਾਤ ਰਾਹੀਂ ਮੁਕੰਮਲ ਹੋਇਆ।

**ਇੰਗਲੈਂਡ ਵਿਚ ਸੰਘਰਸ਼ ਅਤੇ ਸਿੱਖੀ ਸਰੂਪ 'ਤੇ ਦ੍ਰਿੜ੍ਹਤਾ:**

ਸਾਲ 1964 ਵਿਚ ਉਹ ਦਿੱਲੀ ਯੂਨੀਵਰਸਿਟੀ ਤੋਂ ਬੀ.ਐਸਸੀ. ਕੈਮਿਸਟਰੀ ਦੀ ਡਿਗਰੀ ਅਤੇ ਨੌਕਰੀ ਦਾ ਤਜਰਬਾ ਲੈ ਕੇ ਇੰਗਲੈਂਡ ਚਲੇ ਗਏ। ਉਥੇ ਉਨ੍ਹਾਂ ਨੂੰ ਉਸ ਸਮੇਂ ਦੇ ਸਾਬਤ-ਸੂਰਤ ਸਿੱਖ ਪਰਵਾਸੀਆਂ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਰੁਜ਼ਗਾਰ ਦਫ਼ਤਰ ਵਿਚ ਕੁੱਝ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਜੇ ਉਹ ਕੈਮਿਸਟ ਵਜੋਂ ਪੇਸ਼ੇਵਰ ਨੌਕਰੀ ਚਾਹੁੰਦੇ ਹਨ, ਤਾਂ ਕੇਸ-ਦਾੜ੍ਹੀ ਕਟਵਾ ਲਵੋ; ਨਹੀਂ ਤਾਂ ਮਜ਼ਦੂਰੀ ਦੀ ਨੌਕਰੀ ਹੀ ਮਿਲ ਸਕਦੀ ਹੈ। ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਤਿੰਨ ਮਹੀਨਿਆਂ ਵਿਚ ਹੀ ਉਨ੍ਹਾਂ ਨੂੰ ਦੋ ਕੰਪਨੀਆਂ ਤੋਂ ਬਤੌਰ ਕੁਆਲਿਟੀ ਕੰਟਰੋਲ ਕੈਮਿਸਟ ਨੌਕਰੀ ਦੀ ਪੇਸ਼ਕਸ਼ ਮਿਲ ਗਈ। ਇਹ ਸਿਰਫ਼ ਪੇਸ਼ੇਵਰ ਯੋਗਤਾ ਦੀ ਨਹੀਂ, ਸਿੱਖੀ ਸਿਦਕ ਦੀ ਵੀ ਜਿੱਤ ਸੀ।

ਇੰਗਲੈਂਡ ਵਿਚ ਔਖੇ ਸਮੇਂ ਦੌਰਾਨ ਉਨ੍ਹਾਂ ਦੇ ਪਿਤਾ ਜੀ ਦੇ ਜਾਣਕਾਰ ਮਿ. ਕੌਸ਼ਿਕ, ਜੋ ਹਿੰਦੂ ਪਰਿਵਾਰ ਨਾਲ ਸੰਬੰਧਤ ਸਨ, ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਕਿਸੇ ਵੀ ਹਾਲਤ ਵਿਚ ਕੇਸ ਨਾ ਕਟਵਾਉਣ ਅਤੇ ਸਿੱਖੀ ਸਿਦਕ ਉਤੇ ਪਹਿਰਾ



ਦੇਣ। ਉਨ੍ਹਾਂ ਨੇ ਲੋੜ ਪੈਣ 'ਤੇ ਆਰਥਿਕ ਮਦਦ ਦੀ ਪੇਸ਼ਕਸ਼ ਵੀ ਕੀਤੀ। ਬਾਅਦ ਵਿਚ ਨਾਰਥ ਥੇਮਸ ਗੈਸ ਬੋਰਡ ਦੇ ਚੀਫ ਨੇ ਉਨ੍ਹਾਂ ਦਾ ਸਿੱਖੀ ਸਰੂਪ ਦੇਖ ਕੇ ਬਿਨਾਂ ਵੱਡੇ ਸਵਾਲਾਂ ਦੇ ਨੌਕਰੀ ਦੇ ਦਿੱਤੀ, ਕਿਉਂਕਿ ਉਹ ਬ੍ਰਿਟਿਸ਼ ਆਰਮੀ ਵਿਚ ਰਹਿ ਕੇ ਸਿੱਖਾਂ ਦੀ ਇਮਾਨਦਾਰੀ ਅਤੇ ਮਿਹਨਤ ਤੋਂ ਜਾਣੂ ਸੀ।

ਸਾਲ 1967 ਵਿਚ ਉਹ ਇੰਗਲੈਂਡ ਤੋਂ ਕੈਨੇਡਾ ਗਏ ਅਤੇ ਟੋਰਾਂਟੋ ਵਿਚ ਵੱਸੇ। 1971 ਵਿਚ ਉਨ੍ਹਾਂ ਦਾ ਵਿਆਹ ਬੀਬੀ ਅਰਮਿੰਦਰ ਕੌਰ ਜੀ ਨਾਲ ਹੋਇਆ। 1972 ਵਿਚ ਉਹ ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਡਿਟਰਾਇਟ ਸ਼ਹਿਰ ਵਿਚ ਆ ਵੱਸੇ। ਪੇਸ਼ੇਵਰ ਜੀਵਨ ਵਿਚ ਉਨ੍ਹਾਂ ਨੇ ਹਸਪਤਾਲਾਂ ਅਤੇ ਆਪਣੀ ਲੈਬ ਵਿਚ ਕੈਮਿਸਟ ਵਜੋਂ ਲੰਬਾ ਸਮਾਂ ਕੰਮ ਕੀਤਾ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਪਹਿਚਾਣ ਸਿੱਖ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਕੀਤੀ ਸੇਵਾ ਨਾਲ ਬਣੀ।

**ਉੱਤਰੀ ਅਮਰੀਕਾ ਵਿਚ ਗੁਰਮਤਿ ਕੈਂਪਾਂ ਦੀ ਵਿਰਾਸਤ ਅਤੇ ਅਖੀਰ ਤੱਕ ਸੇਵਾ:**

ਉੱਤਰੀ ਅਮਰੀਕਾ ਆ ਕੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇੱਥੇ ਵੱਸ ਰਹੇ ਸਿੱਖ ਪਰਿਵਾਰਾਂ ਦੇ ਬੱਚਿਆਂ ਲਈ ਸਿੱਖੀ, ਗੁਰਬਾਣੀ, ਇਤਿਹਾਸ ਅਤੇ ਪਛਾਣ ਨਾਲ ਜੋੜਨ ਵਾਲਾ ਸੰਗਠਿਤ ਮੰਚ ਬਹੁਤ ਘੱਟ ਹੈ। ਭਾਰਤ ਵਿਚ ਸਿੱਖ ਕੈਂਪਾਂ ਅਤੇ ਫੈਡਰੇਸ਼ਨ ਦੇ ਤਜਰਬੇ ਨਾਲ ਉਹ ਇਸ ਲੋੜ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਇਸੇ ਸੋਚ ਨਾਲ 1973 ਵਿਚ ਮੈਡੀਸਨ ਹਾਈਟਸ, ਮਿਸ਼ੀਗਨ ਸਥਿਤ ਆਪਣੇ ਘਰ ਤੋਂ ਉਨ੍ਹਾਂ ਨੇ ਉੱਤਰੀ ਅਮਰੀਕਾ ਵਿਚ ਆਪਣੀ ਗੁਰਮਤਿ ਕੈਂਪ ਸੇਵਾ ਦੀ ਸ਼ੁਰੂਆਤ ਕੀਤੀ। ਇਕ ਘਰ ਤੋਂ ਸ਼ੁਰੂ ਹੋਈ ਇਹ ਸੇਵਾ ਸਮੇਂ ਦੇ ਨਾਲ ਮਜ਼ਬੂਤ ਪੰਥਕ ਸੰਸਥਾ ਅਤੇ ਸੇਵਾ-ਪਰੰਪਰਾ ਬਣ ਗਈ। ਜੁਲਾਈ 2023 ਵਿਚ ਇਸ 7 ਦਿਨਾਂ ਗੁਰਮਤਿ ਕੈਂਪ ਨੇ ਆਪਣੇ ਸਫਲ 50 ਸਾਲ ਪੂਰੇ ਕੀਤੇ।

ਇਹੀ ਉਨ੍ਹਾਂ ਦੀ ਸੇਵਾ ਦਾ ਸਾਰ ਸੀ। ਗੁਰਮਤਿ ਕੈਂਪ ਸਿਰਫ਼ ਇਕ ਹਫ਼ਤੇ ਦਾ ਪ੍ਰੋਗਰਾਮ ਨਹੀਂ ਹੈ। ਇਹ ਇਕ ਅਜਿਹਾ ਮਾਹੌਲ ਹੈ ਜਿੱਥੇ ਬੱਚੇ ਅਰਦਾਸ, ਹੁਕਮਨਾਮਾ, ਗੁਰਬਾਣੀ, ਕੀਰਤਨ, ਸਿੱਖ ਇਤਿਹਾਸ, ਸੰਗਤ, ਸੇਵਾ ਅਤੇ ਆਪਣੀ ਪਛਾਣ ਨਾਲ ਜੁੜਦੇ ਹਨ। ਉਹ ਹੋਰ ਸਿੱਖ ਬੱਚਿਆਂ ਨੂੰ ਮਿਲਦੇ ਹਨ, ਨਵੇਂ ਰਿਸ਼ਤੇ ਬਣਾਉਂਦੇ ਹਨ, ਆਤਮ-ਵਿਸ਼ਵਾਸ ਲੈਂਦੇ ਹਨ ਅਤੇ ਸਿੱਖੀ ਨੂੰ ਜੀਵਨ ਦਾ ਹਿੱਸਾ ਵਜੋਂ ਮਹਿਸੂਸ ਕਰਦੇ ਹਨ। ਇਨ੍ਹਾਂ ਕੈਂਪਾਂ ਨੇ ਹਜ਼ਾਰਾਂ ਬੱਚਿਆਂ, ਨੌਜਵਾਨਾਂ, ਮਾਪਿਆਂ ਅਤੇ ਸੇਵਾਦਾਰਾਂ ਨੂੰ ਛੂਹਿਆ ਹੈ। ਕਈ ਬੱਚੇ ਜੋ ਕਦੇ ਛੋਟੀ ਉਮਰ ਵਿਚ ਕੈਂਪ ਵਿਚ ਆਏ, ਬਾਅਦ ਵਿਚ ਕੌਂਸਲਰ, ਅਧਿਆਪਕ, ਪ੍ਰਬੰਧਕ ਅਤੇ ਮਾਪੇ ਬਣ ਕੇ ਮੁੜ ਸੇਵਾ ਨਾਲ ਜੁੜੇ। ਇਹੀ ਕਿਸੇ ਵਿਰਾਸਤ ਦੀ ਅਸਲ ਨਿਸ਼ਾਨੀ ਹੁੰਦੀ ਹੈ। ਅੱਜ ਇਸ ਦੀ ਵਾਗਡੋਰ ਸੰਭਾਲਣ ਵਾਲੇ ਕਈ ਪ੍ਰਬੰਧਕ ਅਤੇ ਅਧਿਆਪਕ ਕਦੇ ਖੁਦ ਇਸ ਕੈਂਪ ਵਿਚ ਵਿਦਿਆਰਥੀ ਵਜੋਂ ਸ਼ਾਮਲ ਹੁੰਦੇ ਸਨ।

ਇਸ ਪੂਰੇ ਸਫ਼ਰ ਵਿਚ ਬੀਬੀ ਅਰਮਿੰਦਰ ਕੌਰ ਜੀ ਨੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਿੱਤਾ। ਕੈਂਪਾਂ ਦੇ ਪ੍ਰਬੰਧ, ਬੱਚਿਆਂ ਦੀ ਸੰਭਾਲ, ਰਹਿਣ-ਸਹਿਣ ਦੀ ਵਿਵਸਥਾ ਅਤੇ ਪਰਿਵਾਰਾਂ ਨਾਲ ਜੁੜੀਆਂ ਅਨੇਕਾਂ ਜ਼ਿੰਮੇਵਾਰੀਆਂ ਵਿਚ ਉਨ੍ਹਾਂ ਦੀ ਸੇਵਾ ਬਹੁਤ ਅਹਿਮ ਰਹੀ। ਇਹ ਕੈਂਪ ਅਤੇ ਰਿਟਰੀਟ ਸਿਰਫ਼ ਬੱਚਿਆਂ ਜਾਂ ਨੌਜਵਾਨਾਂ ਲਈ ਨਹੀਂ ਸਨ, ਸਗੋਂ ਮਾਪਿਆਂ ਅਤੇ ਸੇਵਾਦਾਰਾਂ ਲਈ ਵੀ ਸਿੱਖਣ ਦੇ ਮੰਚ ਬਣੇ। ਬਹੁਤ ਸਾਰੇ ਮਾਪੇ ਪਹਿਲਾਂ ਆਪਣੇ ਬੱਚਿਆਂ ਨੂੰ ਲੈ ਕੇ ਆਏ ਅਤੇ ਬਾਅਦ ਵਿਚ ਖੁਦ ਸੇਵਾ ਨਾਲ ਜੁੜ ਗਏ। ਇਸ ਤਰ੍ਹਾਂ ਇਹ ਪ੍ਰੋਗਰਾਮ ਪੂਰੇ ਪਰਿਵਾਰਾਂ ਅਤੇ ਸੰਗਤਾਂ ਦੀ ਪੰਥਕ ਤਾਲੀਮ ਦੇ ਕੇਂਦਰ ਬਣੇ।

**ਸਿਆਨਾ ਸੰਸਥਾ ਦੀ ਸਥਾਪਨਾ ਅਤੇ ਪੰਥਕ ਮਰਿਆਦਾ 'ਤੇ ਪਹਿਰਾ**

ਸ. ਕੁਲਦੀਪ ਸਿੰਘ ਜੀ ਨੇ ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ ਸੰਸਥਾ, ਜਿਸ ਨੂੰ ਸਿਆਨਾ ਕਿਹਾ ਜਾਂਦਾ ਹੈ, ਦੀ ਸਥਾਪਨਾ ਕੀਤੀ। ਇਸ ਦੇ ਬੈਨਰ ਹੇਠ ਕੈਂਪਾਂ ਦੇ ਨਾਲ-ਨਾਲ ਭਾਸ਼ਣ ਸਿੰਪੋਜ਼ੀਅਮ ਅਤੇ ਨੌਜਵਾਨਾਂ ਲਈ ਯੂਥ ਰਿਟਰੀਟ ਵਰਗੇ ਪ੍ਰੋਗਰਾਮ ਸ਼ੁਰੂ ਹੋਏ। ਉਨ੍ਹਾਂ ਦਾ ਜ਼ੋਰ ਹਮੇਸ਼ਾ ਇਸ ਗੱਲ ਉਤੇ ਰਿਹਾ ਕਿ ਕੈਂਪਾਂ ਵਿਚ ਕਿਸੇ ਡੇਰੇ ਜਾਂ ਵਿਅਕਤੀ ਵਿਸ਼ੇਸ਼ ਦੀ ਮਰਿਆਦਾ ਦੀ ਥਾਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਨੂੰ ਹੀ ਅਧਾਰ ਬਣਾਇਆ ਜਾਵੇ। ਉਨ੍ਹਾਂ ਦਾ ਜੀਵਨ-ਫਲਸਫ਼ਾ ਸਪਸ਼ਟ ਸੀ—ਪੰਥ ਪਹਿਲਾਂ।

**ਮੇਰੀ ਨਿੱਜੀ ਸਾਂਝ**

ਮੇਰਾ ਉਨ੍ਹਾਂ ਨਾਲ ਸੰਪਰਕ 2000 ਵਿਚ ਅੰਮ੍ਰਿਤਸਰ ਤੋਂ ਡੇਟਨ, ਓਹਾਇਓ ਆਉਣ ਤੋਂ ਬਾਅਦ ਬਣਿਆ। 11 ਸਤੰਬਰ, 2001 ਦੀ ਘਟਨਾ ਤੋਂ ਬਾਅਦ ਜਦੋਂ ਅਮਰੀਕਾ ਵਿਚ ਸਿੱਖ ਪਛਾਣ ਨੂੰ ਲੈ ਕੇ ਚੁਣੌਤੀਆਂ ਵਧੀਆਂ, ਤਾਂ ਮੈਨੂੰ ਉਨ੍ਹਾਂ ਬਾਰੇ ਪਤਾ ਲੱਗਾ। ਬਾਅਦ ਵਿਚ ਉਹ ਟੋਲੀਡੋ ਤੋਂ ਰਾਈਟ ਸਟੇਟ ਯੂਨੀਵਰਸਿਟੀ, ਡੇਟਨ ਵਿਖੇ ਸਿੱਖਾਂ ਬਾਰੇ ਲਗਾਈ ਪ੍ਰਦਰਸ਼ਨੀ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਫਿਰ ਇਕ ਯੂਥ ਰਿਟਰੀਟ ਵਿਚ ਸ਼ਾਮਲ ਹੋ ਕੇ ਮੈਂ ਨੇੜਿਓਂ ਵੇਖਿਆ ਕਿ ਉਹ ਅਤੇ ਹੋਰ ਸੇਵਾਦਾਰ ਕਿਹੋ ਜਿਹਾ ਪੰਥਕ ਮਾਹੌਲ ਤਿਆਰ ਕਰ ਰਹੇ ਸਨ। ਉਸੇ ਵੇਲੇ ਮਨ ਵਿਚ ਨਿਸ਼ਚਾ ਕੀਤਾ ਕਿ ਭਵਿੱਖ ਵਿਚ ਮੇਰੇ ਬੱਚੇ ਵੀ ਇਨ੍ਹਾਂ ਕੈਂਪਾਂ ਦਾ ਹਿੱਸਾ ਬਣਨਗੇ। ਸਾਲ 2013 ਤੋਂ ਮੈਂ ਆਪਣੇ ਪੁੱਤਰ ਅਤੇ ਧੀ ਨੂੰ ਕੈਂਪ ਵਿਚ ਲੈ ਜਾਣਾ ਸ਼ੁਰੂ ਕੀਤਾ ਅਤੇ ਪਿਛਲੇ ਕਈ ਸਾਲਾਂ ਤੋਂ ਮੈਨੂੰ ਵੀ ਉਥੇ ਸੇਵਾਦਾਰ ਵਜੋਂ ਸੇਵਾ ਕਰਨ ਦਾ ਮੌਕਾ ਮਿਲ ਰਿਹਾ ਹੈ।

**ਸ. ਕੁਲਦੀਪ ਸਿੰਘ ਜੀ ਦਾ ਸੁਨੇਹਾ**

ਉਨ੍ਹਾਂ ਦੀ ਹਮੇਸ਼ਾ ਇਹ ਚਿੰਤਾ ਰਹਿੰਦੀ ਸੀ ਕਿ ਸਿਆਨਾ ਦੇ ਸਾਧਨ ਸੀਮਤ ਹਨ ਅਤੇ ਹਰ ਬੱਚੇ ਨੂੰ ਕੈਂਪ ਵਿਚ ਥਾਂ ਨਹੀਂ ਮਿਲ ਸਕਦੀ। ਇਸ ਲਈ ਉਹ ਚਾਹੁੰਦੇ ਸਨ ਕਿ ਹੋਰ ਸਿੱਖ ਜਥੇਬੰਦੀਆਂ ਅਤੇ ਪਰਿਵਾਰ ਇਨ੍ਹਾਂ ਕੈਂਪਾਂ ਤੋਂ ਸੇਧ ਲੈ ਕੇ ਆਪਣੇ ਇਲਾਕਿਆਂ ਵਿਚ ਅਜਿਹੇ ਪ੍ਰੋਗਰਾਮ ਸ਼ੁਰੂ ਕਰਨ। ਪਰਵਾਸ ਵਿਚ ਵੱਸਦੇ ਸਿੱਖ ਮਾਪਿਆਂ ਲਈ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਬੱਚਿਆਂ ਨੂੰ ਸਿੱਖੀ ਦਾ ਮਾਹੌਲ ਬਾਕਾਇਦਗੀ ਨਾਲ ਮਿਲੇ; ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣਾ ਔਖਾ ਹੋ ਜਾਵੇਗਾ।

ਸ. ਕੁਲਦੀਪ ਸਿੰਘ ਜੀ ਨੇ ਆਪਣੀ ਨੇਕ ਕਮਾਈ, ਸਮਾਂ, ਪਰਿਵਾਰ ਅਤੇ ਸਮਰੱਥਾ ਪੰਥਕ ਸੇਵਾ ਲਈ ਲਗਾਈ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਸਿਰਫ਼ ਯਾਦ ਕਰਨ ਨਾਲ ਨਹੀਂ, ਸਗੋਂ ਉਨ੍ਹਾਂ ਦੀ ਸੋਚ ਨੂੰ ਅੱਗੇ ਵਧਾਉਣ ਨਾਲ ਹੋਵੇਗੀ। ਜੇ ਹਰ ਸ਼ਹਿਰ ਅਤੇ ਹਰ ਸੰਗਤ ਆਪਣੇ ਬੱਚਿਆਂ ਲਈ ਗੁਰਮਤਿ ਸਿੱਖਿਆ, ਸੰਗਤ, ਸੇਵਾ ਅਤੇ ਪਛਾਣ ਦਾ ਜੀਵੰਤ ਮਾਹੌਲ ਬਣਾਏ, ਤਾਂ ਇਹੀ ਉਨ੍ਹਾਂ ਦੀ ਵਿਰਾਸਤ ਨੂੰ ਜਿਉਂਦਾ ਰੱਖਣ ਦਾ ਸਭ ਤੋਂ ਸੁੰਦਰ ਢੰਗ ਹੋਵੇਗਾ।

'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥

ਇਸ ਪਾਵਨ ਪੰਕਤੀ ਦੇ ਅਰਥ ਹਨ ਕਿ ਪਰਮਾਤਮਾ ਦੇ ਭਗਤ ਦੀ ਪਰਮਾਤਮਾ ਨਾਲ ਪ੍ਰੀਤ ਅੰਤ ਤੱਕ ਨਿਭਦੀ ਹੈ। ਜਿੰਨਾ ਚਿਰ ਉਹ ਜੀਵਨ ਵਿਚ ਰਹਿੰਦਾ ਹੈ, ਆਪਣੇ ਮਾਲਕ ਪ੍ਰਭੂ ਦੀ ਸੇਵਾ-ਭਗਤੀ ਕਰਦਾ ਰਹਿੰਦਾ ਹੈ ਅਤੇ ਜਗਤ ਤੋਂ ਤੁਰਨ ਵੇਲੇ ਵੀ ਪ੍ਰਭੂ ਨੂੰ ਆਪਣੇ ਚਿੱਤ ਵਿਚ ਵਸਾਈ ਰੱਖਦਾ ਹੈ। ਸ. ਕੁਲਦੀਪ ਸਿੰਘ ਜੀ ਦੀ ਜੀਵਨ-ਸੇਵਾ ਇਸ ਪਾਵਨ ਭਾਵਨਾ ਦੀ ਜੀਵੰਤ ਮਿਸਾਲ ਸੀ।

# ਨੌਜਵਾਨਾਂ ਨੂੰ ਜੇਲ੍ਹਾਂ, ਨਸ਼ਿਆਂ, ਗੈਂਗਵਾਰਾਂ ਤੇ ਆਪਸੀ ਨਸਲਕੁਸ਼ੀ ਤੋਂ ਬਚਾਉਣ ਦੀ ਲੋੜ

## ਇਕ ਕੈਦੀ ਦੀ ਪੁਕਾਰ

2024 ਵਿਚ ਮੇਰੇ ਮਾਤਾ ਪਿਤਾ ਇੰਡੀਆ ਸਨ ਕਿ ਮੇਰੀ ਮਾਂ ਨੂੰ ਹਾਰਟ ਅਟੈਕ ਆ ਗਿਆ ਤੇ ਉਹ ਹਸਪਤਾਲ ਦਾਖਲ ਸਨ। ਮੈਂ ਸਪੋਕੇਨ ਸ਼ਹਿਰ ਵਿਚ ਐਰਵੇ ਹਾਈਟਸ ਕਰੈਕਸ਼ਨ ਸੈਂਟਰ ਦੀ ਸਾਲੇਟਰੀ ਕਨਫਾਈਨਮੈਂਟ ਸੀ, ਜਿਸ ਵਿਚ 26-8 ਦੇ ਕਮਰੇ ਵਿਚ ਦੋਸ਼ੀ ਨੂੰ 23 ਤੋਂ 30 ਘੰਟਿਆਂ ਤੱਕ ਬੰਦ ਰੱਖਿਆ ਜਾਂਦਾ ਹੈ। ਜਦ ਮੇਰੀ ਕੈਨੇਡਾ ਵਸਦੀ ਭੈਣ ਨੇ ਖਬਰ ਸੁਣਾਈ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਸੈਂਟਰ ਦੇ

**ਗੁਰਕੀਰਤ ਸਿੰਘ ਕੈਂਥ**
**402055**

ਚੈਪਲਨ ਨੂੰ ਦੱਸਿਆ ਕਿ ਮੈਨੂੰ ਕਿਸੇ ਸਿੱਖ ਟੈਂਪਲ ਦਾ ਪਤਾ ਦਿਓ। ਉਸ ਨੇ ਮੈਨੂੰ ਪਤਾ ਦੇ ਦਿੱਤਾ। ਮੈਂ ਅਕਸਰ ਗੁਰੂਘਰਾਂ ਨੂੰ ਖਤ ਲਿਖਦਾ। ਕਈ ਵਾਰ ਕੈਨੇਡਾ, ਇੰਗਲੈਂਡ ਵੀ ਖਤ ਪਾਏ ਨੇ ਪਰ ਕੋਈ ਜਵਾਬ ਨਹੀਂ ਆਇਆ। ਚਰਚ ਦੇ ਪਾਦਰੀ ਅਕਸਰ ਜੇਲ੍ਹ ਵਿਚ ਆਮ ਲੋਕਾਂ ਨੂੰ ਮਿਲਦੇ, ਕਾਨਸਰਟ ਕਰਾਉਂਦੇ ਰਹਿੰਦੇ ਨੇ। ਮੈਨੂੰ ਚੈਪਲੇਨ ਕਟਾਲਡੋ AVE ਸਪੋਕਨ ਦੇ ਗੁਰੂਘਰ ਦਾ ਪਤਾ ਦਿੱਤਾ ਤੇ ਮੈਂ ਖਤ ਲਿਖਿਆ। ਮੈਂ ਅਰਦਾਸ ਕੀਤੀ ਤੇ ਤਾਤੀ ਵਾਓ ਦੇ ਪਾਠ ਕੀਤੇ। ਖਤ ਉਤੇ ਪਤਾ ਮੇਰੇ ਨਾਨਕੇ ਸੁਧਾਰ ਦਾ ਹੈ। ਉਸ ਮਿੱਟੀ ਨਾਲ ਮਨ ਦੀ ਬਹੁਤ ਡੂੰਘੀ ਸਾਂਝ ਹੈ। ਮੈਨੂੰ ਸਾਲੇਟਰੀ ਵਿਚੋਂ ਕੱਢ ਦਿੱਤਾ ਤੇ ਸਰਕਾਰ ਵਲੋਂ ਦਿੱਤੇ ਟੈਬਲੇਟ 'ਤੇ ਮੈਨੂੰ ਮੈਸੇਜ ਆ ਗਿਆ : New Visitor approved ਮਨਰਾਜ ਸਿੰਘ ਬੈਂਸ। ਮੈਂ ਸੋਚੀਂ ਪੈ ਗਿਆ ਕਿ ਇਹ ਕੌਣ ਹੈ। ਸਾਡੀ ਰਿਸ਼ਤੇਦਾਰੀ ਵਿਚ ਕੋਈ ਬੈਂਸ ਨਹੀਂ ਹੈ। ਫੇਰ ਮੈਨੂੰ ਯਾਦ ਆਇਆ ਕਿ ਮੈਂ ਗੁਰੂਘਰ ਨੂੰ ਖਤ ਲਿਖਿਆ ਸੀ ਤੇ ਖਤ ਵਿਚ ਰੱਬ ਨਾਲ ਨਾਰਾਜ਼ਗੀ ਵੀ ਪ੍ਰਗਟਾਈ ਸੀ। ਰੱਬ ਮੇਰੇ ਵਰਗੇ ਪਾਪੀਆਂ ਨੂੰ ਪਿਆਰ ਬਹੁਤ ਕਰਦਾ। ਸੋ ਮਨਰਾਜ ਵੀਰ ਨਾਲ ਗੱਲਬਾਤ ਹੋਈ ਤੇ ਮੈਂ ਸ਼ੁਕਰੀਆ ਅਦਾ ਕੀਤਾ। ਵੀਰ ਨੇ ਪੁਛਿਆ ਕਿ ਪੈਸਿਆਂ ਦੀ ਲੋੜ ਹੋਈ ਤਾਂ ਦੱਸ ਦਈਂ। ਮੈਂ ਕਿਹਾ ਪੈਸੇ ਨਹੀਂ ਚਾਹੀਦੇ, ਜੇ ਕਿਸੇ ਤਰ੍ਹਾਂ ਮੇਰੇ ਪਿਤਾ ਨਾਲ ਮੁਲਾਕਾਤ ਕਰਾ ਦੇਣ ਤਾਂ ਮੈਂ ਰਹਿੰਦੀ ਜ਼ਿੰਦਗੀ ਆਰਾਮ ਨਾਲ ਕੱਟ ਲਊਂ।

ਕਈ ਲੋਕ ਜੇਲ੍ਹਾਂ ਦੀ ਜ਼ਿੰਦਗੀ ਨੂੰ ਫਾਈਵ ਸਟਾਰ ਦੱਸਦੇ ਨੇ ਪਰ ਇਹ ਤਾਂ ਉਹੀ ਜਾਣਦਾ ਜੋ ਜੇਲ੍ਹ ਕੱਟ ਰਿਹਾ ਹੈ। ਅਮਰੀਕਾ ਦੀਆਂ ਜੇਲ੍ਹਾਂ ਵਿਚ ਭਾਰਤ ਨਾਲੋਂ ਵੀ ਵੱਧ ਪਾਲੀਟਿਕਸ ਚਲਦੀ ਹੈ। ਇੱਥੇ ਰੰਗ ਦੇ ਆਧਾਰ 'ਤੇ ਗੈਂਗਾਂ ਦੇ ਜ਼ੋਰ ਨਾਲ ਧੱਕੇਸ਼ਾਹੀ, ਸੁਸਾਈਡ ਤੇ ਕਤਲ ਆਮ ਗੱਲ ਹੈ। ਡਰੱਗ ਦੇ ਕੇ ਕਤਲ ਕਰ ਦਿੱਤਾ ਜਾਂਦਾ ਹੈ। ਜਿੱਥੇ ਇਹ ਸਾਰਾ ਕੁਝ ਹੋ ਰਿਹਾ ਹੈ, ਉਥੇ ਹੀ ਚਰਚ ਦਾ ਪਾਦਰੀ ਆ ਕੇ ਬਾਈਬਲ ਵੰਡ ਜਾਂਦਾ ਹੈ ਤੇ ਕ੍ਰਿਸਮਸ 'ਤੇ ਚਾਕਲੇਟਾਂ, ਬਿਸਕੁਟ ਤੇ ਦਸ ਕੁ ਡਾਲਰ ਸਾਰਿਆਂ ਨੂੰ ਦੇ ਜਾਂਦਾ ਹੈ। ਕਈ ਵਾਰ ਮੈਂ ਸੋਚਦਾਂ ਕਿ ਮੇਰੇ ਨਾਲ ਦੇ ਕੈਦੀਆਂ ਨੂੰ ਉਸ



ਵੀਹ ਰੁਪਏ ਵਾਲੇ ਲੰਗਰ ਦਾ ਨਹੀਂ ਪਤਾ। ਮੈਂ ਕਈ ਵਾਰ ਨਾਲਦੇ ਕੈਦੀਆਂ ਨੂੰ ਆਪਣੀ ਤਨਖਾਹ ਤੇ ਪਿਤਾ ਵਲੋਂ ਭੇਜੇ ਪੈਸਿਆਂ ਨਾਲ ਅਪਰੈਲ ਮਹੀਨੇ ਕੁਝ ਨਾ ਕੁਝ ਵੰਡ ਦਿੰਦਾ ਹਾਂ। ਜਦ ਮੈਂ ਨਵਾਂ ਆਇਆ ਸੀ ਤਾਂ ਕਈ ਵਾਰ ਦਸਤਾਰ ਸਜਾ ਲੈਂਦਾ ਸਾਂ ਤਾਂ ਮੁਸਲਮਾਨ ਕੈਦੀ ਮੈਨੂੰ ਮੁਸਲਿਮ ਸਮਝਦੇ। ਫੇਰ ਮੈਂ ਚਾਹ ਬਣਾਈ ਤੇ ਮੁਸਲਮਾਨ ਲੀਡਰ ਨਾਲ ਵਾਰਤਾਲਾਪ ਕਰਦਿਆਂ ਕੱਠਿਆਂ ਪੀਤੀ। ਮੈਂ ਉਸ ਨੂੰ ਜ਼ਫਰਨਾਮਾ ਤੇ ਸਿਮਰਨਜੀਤ ਸਿੰਘ ਦੀ ਕਿਤਾਬ 'ਲਾਈਟ ਵੀ ਗਿਵ' ਦਿੱਤੀ। ਮੇਰੇ ਨਾਲਦੇ ਸਾਰੇ ਕੈਦੀ ਹੁਣ ਸਿੱਖੀ ਤੇ ਪੰਜਾਬ ਬਾਰੇ ਜਾਣਦੇ ਨੇ।

ਜੇਲ੍ਹ ਵਿਚ ਸਾਰੇ ਧਰਮਾਂ ਦੇ ਲੋਕ ਕੈਦੀਆਂ ਨੂੰ ਕਿਤਾਬਾਂ ਆਦਿ ਦੇ ਜਾਂਦੇ ਨੇ। ਕਈ ਵਾਰ ਹਿੰਦੂ ਧਰਮ ਦੇ ਲੋਕ ਯੋਗਾ ਆਦਿ ਸਿਖਾਉਣ ਆਉਂਦੇ ਨੇ ਪਰ ਮੇਰੇ ਸਿੱਖ ਧਰਮ ਦੇ ਪੈਰੋਕਾਰਾਂ ਨੇ ਅਜੇ ਤੱਕ ਮੇਰੇ ਵਰਗਿਆਂ ਕੋਲ ਪਹੁੰਚ ਨਹੀਂ ਕੀਤੀ। ਕਈ ਸਾਲਾਂ ਤੋਂ ਮਨ ਵਿਚ ਚਾਹਤ ਹੈ ਕਿ ਕੋਈ ਮੇਰਾ ਵੀ ਮੈਨੂੰ ਮਿਲਣ ਆਵੇ।

ਮਨਰਾਜ ਵੀਰ ਨੇ ਹੌਸਲਾ ਦਿੱਤਾ। ਮੇਰੀ ਮਾਂ ਦੀ ਜਾਨ ਬਚ ਗਈ ਤੇ ਜਦ ਉਹ ਵਾਪਸ ਆਏ ਤਾਂ ਮੈਂ ਆਪਣੇ ਬਿਰਧ ਬਾਪ ਬਾਰੇ ਦੱਸਿਆ ਤੇ ਬਾਪੂ ਜੀ ਨੇ ਮਨਰਾਜ ਵੀਰ ਨੂੰ ਫੋਨ ਲਾਇਆ ਤੇ ਇਸ ਗੁਰੂਘਰ ਦੇ ਸੇਵਕ ਨੇ ਇਕ ਗਰੀਬ ਪਰਿਵਾਰ ਦਾ ਪੱਲਾ ਫੜਿਆ। ਮੇਰੀ ਜ਼ਿੰਦਗੀ ਵਿਚ ਖੁਸ਼ੀਆਂ ਬਹੁਤ ਘੱਟ ਆਈਆਂ ਹਨ। ਮੈਨੂੰ ਅਮਰੀਕਾ ਆਇਆਂ 3 ਸਾਲ ਵੀ ਨਹੀਂ ਸਨ ਹੋਏ ਕਿ ਮੈਂ ਆਪਣੇ ਸੁਪਨੇ ਕ੍ਰੈਕ ਵਾਲੀ ਪਾਈਪਲਾਈਨ ਨਾਲ ਚੂਰ ਚੂਰ ਕਰਤੇ। ਜੇਲ੍ਹ ਵਿਚ ਆਇਆ ਤਾਂ ਉਸ ਕਲਗੀਆਂ ਵਾਲੇ ਦਾ ਹੁਕਮ ਹੈ ਕਿ ਗੁਰਕੀਰਤ ਤੂੰ ਕਿਰਤ ਕਰ। ਜੋ ਖਾਣਾ ਅਸੀਂ ਗਾਰਬੇਜ ਕਰ ਦਿੰਦੇ ਹਾਂ, ਜੇਲ੍ਹ ਵਿਚ ਕੈਦੀ ਉਹ ਖਾਣਾ ਖਾਂਦੇ ਹਨ। ਮੈਡੀਕਲ ਕੇਅਰ ਵੀ ਝੂਠਾ ਵਾਅਦਾ ਹੈ। ਸਰਕਾਰ 70 ਸੈਂਟ ਨੂੰ ਨੂਡਲ ਦੇ ਪੈਕਟ, 3 ਡਾਲਰ ਨੂੰ ਚਿਪਸ ਦੇ ਪੈਕਟ ਦਿੰਦੀ ਹੈ। ਪੈਸੇ ਬਣਾਉਣ ਲਈ ਸਸਤੀਆਂ ਚੀਜ਼ਾਂ ਵੀ ਮਹਿੰਗੀਆਂ ਵੇਚੀਆਂ ਜਾਂਦੀਆਂ ਨੇ। ਮੈਂ ਨਿੱਕੀ ਉਮਰ ਤੋਂ ਹੀ ਮਾੜੇ ਕੰਮ ਕੀਤੇ। ਕਈ ਵਾਰ ਲੱਗਦਾ ਹੈ ਕਿ ਜੇ 31 ਸਾਲ ਦੀ ਸਜ਼ਾ ਨਾ ਹੁੰਦੀ ਤਾਂ ਮੇਰੀਆਂ ਕਦੇ ਅੱਖਾਂ ਹੀ ਨਹੀਂ ਸੀ ਖੁਲ੍ਹਣੀਆਂ ਤੇ ਸ਼ਾਇਦ ਮੈਂ 31 ਸਾਲ ਦੀ ਉਮਰ ਤੱਕ ਵੀ ਨਾ ਪੁੱਜ ਸਕਦਾ।

ਅਸੀਂ ਦੇਸ਼ ਨੂੰ ਛੱਡ ਪਰਦੇਸੀ ਹੋਏ ਭਾਵੇਂ ਡਾਲਰਾਂ, ਪੌਂਡਾਂ ਦੇ ਵਿਚ ਰਹਿਨੇ ਆਂ, ਅਸੀਂ ਹਾਂ ਪੰਜਾਬੀ, ਅਸੀਂ ਹਾਂ ਪੰਜਾਬੀ। ਇੱਥੇ ਮੈਂ 'ਪੰਜਾਬ ਟਾਈਮਜ਼' ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ, ਜੋ ਮੇਰੇ ਲੇਖਾਂ ਨੂੰ ਜਗ੍ਹਾ ਦਿੰਦੇ ਨੇ ਤੇ ਮੇਰੇ ਵਤਨ ਦੀ ਖੁਸ਼ਬੋ ਨੂੰ ਅਖ਼ਬਾਰ ਰਾਹੀਂ ਜੇਲ੍ਹ ਵਿਚ ਲੈ ਆਉਂਦੇ ਨੇ।

ਪੰਜਾਬ ਸਾਡਾ ਹੈ, ਭਾਵੇਂ ਚੜ੍ਹਦਾ ਹੋਵੇ ਜਾਂ ਲਹਿੰਦਾ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਨੌਜਵਾਨਾਂ ਨੂੰ ਜੇਲ੍ਹਾਂ, ਨਸ਼ਿਆਂ, ਗੈਂਗਵਾਰਾਂ ਤੇ ਆਪਸੀ ਨਸਲਕੁਸ਼ੀ ਤੋਂ ਬਚਾਈਏ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

# ਗਿਆਨ ਦਾ ਰਸਤਾ ਅਤੇ ਏ.ਆਈ.

ਰਸਤਾ ਰਾਹ ਹੁੰਦਾ ਹੈ, ਜਿੱਥੋਂ ਕਿਤੇ ਜਾਇਆ ਜਾਂ ਆਇਆ ਜਾਂਦਾ ਹੈ। ਰਸਤੇ ਦੂਰ ਨੇੜੇ ਵੀ ਹੁੰਦੇ ਹਨ ਤੇ ਸਿਧ-ਪੱਧਰੇ, ਟੇਢੇ-ਮੇਢੇ, ਉਚੇ-ਨੀਵੇਂ, ਉਭੜ-ਖੁਭੜ ਤੇ ਉਜਾੜ-ਬੀਆਬਾਨ ਵੀ। ਬਿਲਕੁਲ ਸਿਧੇ ਰਸਤੇ ਨੂੰ ਕਾਂ ਉਡਾਰੀ (crow flight) ਕਿਹਾ ਜਾਂਦਾ ਹੈ। ਕਿਉਂਕਿ, ਕਹਿੰਦੇ ਹਨ, ਪੁਰਾਣੇ ਸਮਿਆਂ ਵਿਚ ਸਮੁੰਦਰੀ ਜਹਾਜ਼ਾਂ ਵਿਚ ਕਾਂ ਰੱਖੇ ਜਾਂਦੇ ਸਨ। ਜਦ ਕਿਤੇ ਪਤਾ ਨਹੀਂ ਸੀ ਲਗਦਾ ਕਿ ਧਰਤੀ ਕਿੱਧਰ ਹੈ ਤਾਂ ਕਾਂ ਛੱਡ ਦਿਤਾ ਜਾਂਦਾ ਸੀ। ਕਾਂ ਏਨਾ ਸਿਆਣਾ ਸਮਝਿਆ ਜਾਂਦਾ ਸੀ ਕਿ ਉਹ ਇਕਦਮ ਉਸੇ ਪਾਸੇ ਉਡਾਰੀ ਮਾਰਦਾ ਸੀ ਜਿਧਰ ਧਰਤੀ ਹੁੰਦੀ ਸੀ। ਫਿਰ ਉਸਨੂੰ ਦੇਖ ਕੇ ਉਸੇ ਪਾਸੇ ਜਹਾਜ਼ ਤੋਰ ਲਿਆ ਜਾਂਦਾ ਸੀ। ਕਿਸੇ ਰਸਤੇ ਦੀ ਨੇੜਤਾ ਦੱਸਣੀ ਹੋਵੇ ਤਾਂ ਰੋੜਾ ਸੁਟਣ ਦਾ ਮੁਹਾਵਰਾ ਵਰਤਿਆ ਜਾਂਦਾ ਹੈ ਕਿ ਫਲਾਣੀ ਥਾਂ ਕਿਸੇ ਥਾਂ ਤੋਂ ਏਨੀ ਦੂਰ ਹੈ ਜਿਥੇ ਰੋੜਾ ਸੁੱਟਿਆ ਜਾ ਸਕੇ।

ਰਸਤੇ ਦਿਲ ਤੇ ਦਿਮਾਗ ਦੇ ਵੀ ਹੁੰਦੇ ਹਨ। ਜਦ ਅਸੀਂ ਕਿਸੇ ਸਮੱਸਿਆ ਦੇ ਹੱਲ ਬਾਰੇ ਸੋਚਦੇ ਹਾਂ ਤਾਂ ਅਕਸਰ ਅਜਿਹਾ ਹੁੰਦਾ ਹੈ ਕਿ ਜੇ ਸਮੱਸਿਆ

**ਅਵਤਾਰ ਸਿੰਘ (ਪ੍ਰੋ.)**
ਫੋਨ: +91-94175-18384

ਕਿਸੇ ਹੋਰ ਦੀ ਹੋਵੇ ਤਾਂ ਅਸੀਂ ਝੱਟ ਉਸਦਾ ਹੱਲ ਦੱਸ ਦਿੰਦੇ ਹਾਂ। ਕਿਸੇ ਵੀ ਹੱਲ ਵਿਚ ਗਲਤ ਹੋਣ ਦਾ ਰਿਸਕ ਹੁੰਦਾ ਹੈ। ਇਸ ਲਈ ਦੂਜੇ ਦੇ ਰਿਸਕ ਬਾਰੇ ਅਸੀਂ ਬਹੁਤਾ ਨਹੀਂ ਸੋਚਦੇ। ਪਰ ਜੇ ਸਮੱਸਿਆ ਆਪਣੀ ਹੋਵੇ ਤਾਂ ਉਸਦਾ ਹੱਲ ਲੱਭਣਾ ਮੁਸ਼ਕਲ ਹੁੰਦਾ ਹੈ। ਕਿਉਂਕਿ ਹਰ ਹੱਲ ਵਿਚ ਕੁਝ ਨਾ ਕੁਝ ਰਿਸਕ ਛੁਪਿਆ ਹੁੰਦਾ ਹੈ, ਜਿਸ ਕਰਕੇ ਅਸੀਂ ਆਪਣੀ ਮੁਸ਼ਕਲ ਬਾਰੇ ਸੋਚਦੇ ਸੋਚਦੇ ਦੁਬਿਧਾ ਵਿਚ ਪੈ ਜਾਂਦੇ ਹਾਂ। ਅਸਲ ਵਿਚ ਦੁਬਿਧਾ ਕਿਸੇ ਸਮੱਸਿਆ ਦੇ ਦੋ ਹੱਲ ਹੁੰਦੀ ਹੈ। ਕਿਸੇ ਵੀ ਹੱਲ ਵਿਚ ਕਿਸੇ ਮੁਸ਼ਕਲ ਦਾ ਪੂਰਨ ਸਮਾਧਾਨ ਨਹੀਂ ਹੁੰਦਾ ਤੇ ਅਸੀਂ ਪੂਰਨ ਸਮਾਧਾਨ ਚਾਹ ਰਹੇ ਹੁੰਦੇ ਹਾਂ। ਅਧੂਰੇ ਸਮਾਧਾਨ ਸਾਨੂੰ ਪਸੰਦ ਨਹੀਂ ਹੁੰਦੇ। ਇਸ ਕਰਕੇ ਸਾਨੂੰ ਲਗਦਾ ਹੈ ਕਿ ਸਾਡੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ।

ਦਰੀਦਾ ਨੇ ਇਸਨੂੰ ਅਪੋਰੀਆ (aporia) ਕਿਹਾ ਹੈ। ਯੂਨਾਨ ਵਿਚ ਅਪੋਰੀਆ ਨੂੰ ਇਕ ਆਤਮਾ ਮੰਨਿਆ ਜਾਂਦਾ ਹੈ, ਜੋ ਹਮੇਸ਼ਾ ਦੁਬਿਧਾ ਵਿਚ ਰਹਿੰਦੀ ਹੈ ਤੇ ਕੋਈ ਵੀ ਫੈਸਲਾ ਨਹੀਂ ਕਰ ਸਕਦੀ। ਉਸਦੀ ਇਕ ਗਰੀਬ ਸਹੇਲੀ ਪੀਨੀਆ ਹੈ ਜੋ ਬੜੀ ਚੁਸਤ ਪਰ ਗਰੀਬ ਹੈ। ਇਕ ਉਸਦਾ ਵਿਰੋਧੀ ਪੋਰਸ ਹੈ ਜੋ ਬੜਾ ਅਮੀਰ ਪਰ ਸੁਸਤ ਹੈ।

ਜਦ ਦੇਵਤੇ ਕੋਈ ਸਮਾਗਮ ਕਰ ਰਹੇ ਸਨ ਤਾਂ ਅਪੋਰੀਆ ਦੀ ਗਰੀਬ ਸਹੇਲੀ ਪੀਨੀਆਂ ਹਿੰਮਤ ਕਰਕੇ ਉਥੇ ਮੰਗਣ ਚਲੀ ਗਈ। ਉਸਨੇ ਦੇਖਿਆ ਕਿ ਅਮੀਰ ਪੋਰਸ ਇਕ ਰੁਖ ਹੇਠ ਸੁਸਤੀ ਦੀ ਹਾਲਤ ਵਿਚ ਉਂਘ ਰਿਹਾ ਹੈ। ਉਸਨੂੰ ਦੇਖ ਕੇ ਪੀਨੀਆਂ ਨੇ ਚੁਸਤੀ ਮਾਰੀ ਤੇ ਉਸ ਨਾਲ ਜਾ ਕੇ ਸੌਂ ਗਈ ਤੇ ਸਰੀਰਕ ਸਬੰਧ ਬਣਾ ਲਏ। ਫਿਰ ਪੋਰਸ ਤੋਂ ਪੀਨੀਆਂ ਦੇ ਬੱਚਾ ਹੋਇਆ ਜਿਸਦਾ ਨਾਂ ਉਸਨੇ ਪਿਆਰ (eross) ਰੱਖਿਆ। ਪਿਆਰ ਦੀ ਮਾਂ ਚੁਸਤ ਹੈ ਪਰ ਗਰੀਬ ਹੈ, ਪਿਓ ਅਮੀਰ ਹੈ ਪਰ ਸੁਸਤ ਹੈ। ਇਸ ਲਈ ਪਿਆਰ ਹਮੇਸ਼ਾ ਦੁਬਿਧਾ ਵਿਚ ਪਿਆ ਰਹਿੰਦਾ ਹੈ ਤੇ ਉਸਨੂੰ ਕਦੇ ਵੀ ਅੱਗੇ ਵਧਣ ਲਈ ਰਾਹ ਨਹੀਂ ਲੱਭਦਾ। ਕਿਉਂਕਿ ਪਿਆਰ ਉਸ ਮਾਂ ਪਿਓ ਦਾ ਬੱਚਾ ਹੈ, ਜਿਸਦੀ ਮਾਂ ਚੁਸਤ ਹੈ ਪਰ ਗਰੀਬ ਹੈ ਤੇ ਪਿਓ ਅਮੀਰ ਹੈ ਪਰ ਸੁਸਤ ਹੈ। ਅਸਲ ਵਿਚ ਇਸ ਅਵਸਥਾ ਨੂੰ ਹੀ ਅਪੋਰੀਆ ਕਹਿੰਦੇ ਹਨ, ਜਿੱਥੋਂ ਅੱਗੇ ਵਧਣ ਦਾ ਕੋਈ ਰਾਹ ਨਾ ਹੋਵੇ। ਚੁਸਤੀ ਦਾ ਰਾਹ ਗਰੀਬੀ ਘੇਰ ਲੈਂਦੀ ਹੈ ਤੇ ਅਮੀਰੀ ਵਿਚ ਸੁਸਤੀ ਰੁਕਾਵਟ ਬਣ ਜਾਂਦੀ ਹੈ।

ਪਲੈਟੋ ਆਪਣੇ ਗਿਆਨ ਮਾਰਗ ਵਿਚ ਅਪੋਰੀਆ ਸ਼ਬਦ ਦੀ ਵਰਤੋਂ ਕਰਦਾ ਹੈ। ਉਸਦਾ ਮਤਲਬ ਇਹ ਬਿਲਕੁਲ ਨਹੀਂ ਕਿ ਸਮੱਸਿਆ ਦਾ ਸਮਾਧਾਨ ਨਹੀਂ ਹੁੰਦਾ। ਉਹ ਮੰਨਦਾ ਹੈ ਕਿ ਬੇਸ਼ਕ ਹਰ ਸਮੱਸਿਆ ਦਾ ਸਮਾਧਾਨ ਹੁੰਦਾ ਹੈ ਪਰ ਇਹ ਬੇਹੱਦ ਮੁਸ਼ਕਲ ਹੁੰਦਾ ਹੈ; ਏਨਾ ਮੁਸ਼ਕਲ ਕਿ ਆਮ ਲੋਕਾਂ ਨੂੰ ਲਗਦਾ ਹੈ ਕਿ ਮੁਸ਼ਕਲ ਦਾ ਹੱਲ ਨਹੀਂ ਹੁੰਦਾ। ਆਪਣੇ ਜੀਵਨ ਵਿਚ ਅਸੀਂ ਬਹੁਤ ਲੋਕ ਅਜਿਹੇ ਦੇਖਦੇ ਹਾਂ, ਜਿਹੜੇ ਹਰ ਸਮੱਸਿਆ ਦਾ ਇਕਦਮ ਹੱਲ ਦੱਸ ਦਿੰਦੇ ਹਨ। ਅਸਲ ਵਿਚ ਅਜਿਹੇ ਲੋਕ ਇਕ ਪਾਸੜ ਸੋਚ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਦੂਜਾ ਪਾਸਾ ਨਜ਼ਰ ਹੀ ਨਹੀਂ ਆਉਂਦਾ। ਇਸ ਕਰਕੇ ਅਜਿਹੇ ਲੋਕ ਕਦੇ ਵੀ ਦੁਬਿਧਾ ਦੇ ਸ਼ਿਕਾਰ ਨਹੀਂ ਹੁੰਦੇ ਤੇ ਇਸ ਕਰਕੇ ਹੀ ਹਮੇਸ਼ਾ ਸੁਖੀ ਰਹਿੰਦੇ ਹਨ। ਪਰ ਇਹ ਲੋਕ ਸਿਆਣੇ ਨਹੀਂ ਹੁੰਦੇ, ਬਲਕਿ ਮੂਰਖ ਹੁੰਦੇ ਹਨ ਤੇ ਮੂਰਖਾਂ ਬਾਰੇ ਹੀ ਕਿਹਾ ਗਿਆ ਹੈ: ਮੂਰਖ ਲੋਕ ਸਦਾ ਸੁਖ ਸੌਂਦੇ, ਦੁਖ ਨਾ ਜਾਣਨ ਕੈਸਾ।

ਜਿਹੜੇ ਲੋਕ ਮੂਰਖ ਨਹੀਂ ਹੁੰਦੇ ਉਹ ਸਧਾਰਣ ਬੁੱਧੀ ਵਾਲੇ ਹੁੰਦੇ ਹਨ ਤੇ ਉਹ ਹਮੇਸ਼ਾ ਦੋਵੇਂ ਪਾਸਿਆਂ ਬਾਰੇ ਸੋਚਦੇ ਰਹਿੰਦੇ ਹਨ। ਉਹ ਹਮੇਸ਼ਾ ਉਥੇ ਜਾ ਕੇ ਰੁਕ ਜਾਂਦੇ ਹਨ, ਜਿਸਤੋਂ ਅੱਗੇ ਉਨ੍ਹਾਂ ਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ। ਇਹ ਲੋਕ ਹਮੇਸ਼ਾ ਫਿਕਰਾਂ



ਵਿਚ ਘਿਰੇ ਰਹਿੰਦੇ ਹਨ ਤੇ ਦੁਖੀ ਰਹਿੰਦੇ ਹਨ। ਕਿਉਂਕਿ ਚਿੰਤਾ ਤੇ ਚਿਤਾ ਵਿਚ ਬਹੁਤਾ ਫਰਕ ਨਹੀਂ ਹੁੰਦਾ ਬਲਕਿ ਇਕ ਹੀ ਗੱਲ ਹੁੰਦੀ ਹੈ।

ਤੀਜੀ ਕਿਸਮ ਦੇ ਲੋਕ ਅਸਧਾਰਣ ਬੁੱਧੀ ਦੇ ਮਾਲਕ ਹੁੰਦੇ ਹਨ ਤੇ ਬਹੁਤ ਥੋੜ੍ਹੇ ਹੁੰਦੇ ਹਨ। ਇਹ ਲੋਕ ਅਸਲ ਸਿਆਣੇ, ਦਾਨੇ ਅਤੇ ਦਾਨਿਸ਼ਵਰ ਹੁੰਦੇ ਹਨ। ਜਿਥੇ ਸਧਾਰਣ ਲੋਕਾਂ ਦੀ ਸੋਚ ਰੁਕ ਜਾਂਦੀ ਹੈ ਇਹ ਉਥੋਂ ਸ਼ੁਰੂ ਕਰਦੇ ਹਨ। ਇਸ ਕਰਕੇ ਪਲੈਟੋ ਆਪਣੇ ਵਿਦਿਆਰਥੀਆਂ ਨੂੰ ਸਿਖਾਉਂਦਾ ਸੀ ਕਿ ਪਹਿਲਾਂ ਉਥੇ ਪੁੱਜੋ, ਜਿਥੇ ਤੁਹਾਨੂੰ ਲੱਗੇ ਕਿ ਮੈਨੂੰ ਕੁਝ ਨਹੀਂ ਪਤਾ ਤੇ ਜਿਥੋਂ ਅੱਗੇ ਤੁਹਾਨੂੰ ਕੋਈ ਰਾਹ ਨਜ਼ਰ ਨਾ ਆਵੇ। ਇਸ ਅਪੋਰੀਆ 'ਤੇ ਪੁੱਜ ਕੇ ਫਿਰ ਸੋਚੋ ਤੇ ਅੱਗੇ ਵਧੋ। ਫਿਰ ਜਾ ਕੇ ਤੁਹਾਨੂੰ ਸਮੱਸਿਆ ਦਾ ਹੱਲ ਲੱਭੇਗਾ। ਇਹ ਗੱਲ ਕਹਿਣ ਨੂੰ ਜਿੰਨੀ ਸੌਖੀ ਲਗਦੀ ਹੈ ਓਨੀ ਹੈ ਨਹੀਂ। ਕਿਉਂਕਿ ਪਹਿਲਾਂ ਤਾਂ ਅਪੋਰੀਆ ਵਾਲੀ ਅਵਸਥਾ ਵਿਚ ਪੁੱਜਣਾ ਹੀ ਬੇਹੱਦ ਮੁਸ਼ਕਲ ਹੁੰਦਾ ਹੈ।

ਪਲੈਟੋ ਦੇ ਗੁਰੂ ਸੁਕਰਾਤ ਦਾ ਮੰਨਣਾ ਸੀ ਕਿ ਮੈਨੂੰ ਇਕ ਗੱਲ ਦਾ ਪਤਾ ਹੈ ਕਿ ਮੈਨੂੰ ਕੁਝ ਨਹੀਂ ਪਤਾ। ਉਹ ਕਹਿੰਦਾ ਸੀ ਕਿ ਜਿਹੜੇ ਲੋਕ ਸਮਝਦੇ ਹਨ ਕਿ ਉਨ੍ਹਾਂ ਨੂੰ ਬਹੁਤ ਕੁਝ ਪਤਾ ਹੈ, ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਨੂੰ ਕੁਝ ਨਹੀਂ ਪਤਾ। ਸੁਕਰਾਤ ਕਹਿੰਦਾ ਸੀ ਕਿ ਮੈਂ ਇਸ ਕਰਕੇ ਸਿਆਣਾ ਨਹੀਂ ਹਾਂ ਕਿ ਮੈਨੂੰ ਬਹੁਤ ਪਤਾ ਹੈ। ਬਲਕਿ ਇਸ ਕਰਕੇ ਸਿਆਣਾ ਹਾਂ ਕਿ ਮੈਨੂੰ ਇਹ ਪਤਾ ਹੈ ਕਿ ਮੈਨੂੰ ਕੁਝ ਨਹੀਂ ਪਤਾ। ਗੁਰੂ ਨਾਨਕ ਵੀ ਜ਼ਰੂਰ ਇਸ ਸਿੱਟੇ 'ਤੇ ਪੁੱਜੇ ਹੋਣਗੇ। ਇਸ ਲਈ ਹੀ ਉਨ੍ਹਾਂ ਨੇ ਕਿਹਾ: ਹਉ ਭਾਲਿ ਵਿਕੁੰਨੀ ਹੋਈ॥ ਅਧੇਰੈ ਰਾਹੁ ਨ ਕੋਈ॥

ਬੇਸ਼ਕ ਇਹ ਕਹਿਣ ਵਾਲੇ ਲੋਕ ਸਾਨੂੰ ਬਹੁਤ ਮਿਲ ਜਾਣਗੇ ਜੋ ਕਹਿਣ 'ਮੈਨੂੰ ਕੁਝ ਨਹੀਂ ਪਤਾ', ਪਰ ਇਹ ਲੋਕ ਉਹ ਹੁੰਦੇ ਹਨ ਜਿਹੜੇ ਇਸ ਅਵਸਥਾ ਵਿਚ ਪੁੱਜੇ ਬਿਨਾ ਹੀ ਹਾਰ ਮੰਨ ਚੁੱਕੇ ਹੁੰਦੇ ਹਨ। ਇਸ ਲਈ ਅਜਿਹੇ ਲੋਕਾਂ ਵਲੋਂ ਮੈਨੂੰ ਕੁਝ ਨਹੀਂ ਪਤਾ ਕਹਿਣ ਦਾ ਕੋਈ ਅਰਥ ਨਹੀਂ ਹੁੰਦਾ। ਸੁਕਰਾਤ ਜਾਂ ਗੁਰੂ ਨਾਨਕ ਇਹ ਗੱਲ ਕਹਿਣ ਤਾਂ ਗੱਲ ਬਣਦੀ ਹੈ। ਕਿਉਂਕਿ ਇਹ ਲੋਕ ਸੋਚ ਸੋਚ ਕੇ ਪਹਿਲਾਂ ਉਥੇ ਪੁੱਜ ਜਾਂਦੇ ਹਨ, ਜਿਥੇ ਜਾ ਕੇ ਚੁੱਪ ਚੰਗੀ ਲਗਣ ਲੱਗ ਪੈਂਦੀ ਹੈ। ਇਹ ਗੱਲ ਵੀ ਸਾਨੂੰ ਗੁਰੂ ਨਾਨਕ ਨੇ ਹੀ ਦੱਸੀ: ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥

ਸੁਕਰਾਤ ਤੇ ਗੁਰੂ ਨਾਨਕ ਇਸ ਚੁੱਪ 'ਤੇ ਆ ਕੇ ਚੁੱਪ ਨਹੀਂ ਕਰਦੇ, ਬਲਕਿ ਅੱਗੇ ਤੁਰਦੇ ਹਨ ਤੇ ਜੁ ਕੁਝ ਕਹਿੰਦੇ ਹਨ ਉਹ ਧੁਰ ਕੀ ਬਾਣੀ ਹੁੰਦੀ ਹੈ। ਇਹ ਧੁਰ ਕੀ ਬਾਣੀ ਵੀ ਸਾਨੂੰ ਸਧਾਰਣ ਲੋਕਾਂ ਨੂੰ ਉਸ ਚੁੱਪ ਵੱਲ ਲੈ ਕੇ ਜਾਂਦੀ ਹੈ, ਜਿੱਥੋਂ ਜਾ ਕੇ ਸੋਚ ਦਾ ਅਸਲੀ ਸਫਰ ਸ਼ੁਰੂ ਹੁੰਦਾ ਹੈ। ਸੰਸਾਰ ਵਿਚ ਅਜਿਹੇ ਲੋਕ 'ਕੋਟਨ ਮਹਿ ਕੋਊ' ਹੁੰਦੇ ਹਨ, ਜਿਨ੍ਹਾਂ ਦੇ ਕਹੇ ਦਾ ਕੋਈ ਅਰਥ ਹੁੰਦਾ ਹੈ। ਨਹੀਂ ਤਾਂ ਹਰ ਜਣਾ ਖਣਾ ਕੁਝ ਨਾ ਕੁਝ ਕਹੀ ਜਾਂਦਾ ਹੈ। ਗੁਰੂ ਨਾਨਕ ਨੇ ਕਿਹਾ ਸੀ 'ਕਿਛੁ ਸੁਣੀਐ ਕਿਛੁ ਕਹੀਐ'। ਗੁਰੂ ਨਾਨਕ ਦੇ ਇਸ ਕਥਨ ਦਾ ਇਹ ਅਰਥ 'ਜੋ ਮਰਜ਼ੀ ਕਹੀਐ' ਬਿਲਕੁਲ ਨਹੀਂ ਹੈ। ਉਹ ਕੁਝ (something) ਕਹਿਣ ਦੀ ਗੱਲ ਕਰਦੇ ਹਨ ਜੋ ਮਰਜ਼ੀ (anything) ਕਹਿਣ ਦੀ ਗੱਲ ਨਹੀਂ ਕਰਦੇ।

ਪੰਜਾਬ ਵਿਚ ਅਜਕਲ ਥਾਂ ਥਾਂ ਸੈਮੀਨਾਰ ਹੋ ਰਹੇ ਹਨ ਤੇ ਹਰ ਕੋਈ ਪਰਚੇ ਬੋਲੀ ਜਾ ਰਿਹਾ ਹੈ ਤੇ ਲਿਖੀ ਜਾ ਰਿਹਾ ਹੈ। ਕਿਸੇ ਨੂੰ ਟੋਕੋ ਤਾਂ ਅੱਗਿਓਂ 'ਕਿਛੁ ਸੁਣੀਐ ਕਿਛੁ ਕਹੀਐ' ਸੁਣਾ ਦਿੰਦਾ ਹੈ। ਏ.ਆਈ. 'ਤੇ ਸੈਮੀਨਾਰ ਹੋ ਰਹੇ ਹਨ, ਰਸਾਲੇ ਛਪ ਰਹੇ ਹਨ ਤੇ ਕਿਤਾਬਾਂ ਲਿਖੀਆਂ ਜਾ ਰਹੀਆਂ। ਕਈ ਸੱਜਣ ਤਾਂ ਸੁਰਜੀਤ ਪਾਤਰ ਦੇ ਚਲੇ ਜਾਣ ਬਾਅਦ ਕਵੀ ਵੀ ਬਣ ਗਏ ਹਨ। ਉਹ ਆਪਣੇ ਆਪ ਨੂੰ ਏ.ਆਈ. ਮਾਹਿਰ ਸਮਝਣ ਲੱਗ ਪਏ ਹਨ ਤੇ ਏ.ਆਈ. ਦੀ ਮੱਦਦ ਨਾਲ ਰੋਜ਼ ਕਵਿਤਾ ਲਿਖਦੇ ਹਨ ਤੇ ਪਾਤਰ ਸਾਹਿਬ ਦੀ ਗੈਰਹਾਜ਼ਰੀ ਦਾ ਲੋੜੋਂ ਵੱਧ ਨਜਾਇਜ਼ ਫਾਇਦਾ ਲੈ ਰਹੇ ਹਨ। ਉਹ ਆਪਣੇ ਆਪ ਨੂੰ ਏ.ਆਈ. ਦੇ ਸੁਕਰਾਤ ਹੀ ਸਮਝਣ ਲਗ ਪਏ ਹਨ।

ਅਸੀਂ ਆਮ ਦੇਖ ਸਕਦੇ ਹਾਂ ਕਿ ਜਿਹਨੂੰ ਕਾਰ ਚਲਾਉਣੀ ਆ ਜਾਵੇ ਉਹ ਆਪਣੇ-ਆਪ ਨੂੰ ਕਾਰ ਦਾ ਮਕੈਨਿਕ ਹੀ ਨਹੀਂ ਬਲਕਿ ਇੰਜੀਨੀਅਰ ਸਮਝਣ ਲੱਗ ਪੈਂਦਾ ਹੈ। ਜਿਹਨੂੰ ਮੁਬਾਇਲ ਚਲਾਉਣਾ ਆ ਜਾਵੇ ਉਹ ਆਪਣੇ ਆਪ ਨੂੰ ਮੁਬਾਇਲ ਦਾ ਮਕੈਨਿਕ ਹੀ ਨਹੀਂ, ਇੰਜੀਨੀਅਰ ਸਮਝਣ ਲਗ ਪੈਂਦਾ ਹੈ। ਜਦਕਿ ਕਾਰ ਚਲਾਉਣ ਵਾਲਾ ਡਰਾਈਵਰ ਹੁੰਦਾ ਹੈ, ਠੀਕ ਕਰਨ ਵਾਲਾ ਮਕੈਨਿਕ ਤੇ ਬਣਾਉਣ ਵਾਲਾ ਇੰਜੀਨੀਅਰ ਹੁੰਦਾ ਹੈ। ਇਸੇ ਤਰ੍ਹਾਂ ਮੁਬਾਇਲ ਠੀਕ ਕਰਨ ਵਾਲਾ ਮਕੈਨਿਕ ਤੇ ਬਣਾਉਣ ਵਾਲਾ ਇੰਜੀਨੀਅਰ ਹੁੰਦਾ ਹੈ। ਪਰ ਸਾਡੇ ਇਥੇ ਜਿਨ੍ਹਾਂ ਨੂੰ ਏ.ਆਈ. ਨਾਲ ਕਵਿਤਾ ਲਿਖਣੀ ਆ ਗਈ, ਉਹ ਏ.ਆਈ. ਦੇ ਮਕੈਨਿਕ ਵੀ ਨਹੀਂ, ਬਲਕਿ ਇੰਜੀਨੀਅਰ ਬਣੀ ਫਿਰਦੇ ਹਨ ਤੇ ਹਰ ਸੈਮੀਨਾਰ ਵਿਚ ਇਸਤਰਾਂ ਫਿਰਦੇ ਹਨ ਜਿਵੇਂ ਐਲਿਨ ਟਿਊਰਿੰਗ ਦੇ ਵੀ ਬਾਪ ਹੋਣ।

ਸਾਡੇ ਸਮਿਆਂ ਦਾ ਵੱਡਾ ਵਿਦਵਾਨ ਯੁਵਲ ਨੋਆਹ ਹਰਾਰੀ ਹੈ, ਜਿਸਦੀ ਕਿਤਾਬ 'ਸੇਪੀਅਨਜ਼' ਬੇਹੱਦ ਚਰਚਾ ਵਿਚ ਹੈ। ਇਹ ਕਿਤਾਬ ਏਨੀ ਵਿਕ ਰਹੀ ਹੈ ਕਿ ਪੈਂਹਟ ਭਾਸ਼ਾਵਾਂ ਵਿਚ ਇਸਦਾ ਅਨੁਵਾਦ ਹੋ ਚੁੱਕਾ ਹੈ। ਹਰਾਰੀ ਜਿਹੇ ਵਿਦਵਾਨ ਕੋਟਨ ਮਹਿ ਕੋਊ ਹੁੰਦੇ ਹਨ, ਜਿਹੜੇ ਅਪੋਰੀਆ ਪਾਰ ਕਰ ਜਾਂਦੇ ਹਨ ਤੇ ਫਿਰ ਜਾ ਕੇ ਕੁਝ ਕਹਿੰਦੇ ਹਨ। ਅਜਿਹੇ ਲੋਕਾਂ ਦਾ ਕੁਝ ਕਹਿਣ ਦਾ ਹੱਕ ਵੀ ਹੁੰਦਾ ਹੈ ਤੇ ਫਰਜ਼ ਵੀ ਬਣਦਾ ਹੈ। ਹਰਾਰੀ ਸਾਨੂੰ ਲਗਾਤਾਰ ਏ.ਆਈ. ਦੇ ਖਤਰਿਆਂ ਬਾਰੇ ਸੁਚੇਤ ਕਰਦਾ ਆ ਰਿਹਾ ਹੈ। ਪਰ ਸਾਡੇ ਉਹ ਲੋਕ ਹੁੱਬ ਕੇ ਏ.ਆਈ. ਦੇ ਸੋਹਲੇ ਗਾ ਰਹੇ ਹਨ, ਜਿਨ੍ਹਾਂ ਨੂੰ ਏ.ਆਈ. ਨਾਲ ਸਿਰਫ ਕਵਿਤਾ ਲਿਖਣੀ ਆ ਗਈ ਹੈ।

# ਪੂਰਬ ਦਾ ਗਿਆਨ ਅਤੇ ਪੱਛਮ ਦੀ ਪ੍ਰਸਿੱਧੀ: ਭਾਰਤੀ ਬੌਧਿਕ ਵਿਰਾਸਤ ਦਾ ਸੰਕਟ

***ਭਾਰਤ ਦੀ ਬੌਧਿਕ ਵਿਰਾਸਤ ਸਿਰਫ ਅਤੀਤ ਦੀ ਸ਼ਾਨ ਨਹੀਂ ਸਗੋਂ ਭਵਿੱਖ ਦੀ ਸੰਭਾਵਨਾ ਵੀ ਹੈ ਪਰ ਇਹ ਤਦ ਹੀ ਸੰਭਵ ਹੈ ਜਦੋਂ ਭਾਰਤੀ ਨੌਜਵਾਨ ਅਤੇ ਬੁੱਧੀਜੀਵੀ ਆਪਣੀ ਮਿੱਟੀ ਦੇ ਗਿਆਨ ਨੂੰ ਸਮਝਣ ਅਤੇ ਉਸਦੀ ਆਧੁਨਿਕ ਪ੍ਰਸੰਗਿਕਤਾ ਨੂੰ ਖੋਜਣ ਦੀ ਕੋਸ਼ਿਸ਼ ਕਰਨ। ਪੂਰਬ ਦਾ ਸੰਕਟ ਗਿਆਨ ਦੀ ਕਮੀ ਨਹੀਂ ਸਗੋਂ ਆਪਣੇ ਗਿਆਨ ਉੱਤੇ ਵਿਸ਼ਵਾਸ ਦੀ ਕਮੀ ਹੈ। ਪੱਛਮ ਨੇ ਆਪਣੇ ਵਿਚਾਰਾਂ ਨੂੰ ਵਿਸ਼ਵ ਪੱਧਰ ਉੱਤੇ ਸਥਾਪਿਤ ਕੀਤਾ ਜਦਕਿ ਪੂਰਬ ਨੇ ਆਪਣੀ ਵਿਰਾਸਤ ਨੂੰ ਆਪ ਹੀ ਭੁੱਲਣਾ ਸ਼ੁਰੂ ਕਰ ਦਿੱਤਾ। ਜੇ ਭਾਰਤ ਨੂੰ ਆਪਣੀ ਅਸਲ ਬੌਧਿਕ ਪਹਿਚਾਣ ਦੁਬਾਰਾ ਪ੍ਰਾਪਤ ਕਰਨੀ ਹੈ ਤਾਂ ਉਸਨੂੰ ਆਪਣੇ ਪ੍ਰਾਚੀਨ ਗਿਆਨ ਅਤੇ ਆਧੁਨਿਕ ਵਿਗਿਆਨ ਦੇ ਵਿਚਕਾਰ ਨਵਾਂ ਸੰਵਾਦ ਸਥਾਪਿਤ ਕਰਨਾ ਹੋਵੇਗਾ। ਇਹੀ ਭਾਰਤੀ ਚੇਤਨਾ ਦੇ ਨਵੇਂ ਪੁਨਰਜਾਗਰਣ ਦਾ ਰਸਤਾ ਹੋ ਸਕਦਾ ਹੈ।***

ਮਨੁੱਖੀ ਸਭਿਆਚਾਰ ਦੇ ਇਤਿਹਾਸ ਵਿਚ ਗਿਆਨ, ਦਰਸ਼ਨ ਅਤੇ ਵਿਗਿਆਨ ਦੀ ਸਭ ਤੋਂ ਪ੍ਰਾਚੀਨ ਧਾਰਾ ਪੂਰਬ ਤੋਂ ਹੀ ਪ੍ਰਭਾਵਿਤ ਹੋਈ ਹੈ। ਭਾਰਤ, ਚੀਨ ਅਤੇ ਹੋਰ ਪੂਰਬੀ ਸਭਿਆਚਾਰਾਂ ਨੇ ਉਸ ਸਮੇਂ ਗਿਆਨ ਦੇ ਉੱਚੇ ਸਿਧਾਂਤਾਂ ਦੀ ਖੋਜ ਕੀਤੀ ਜਦੋਂ ਪੱਛਮੀ ਸੰਸਾਰ ਅਜੇ ਅਧੂਰੀ ਸਮਾਜਿਕ ਅਤੇ ਬੌਧਿਕ ਅਵਸਥਾ ਵਿਚ ਸੀ। ਭਾਰਤ ਖਾਸ ਤੌਰ 'ਤੇ ਉਹ ਧਰਤੀ ਰਿਹਾ ਹੈ ਜਿੱਥੇ ਦਰਸ਼ਨ, ਗਣਿਤ, ਯੋਗ, ਚਿਕਿਤਸਾ, ਖਗੋਲ ਵਿਗਿਆਨ ਅਤੇ ਆਤਮਿਕਤਾ ਦੇ ਅਜਿਹੇ ਸਿਧਾਂਤ ਉਭਰੇ, ਜਿਨ੍ਹਾਂ ਦਾ ਪ੍ਰਭਾਵ ਪੂਰੀ ਮਨੁੱਖਤਾ



**ਗੁਰਤੇਜ ਸਿੰਘ ਕੱਟੂ**
**ਫੋਨ: 98155-94197**

ਉੱਤੇ ਪਿਆ।

ਪਰ ਇਤਿਹਾਸ ਦਾ ਇੱਕ ਦੁਖਦਾਈ ਪੱਖ ਇਹ ਵੀ ਰਿਹਾ ਹੈ ਕਿ ਪੱਛਮ ਨੇ ਹਮੇਸ਼ਾਂ ਪੂਰਬ ਨੂੰ ਇੱਕ ਪਿੱਛੜੇ ਅਤੇ ਅਵਿਗਿਆਨਕ ਸਮਾਜ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਉਪਨਿਵੇਸ਼ਵਾਦ ਸਿਰਫ ਰਾਜਨੀਤਿਕ ਕਬਜ਼ਾ ਨਹੀਂ ਸੀ ਸਗੋਂ ਇਹ ਮਾਨਸਿਕ ਅਤੇ ਬੌਧਿਕ ਕਬਜ਼ੇ ਦੀ ਪ੍ਰਕਿਰਿਆ ਵੀ ਸੀ। ਪੱਛਮ ਨੇ ਆਪਣੇ ਆਪ ਨੂੰ 'ਆਧੁਨਿਕ' ਅਤੇ 'ਵਿਗਿਆਨਕ' ਸਾਬਤ ਕਰਨ ਲਈ ਪੂਰਬ ਦੀ ਗਿਆਨ-ਪਰੰਪਰਾ ਨੂੰ ਜਾਂ ਤਾਂ ਨਜ਼ਰਅੰਦਾਜ਼ ਕੀਤਾ ਜਾਂ ਫਿਰ ਉਸਨੂੰ ਆਪਣੇ ਨਾਮ ਨਾਲ ਦੁਬਾਰਾ ਪੇਸ਼ ਕੀਤਾ।

ਭਾਰਤੀ ਆਚਾਰੀਆਂ ਨੇ ਹਜ਼ਾਰਾਂ ਸਾਲ ਪਹਿਲਾਂ ਉਹ ਸਿਧਾਂਤ ਖੋਜੇ ਜਿਨ੍ਹਾਂ ਨੂੰ ਆਧੁਨਿਕ ਪੱਛਮੀ ਵਿਗਿਆਨ ਨੇ ਬਾਅਦ ਵਿਚ 'ਨਵੀਆਂ ਖੋਜਾਂ' ਵਜੋਂ ਪ੍ਰਸਿੱਧ ਕੀਤਾ। ਭਾਰਤੀ ਗਣਿਤ ਗਿਆਨੀ ਆਰਯਭਟ ਨੇ ਧਰਤੀ ਦੀ ਗਤੀ, ਗਣਿਤ ਅਤੇ ਖਗੋਲ ਵਿਗਿਆਨ ਬਾਰੇ ਮਹੱਤਵਪੂਰਨ ਸਿਧਾਂਤ ਦਿੱਤੇ। ਉਸਨੇ 'ਸ਼ੂਨਯ' ਅਤੇ ਦਸ਼ਮਲਵ ਪ੍ਰਣਾਲੀ ਨੂੰ ਇੱਕ ਵਿਗਿਆਨਕ ਰੂਪ ਦਿੱਤਾ ਜਿਸਦੇ ਬਿਨ੍ਹਾਂ ਆਧੁਨਿਕ ਵਿਗਿਆਨ ਅਤੇ ਕੰਪਿਊਟਰ ਤਕਨਾਲੋਜੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਇਸੇ ਤਰ੍ਹਾਂ ਭਰਤ ਮੁਨੀ ਨੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਮਨੋਵਿਗਿਆਨ, ਸੰਗੀਤ, ਰੰਗਮੰਚ ਅਤੇ ਮਨੁੱਖੀ ਭਾਵਨਾਵਾਂ ਦਾ ਅਜਿਹਾ ਵਿਸ਼ਲੇਸ਼ਣ ਕੀਤਾ, ਜੋ ਅੱਜ ਵੀ ਆਧੁਨਿਕ ਸੁਹਜ (aesthetics) ਅਤੇ ਪ੍ਰਦਰਸ਼ਨ ਸਿਧਾਂਤ (performance theory) ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪਤੰਜਲੀ ਨੇ ਯੋਗ ਦੇ ਰਾਹੀਂ ਮਨੁੱਖੀ ਮਨ, ਚੇਤਨਾ ਅਤੇ ਸਰੀਰ ਦੇ ਸੰਬੰਧਾਂ ਦੀ ਜੋ ਵਿਆਖਿਆ ਕੀਤੀ, ਉਸਨੂੰ ਅੱਜ ਪੂਰੀ ਦੁਨੀਆ 'Mindfulness', 'Meditation' ਅਤੇ 'Science' ਦੇ ਨਾਂਅ ਨਾਲ ਅਪਣਾ ਰਹੀ ਹੈ।

ਇਹ ਸਿਰਫ ਕੁਝ ਉਦਾਹਰਣ ਹਨ। ਭਾਰਤੀ ਆਯੁਰਵੇਦ, ਵਾਸਤੂ ਸ਼ਾਸਤਰ, ਧਿਆਨ-ਪ੍ਰਣਾਲੀਆਂ ਅਤੇ ਆਤਮਿਕ ਦਰਸ਼ਨ ਵਿਚ ਅਜਿਹਾ ਗਿਆਨ ਮੌਜੂਦ ਹੈ, ਜਿਸਦੀ ਪ੍ਰਸੰਗਿਕਤਾ ਅੱਜ ਵੀ ਬਣੀ ਹੋਈ ਹੈ ਪਰ ਸਮੱਸਿਆ ਇਹ ਹੈ ਕਿ ਆਧੁਨਿਕ ਭਾਰਤੀ ਬੁੱਧੀਜੀਵੀ ਵਰਗ ਨੇ ਆਪਣੀ ਹੀ ਪਰੰਪਰਾ ਨੂੰ ਸਮਝਣ ਦੀ ਥਾਂ ਪੱਛਮੀ ਵਿਚਾਰਧਾਰਾ ਨੂੰ ਹੀ 'ਅੰਤਿਮ ਸੱਚ' ਮੰਨ ਲਿਆ।

ਉਪਨਿਵੇਸ਼ਕ ਸਿੱਖਿਆ ਪ੍ਰਣਾਲੀ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਰਿਹਾ ਕਿ ਭਾਰਤੀ ਮਨ ਨੂੰ ਆਪਣੇ ਹੀ ਗਿਆਨ ਉੱਤੇ ਸ਼ੱਕ ਕਰਨਾ ਸਿਖਾਇਆ ਗਿਆ। ਅੰਗਰੇਜ਼ੀ ਸਿੱਖਿਆ ਨੇ ਭਾਰਤੀ ਨੌਜਵਾਨਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਜੋ ਕੁਝ ਵੀ ਵਿਗਿਆਨਕ ਜਾਂ ਆਧੁਨਿਕ ਹੈ ਉਹ ਸਿਰਫ ਪੱਛਮ ਤੋਂ ਹੀ ਆ ਸਕਦਾ ਹੈ। ਇਸਦੇ ਨਤੀਜੇ ਵਜੋਂ ਭਾਰਤੀ ਬੌਧਿਕ ਵਰਗ ਦਾ ਇੱਕ ਵੱਡਾ ਹਿੱਸਾ ਪੱਛਮੀ ਵਿਚਾਰਧਾਰਾ ਵੱਲ ਮੋੜਿਆ ਗਿਆ।

ਇਸ ਬੌਧਿਕ ਸੰਕਟ ਨੂੰ ਫ਼ਲਸਤੀਨੀ ਮੂਲ ਦੇ ਪ੍ਰਸਿੱਧ ਚਿੰਤਕ ਐਡਵਰਡ ਵਾਦੀ ਸਈਦ ਨੇ ਆਪਣੀ ਕਿਤਾਬ ਓਰੀਐਂਟਲਿਜ਼ਮ (Orientalism) ਵਿਚ ਬਹੁਤ ਡੂੰਘਾਈ ਨਾਲ ਸਮਝਾਇਆ ਹੈ। ਸਈਦ ਅਨੁਸਾਰ, ਪੱਛਮ ਨੇ ਸਦੀਆਂ ਤੱਕ ਪੂਰਬ ਦੀ ਇੱਕ ਅਜਿਹੀ ਤਸਵੀਰ ਤਿਆਰ ਕੀਤੀ, ਜਿਸ ਵਿਚ ਪੂਰਬ ਹਮੇਸ਼ਾ ਪਛੜਿਆ, ਰਹੱਸਮਈ ਅਤੇ ਅਵਿਗਿਆਨਕ ਦਿਖਾਈ ਦਿੰਦਾ ਹੈ, ਜਦਕਿ ਪੱਛਮ ਆਪਣੇ ਆਪ ਨੂੰ ਤਰਕਸ਼ੀਲ, ਆਧੁਨਿਕ ਅਤੇ ਸਭਿਆਚਾਰਕ ਤੌਰ 'ਤੇ ਉੱਚਾ ਸਾਬਤ ਕਰਦਾ ਹੈ। ਇਹ ਸਿਰਫ ਵਿਚਾਰਧਾਰਾ ਨਹੀਂ ਸੀ; ਇਹ ਇੱਕ ਬੌਧਿਕ ਰਾਜਨੀਤੀ ਸੀ।

ਐਡਵਰਡ ਸਈਦ ਲਿਖਦਾ ਹੈ ਕਿ ਜਦੋਂ ਕੋਈ ਤਾਕਤਵਰ ਸਭਿਆਚਾਰ ਕਿਸੇ ਹੋਰ ਸਭਿਆਚਾਰ ਬਾਰੇ ਲਗਾਤਾਰ ਲਿਖਦਾ ਹੈ, ਬੋਲਦਾ ਹੈ ਅਤੇ ਉਸਦੀ ਵਿਆਖਿਆ ਆਪਣੇ ਨਜ਼ਰੀਏ ਨਾਲ ਕਰਦਾ ਹੈ ਤਾਂ ਹੌਲੀ-ਹੌਲੀ ਉਹੀ ਵਿਆਖਿਆ 'ਸੱਚ' ਮੰਨੀ ਜਾਣ ਲੱਗ ਪੈਂਦੀ ਹੈ। ਭਾਰਤ ਨਾਲ ਵੀ ਕੁਝ ਅਜਿਹਾ ਹੀ ਹੋਇਆ। ਅੰਗਰੇਜ਼ਾਂ ਨੇ ਸਿਰਫ ਭਾਰਤ ਦੀ ਧਰਤੀ ਉੱਤੇ ਹੀ ਰਾਜ ਨਹੀਂ ਕੀਤਾ, ਉਨ੍ਹਾਂ ਨੇ ਭਾਰਤੀ ਮਨ ਉੱਤੇ ਵੀ ਰਾਜ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਭਾਰਤ ਦੇ ਇਤਿਹਾਸ, ਦਰਸ਼ਨ ਅਤੇ ਗਿਆਨ-ਪਰੰਪਰਾ ਨੂੰ ਇਸ ਢੰਗ ਨਾਲ ਪੇਸ਼ ਕੀਤਾ ਕਿ ਭਾਰਤੀ ਆਪਣੇ ਹੀ ਬੌਧਿਕ ਵਿਰਸੇ ਉੱਤੇ ਸ਼ੱਕ ਕਰਨ ਲੱਗ ਪਏ।

ਅੱਜ ਆਧੁਨਿਕ ਪੱਛਮੀ ਫ਼ਿਲਾਸਫ਼ੀ ਅਤੇ ਭਾਸ਼ਾ ਵਿਗਿਆਨ ਵਿਚ 'meaning through difference' ਜਾਂ 'Identity through exclusion' ਵਰਗੇ ਵਿਚਾਰਾਂ ਨੂੰ ਬਹੁਤ ਗਹਿਰਾਈ ਨਾਲ ਚਰਚਿਆ ਜਾ ਰਿਹਾ ਹੈ। ਯੱਕ ਦੈਰਿਦਾ ਦੇ deconstruction ਤੋਂ ਲੈ ਕੇ ਸੌਸਿਊਰ ਦੇ ਸੰਰਚਨਾਵਾਦੀ ਭਾਸ਼ਾ ਵਿਗਿਆਨ ਤੱਕ ਇਹ ਗੱਲ ਕੀਤੀ ਜਾਂਦੀ ਹੈ ਕਿ ਕਿਸੇ ਸ਼ਬਦ ਦਾ ਅਰਥ ਸਿੱਧੇ ਤੌਰ 'ਤੇ ਨਹੀਂ ਬਣਦਾ, ਸਗੋਂ ਦੂਜੇ ਸ਼ਬਦਾਂ ਤੋਂ ਉਸਦੇ ਅੰਤਰ ਰਾਹੀਂ ਬਣਦਾ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਵਿਚਾਰ ਨੂੰ ਆਧੁਨਿਕ ਪੱਛਮੀ ਫ਼ਿਲਾਸਫ਼ੀ ਅੱਜ ਨਵੀਂ ਬੌਧਿਕ ਖੋਜ ਵਜੋਂ ਪੇਸ਼ ਕਰ ਰਹੀ ਹੈ, ਉਸ ਬਾਰੇ ਭਾਰਤੀ ਬੁੱਧ ਆਚਾਰੀਆਂ ਨੇ ਸਦੀਆਂ ਪਹਿਲਾਂ ਹੀ ਡੂੰਘੀ ਚਰਚਾ ਕਰ ਦਿੱਤੀ ਸੀ।

ਬੁੱਧ ਦਰਸ਼ਨ ਦਾ 'ਅਪੋਹ ਸਿਧਾਂਤ' ਇਸ ਦੀ ਬਹੁਤ ਸਪਸ਼ਟ ਢੰਗ ਨਾਲ ਵਿਆਖਿਆ ਕਰਦਾ ਹੈ ਕਿ ਅਰਥ ਕਿਸੇ ਸਥਿਰ ਯੂਨੀਵਰਸਲ ਸੱਚ ਤੋਂ ਨਹੀਂ ਬਣਦਾ ਸਗੋਂ 'ਦੂਜੇ ਨੂੰ ਨਕਾਰਨ' ਰਾਹੀਂ ਬਣਦਾ ਹੈ। ਦਿਗਨਾਗ ਅਤੇ ਧਰਮਕੀਰਤੀ ਨੇ ਇਹ ਵਿਚਾਰ ਉਸ ਸਮੇਂ ਦਿੱਤਾ ਜਦੋਂ ਪੱਛਮ ਅਜੇ ਭਾਸ਼ਾ ਅਤੇ ਚੇਤਨਾ ਦੇ ਇਨ੍ਹਾਂ ਸੂਖਮ ਵਿਸ਼ਲੇਸ਼ਣਾਂ ਤੱਕ ਨਹੀਂ ਪਹੁੰਚਿਆ ਸੀ।

ਇਹ ਸਿਰਫ ਇੱਕ ਦਰਸ਼ਨਿਕ ਸਿਧਾਂਤ ਨਹੀਂ, ਸਗੋਂ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਰਤੀ ਅਤੇ ਬੁੱਧ ਚਿੰਤਨ ਮਨੁੱਖੀ ਭਾਸ਼ਾ, ਚੇਤਨਾ ਅਤੇ ਗਿਆਨ ਦੇ ਪ੍ਰਸ਼ਨਾਂ ਉੱਤੇ ਆਪਣੇ ਸਮੇਂ ਤੋਂ ਕਈ ਸਦੀਆਂ ਅੱਗੇ ਸੀ, ਪਰ ਦੁਖਦਾਈ ਗੱਲ ਇਹ ਹੈ ਕਿ ਆਧੁਨਿਕ ਬੌਧਿਕ ਸੰਸਾਰ ਵਿਚ ਇਨ੍ਹਾਂ ਮੂਲ ਪੂਰਬੀ ਸਰੋਤਾਂ ਨੂੰ ਘੱਟ ਯਾਦ ਕੀਤਾ ਜਾਂਦਾ ਹੈ ਜਦਕਿ ਉਹੀ ਵਿਚਾਰ ਪੱਛਮੀ ਸ਼ਬਦਾਵਲੀ ਨਾਲ ਆਧੁਨਿਕ ਸਿਧਾਂਤ ਬਣ ਜਾਂਦੇ ਹਨ। ਇਹ ਸਥਿਤੀ ਸਾਨੂੰ ਮੁੜ ਆਪਣੇ ਬੌਧਿਕ ਇਤਿਹਾਸ ਵੱਲ ਦੇਖਣ ਲਈ ਮਜਬੂਰ ਕਰਦੀ ਹੈ।

ਇਹ ਵੀ ਸੱਚ ਹੈ ਕਿ ਪੱਛਮ ਨੇ ਆਪਣੇ ਵਿਚਾਰਾਂ ਅਤੇ ਖੋਜਾਂ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ 'ਗਲੋਰਿਫਾਈ' ਕੀਤਾ। ਉਨ੍ਹਾਂ ਨੇ ਆਪਣੇ ਵਿਗਿਆਨ ਅਤੇ ਦਰਸ਼ਨ ਨੂੰ ਵਿਸ਼ਵ ਪੱਧਰ ਉੱਤੇ ਪ੍ਰਚਾਰਿਤ ਕੀਤਾ ਜਦਕਿ ਪੂਰਬ ਆਪਣੀ ਹੀ ਵਿਰਾਸਤ ਨੂੰ ਸੰਭਾਲਣ ਵਿਚ ਪਿੱਛੇ ਰਹਿ ਗਿਆ। ਭਾਰਤੀ ਬੁੱਧੀਜੀਵੀਆਂ ਦੀ ਇੱਕ ਕਮਜ਼ੋਰੀ ਇਹ ਵੀ ਰਹੀ ਕਿ ਉਨ੍ਹਾਂ ਨੇ ਆਪਣੇ ਪ੍ਰਾਚੀਨ ਗਿਆਨ ਦਾ ਗੰਭੀਰ ਅਧਿਐਨ ਕਰਨ ਦੀ ਥਾਂ ਸਿੱਧਾ ਪੱਛਮੀ ਮਾਡਲਾਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ।

ਇਸਦਾ ਅਰਥ ਇਹ ਨਹੀਂ ਕਿ ਪੱਛਮ ਦੀ ਹਰ ਚੀਜ਼ ਗਲਤ ਹੈ ਜਾਂ ਪੂਰਬ ਦੀ ਹਰ ਚੀਜ਼ ਪੂਰਨ ਹੈ। ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਵਿਚ ਪੱਛਮ ਦਾ ਯੋਗਦਾਨ ਮਹੱਤਵਪੂਰਨ ਹੈ ਪਰ ਸਮੱਸਿਆ ਤਦ ਪੈਦਾ ਹੁੰਦੀ ਹੈ ਜਦੋਂ ਇੱਕ ਸਭਿਆਚਾਰ ਦੂਜੇ ਦੀ ਬੌਧਿਕ ਵਿਰਾਸਤ ਨੂੰ ਘੱਟ ਦਿਖਾ ਕੇ ਆਪਣੇ ਆਪ ਨੂੰ ਹੀ 'ਗਿਆਨ ਦਾ ਕੇਂਦਰ' ਘੋਸ਼ਿਤ ਕਰ ਦੇਵੇ।

ਅੱਜ ਲੋੜ ਇਸ ਗੱਲ ਦੀ ਹੈ ਕਿ ਭਾਰਤੀ ਸਮਾਜ ਆਪਣੀ ਗਿਆਨ-ਪਰੰਪਰਾ ਨੂੰ ਅੰਧਭਗਤੀ ਨਾਲ ਨਹੀਂ ਸਗੋਂ ਵਿਗਿਆਨਕ ਅਤੇ ਤਰਕਸ਼ੀਲ ਦ੍ਰਿਸ਼ਟੀ ਨਾਲ ਦੁਬਾਰਾ ਪੜ੍ਹੇ। ਸਾਨੂੰ ਆਪਣੇ ਆਚਾਰੀਆਂ ਦੇ ਵਿਚਾਰਾਂ ਨੂੰ ਆਧੁਨਿਕ ਭਾਸ਼ਾ ਅਤੇ ਸੰਦਰਭ ਵਿਚ ਸਮਝਣ ਦੀ ਲੋੜ ਹੈ। ਜੇ ਪਤੰਜਲੀ ਦੇ ਯੋਗ ਸੂਤਰ ਮਨੁੱਖੀ ਮਨ ਨੂੰ ਸਮਝਣ ਵਿਚ ਮਦਦ ਕਰ ਸਕਦੇ ਹਨ, ਜੇ ਆਰਯਭਟ ਦਾ ਗਣਿਤ ਅੱਜ ਵੀ ਪ੍ਰਸੰਗਿਕ ਹੈ ਤਾਂ ਸਾਨੂੰ ਉਸ ਗਿਆਨ ਨੂੰ ਆਤਮ-ਵਿਸ਼ਵਾਸ ਨਾਲ ਦੁਨੀਆ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ।

# ਡਾ. ਧੁੱਗੇ ਦੀ ਪੁਸਤਕ 'ਚਾਲ਼ੀ ਦਿਨ' ਦੀਆਂ ਧੁੰਮਾਂ

## *ਇਹ ਪੁਸਤਕ ਮਨ ਦਾ ਚੈਨ ਤੇ ਸਕੂਨ ਲੱਭਣ ਦੀ ਯਾਤਰਾ ਹੈ*

***ਡਾ. ਗੁਰਪ੍ਰੀਤ ਧੁੱਗਾ ਦੀ ਕਿਤਾਬ 'ਚਾਲੀ ਦਿਨ' ਵਿਸ਼ਾਲ ਪੱਧਰ 'ਤੇ ਪਾਠਕਾਂ ਵੱਲੋਂ ਪਸੰਦ ਕੀਤੀ ਜਾ ਰਹੀ ਹੈ। ਸਾਹਿਤਕ ਹਲਕਿਆਂ 'ਚ ਸੱਚਮੁੱਚ ਹੀ ਇਸ ਦੀਆਂ ਧੁੰਮਾਂ ਪੈ ਰਹੀਆਂ ਹਨ। 19 ਜੂਨ ਤੋਂ ਇਸ ਕਿਤਾਬ ਉੱਤੇ ਆਧਾਰਿਤ ਫਿਲਮ 'ਚਾਲੀ ਦਿਨ' ਸਿਨਮਿਆਂ ਵਿਚ ਚੱਲ ਰਹੀ ਹੈ। ਇਸ ਨਾਵਲ ਬਾਰੇ ਲੇਖਕ ਨੇ ਦੋ ਸਾਲ ਪਹਿਲਾਂ ਇਕ ਲੇਖ ਲਿਖਿਆ ਸੀ, ਜਿਸ ਦੀ ਪਹਿਲੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਹੈ।***

ਸੂਰਜ ਸਾਰਿਆਂ ਨੂੰ ਊਰਜਾ ਦਿੰਦਾ ਹੈ, ਧਰਤੀ ਸਭ ਨੂੰ ਮਾਂ ਵਾਂਗ ਕਲਾਵੇ 'ਚ ਲਈ ਬੈਠੀ ਹੈ, ਫੁੱਲ ਮਹਿਕਾਂ ਵੰਡ ਰਹੇ ਹਨ ਤੇ ਪਾਣੀ ਜੀਵਨ ਦੇ ਰਿਹਾ ਹੈ... ਪਰ ਮਨੁੱਖ ਆਪਣੇ ਬਾਰੇ ਹੀ ਸੋਚਦਾ ਹੈ ਤੇ ਭੁੱਲ ਜਾਂਦਾ ਹੈ ਕਿ ਦੂਸਰਿਆਂ ਦੇ ਕੰਮ ਆਉਣ ਵਿਚ ਹੀ ਸਕੂਨ, ਖ਼ੁਸ਼ੀ ਅਤੇ ਟਿਕਾਅ ਹੈ। (ਸ਼ਹਿਦ ਦੀ ਮੱਖੀ, ਸ਼ਹਿਦ ਨਹੀਂ ਖਾਂਦੀ)

ਫ਼ਕੀਰ ਨੇ ਕੇਸਰ ਵੱਲ ਵੇਖਦਿਆਂ ਕਿਹਾ, 'ਯੂਨਾਨੀ ਲੋਕਾਂ ਅਨੁਸਾਰ, ਰੱਬ ਨੇ ਦੁਨੀਆ ਛੇ ਦਿਨਾਂ ਵਿਚ ਬਣਾਈ ਸੀ। ਪਹਿਲੇ ਦਿਨ ਰੌਸ਼ਨੀ ਬਣਾਈ ਜਿਸ ਨਾਲ ਦਿਨ ਤੇ ਰਾਤ ਬਣੇ। ਦੂਜੇ ਦਿਨ ਆਕਾਸ਼, ਤੀਜੇ ਦਿਨ ਧਰਤੀ ਤੇ ਬਨਸਪਤੀ ਬਣਾਈ। ਚੌਥੇ ਦਿਨ ਸੂਰਜ, ਪੰਜਵੇਂ ਦਿਨ ਪਾਣੀ ਤੇ ਜੀਵ-ਜੰਤੂ ਬਣਾਏ। ਛੇਵੇਂ ਦਿਨ ਰੱਬ ਨੇ ਮਨੁੱਖ ਬਣਾਇਆ ਤੇ ਸੱਤਵੇਂ ਦਿਨ ਅਰਾਮ ਕੀਤਾ।' ਕੇਸਰ ਬੜੇ ਧਿਆਨ ਨਾਲ ਸੁਣ ਰਿਹਾ ਸੀ।



'ਕਹਿੰਦੇ ਹਨ ਕਿ ਸ਼ੁਰੂ ਵਿਚ ਮਨੁੱਖ ਇਕੱਲਾ ਤੇ ਉਦਾਸ ਸੀ। ਉਸ ਨੂੰ ਉਦਾਸ ਵੇਖ ਕੇ ਰੱਬ ਨੇ ਉਸ ਨਾਲ਼ ਖੇਡਣ ਦਾ ਮਨ ਬਣਾਇਆ। ਦੋਨੋਂ ਲੁਕਣ-ਛੁਪਾਈ ਖੇਡਣ ਲੱਗੇ। ਰੱਬ ਦੀ ਪਹਿਲਾਂ ਲੁਕਣ ਦੀ ਵਾਰੀ

**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਸੀ। ਕਿਉਂਕਿ ਧਰਤੀ ਅਜੇ ਸਾਰੀ ਖਾਲੀ ਸੀ, ਲੁਕਣ ਵਾਲੀ ਜਗ੍ਹਾ ਰੱਬ ਨੂੰ ਕੋਈ ਨਾ ਦਿਸੀ। ਰੱਬ ਨੇ ਕੁਝ ਸੋਚਣ ਤੋਂ ਬਾਅਦ, ਬੰਦੇ ਦੇ ਦਿਲ ਵਿਚ ਲੁਕਣ ਦਾ ਫੈਸਲਾ ਕੀਤਾ। ਕਹਿੰਦੇ ਹਨ ਕਿ ਅੱਜ ਤੱਕ ਰੱਬ ਬੰਦੇ ਦਿਲ ਵਿਚ ਹੀ ਲੁਕਿਆ ਹੋਇਆ ਹੈ। ਬੰਦਾ ਰੱਬ ਨੂੰ ਬਾਹਰ ਹਰ ਥਾਂ ਲੱਭਦਾ ਰਹਿੰਦਾ ਹੈ ਬਸ ਆਪਣੇ ਅੰਦਰ ਹੀ ਨਹੀਂ ਵੇਖਦਾ।' ਕਹਿ ਕੇ ਫ਼ਕੀਰ ਕਿਸੇ ਗਹਿਰੀ ਸੋਚ ਵਿਚ ਡੁੱਬ ਗਿਆ... ਤੇ ਕੇਸਰ ਫ਼ਕੀਰ ਦੇ ਮੱਥੇ ਦੀਆਂ ਲਕੀਰਾਂ ਵਿਚ।

'ਬੰਦੇ ਖੋਜੁ ਦਿਲ ਹਰ ਰੋਜ' ਇਸ ਅਲਾਪ ਨੇ ਕੇਸਰ ਨੂੰ ਡੂੰਘੀ ਸੋਚ 'ਚੋਂ ਇਵੇਂ ਉਠਾਇਆ ਜਿਵੇਂ ਅੰਮ੍ਰਿਤ ਵੇਲ਼ੇ ਕਿਸੇ ਨੇ ਰਬਾਬ ਛੇੜ ਦਿੱਤੀ ਹੋਵੇ।

ਫ਼ਕੀਰ ਦੇ ਵਚਨਾਂ ਤੇ ਸਿਆਣਿਆਂ ਦੇ ਕਥਨਾਂ ਨਾਲ ਭਰਪੂਰ, ਨਸੀਹਤਨਾਮੇ ਵਰਗੀ ਪੁਸਤਕ 'ਚਾਲ਼ੀ ਦਿਨ' ਮੈਨੂੰ ਦੁਬਾਰਾ ਪੜ੍ਹਨੀ ਪਈ। ਕਾਰਨ ਬਣਿਆ ਕਿ ਇਸ ਦੀਆਂ ਸਤੰਬਰ 2023 ਤੋਂ ਮਈ 2024 ਤੱਕ ਨੌਂ ਐਡੀਸ਼ਨਾਂ ਛਪ ਚੁੱਕੀਆਂ ਹਨ। ਪੰਜਾਬੀ ਦੀ ਕਿਸੇ ਕਿਤਾਬ ਦੀਆਂ ਨੌਂ ਮਹੀਨਿਆਂ 'ਚ ਦਸ ਹਜ਼ਾਰ ਕਾਪੀਆਂ ਛਪਣੀਆਂ ਤੇ ਪੜ੍ਹੀਆਂ ਜਾਣੀਆਂ ਮੇਰੇ ਲਈ ਹੈਰਾਨ ਕਰਨ ਵਾਲੀ ਗੱਲ ਸੀ! ਉਹ ਵੀ ਸੋਸ਼ਲ ਮੀਡੀਏ ਦੇ ਰੌਲ਼ੇ-ਰੱਪੇ ਤੇ ਮੋਬਾਈਲਾਂ ਦੇ ਘੰਟਿਆਂ-ਬੱਧੀ ਰੁਝੇਵੇਂ 'ਚ ਕਿਤਾਬਾਂ ਪੜ੍ਹਨ ਦਾ ਸਮਾਂ ਨਾ ਮਿਲਣ ਦੀ 'ਆਧੁਨਿਕ' ਔੜ ਵਿਚ! ਅਜਿਹੀ ਔੜ ਵਿਚ ਕਿਸੇ ਕਿਤਾਬ ਦਾ ਏਡੀ ਵੱਡੀ ਗਿਣਤੀ ਵਿਚ ਛਪਣਾ ਤੇ ਵਿਕਣਾ ਪੰਜਾਬੀ ਪੁਸਤਕ ਪ੍ਰਕਾਸ਼ਨ 'ਚ ਨਵਾਂ ਰਿਕਾਰਡ ਹੈ ਜਿਸ ਦੀਆਂ ਇਸ ਦੇ ਲੇਖਕ, ਛਾਪਕ ਤੇ ਪ੍ਰਕਾਸ਼ਕ ਨੂੰ ਮੁਬਾਰਕਾਂ ਦੇਣੀਆਂ ਬਣਦੀਆਂ ਹਨ। ਇਸ ਨਾਲ ਪੰਜਾਬੀ ਪੁਸਤਕ ਪ੍ਰਕਾਸ਼ਨ ਨੂੰ ਹੋਰ ਹੁਲਾਰਾ ਮਿਲਣ ਦੀ ਆਸ ਜਾਗੀ ਹੈ। ਪੰਜਾਬੀ ਲੇਖਕਾਂ ਨੂੰ ਖ਼ੁਸ਼ ਹੋਣਾ ਚਾਹੀਦੈ ਤੇ ਆਲੋਚਕਾਂ ਨੂੰ ਇਸ ਪੁਸਤਕ ਦਾ ਗੰਭੀਰ ਨੋਟਿਸ ਲੈਣਾ ਚਾਹੀਦੈ। ਪੂਰੀ ਘੋਖ ਪਰਖ ਹੋਣੀ ਚਾਹੀਦੀ ਹੈ ਕਿ 'ਚਾਲ਼ੀ ਦਿਨ' ਪੁਸਤਕ ਦੇ ਏਨੀ ਪਾਪੂਲਰ ਹੋਣ ਦੇ ਕਿਹੜੇ ਕਾਰਨ ਜਾਂ ਗੁਣ ਹਨ?

ਪਿਛਲੇ ਸਾਲ ਵਰਿਆਮ ਸਿੰਘ ਸੰਧੂ ਦੀ ਪੁਸਤਕ 'ਜਮਰੌਦ' ਦੀ ਬੜੀ ਚਰਚਾ ਹੋਈ ਤੇ ਭਰਵੀਂ ਪ੍ਰਸ਼ੰਸਾ ਹੋਈ। ਫਿਰ ਜੰਗ ਬਹਾਦਰ ਗੋਇਲ ਦੀ ਪੁਸਤਕ 'ਸਾਹਿਤ ਸੰਜੀਵਨੀ' ਵੱਡੀ ਪੱਧਰ 'ਤੇ ਸਲਾਹੀ ਤੇ ਵਡਿਆਈ ਗਈ। ਪੰਜਾਬੀ ਕਹਾਣੀ ਦਾ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ ਤੇ ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲਾਂ ਨੂੰ ਪੰਜਾਬੀ 'ਚ ਪੇਸ਼ ਕਰਨ ਵਾਲਾ ਗਲਪਕਾਰ ਜੰਗ ਬਹਾਦਰ ਗੋਇਲ ਤਾਂ ਪਹਿਲਾਂ ਹੀ ਪੰਜਾਬੀ ਸਾਹਿਤ ਦੇ ਉੱਚ-ਦੁਮਾਲੜੇ ਲੇਖਕ ਹਨ ਜਦ ਕਿ ਧੁੱਗਾ ਗੁਰਪ੍ਰੀਤ ਅਜੇ ਨਵਲੇਖਕ ਹੀ ਹੈ। ਨੌਂ ਦਸ ਮਹੀਨਿਆਂ ਤੋਂ ਪੰਜਾਬੀ ਦੇ ਇਸ ਨਵੇਂ ਲੇਖਕ ਦੀ ਪੁਸਤਕ 'ਚਾਲ਼ੀ ਦਿਨ' ਵਿਸ਼ਾਲ ਪੱਧਰ 'ਤੇ ਪਾਠਕਾਂ ਵੱਲੋਂ ਪਸੰਦ ਕੀਤੀ ਜਾ ਰਹੀ ਹੈ। ਸਾਹਿਤਕ ਹਲਕਿਆਂ 'ਚ ਸੱਚਮੁੱਚ ਹੀ ਇਸ ਦੀਆਂ ਧੁੰਮਾਂ ਪੈ ਰਹੀਆਂ ਹਨ।

ਡਾ. ਗੁਰਪ੍ਰੀਤ ਧੁੱਗੇ ਨੂੰ ਮੈਂ ਬਿਲਕੁਲ ਨਹੀਂ ਸਾਂ ਜਾਣਦਾ। ਪਰ ਉਸ ਦੀ ਇਹ ਪਹਿਲੀ ਹੀ ਪੁਸਤਕ ਪੜ੍ਹਦਿਆਂ ਮੈਨੂੰ ਉਹਦੇ 'ਚੋਂ ਵੱਡਾ ਲੇਖਕ ਬਣਨ ਦੀਆਂ ਸੰਭਾਵਨਾਵਾਂ ਦਿਸੀਆਂ ਹਨ। ਤਦੇ ਮੈਂ 'ਚਾਲ਼ੀ ਦਿਨ' ਪੁਸਤਕ ਬਾਰੇ ਫੇਸਬੁੱਕੀ ਟਿੱਪਣੀ ਕੀਤੀ ਸੀ ਕਿ ਇਹ ਪੁਸਤਕ ਪੜ੍ਹਨੀ 'ਮੋਤੀਆਂ ਦੀ ਚੋਗ ਚੁਗਣਾ' ਹੈ।


ਪਹਿਲਾਂ ਮੈਂ ਇਸ ਲਿਖਤ ਦਾ ਸਿਰਲੇਖ 'ਮੋਤੀਆਂ ਦੀ ਚੋਗ ਚੁਗਦਿਆਂ' ਹੀ ਰੱਖਣ ਲੱਗਾ ਸੀ। ਫਿਰ ਸੋਚਿਆ, ਇਸ ਪੁਸਤਕ ਨੂੰ ਬਾਬਾਣੀਆਂ ਕਹਾਣੀਆਂ ਦੀ 'ਨਕਲ' ਕਹਿਣ ਵਾਲੇ ਪੜ੍ਹੇ-ਲਿਖੇ ਵਿਦਵਾਨ ਕਿਤੇ ਮੈਨੂੰ ਅਣਪੜ੍ਹ ਈ ਨਾ ਸਮਝ ਬਹਿਣ ਤੇ ਕਹਿਣ, ਆਹ ਖੇਡਾਂ-ਖੂਡਾਂ ਬਾਰੇ ਲਿਖਣ ਵਾਲੇ ਨੂੰ ਕੀ ਪਤਾ ਸਾਹਿਤ ਕੀ ਹੁੰਦੈ? ਕਿਤੇ ਇਸ ਕਿਤਾਬ ਦੇ 'ਮੌਲਿਕ' ਨਾ ਹੋਣ ਜਾਂ 'ਨਕਲ' ਕਰਨ ਦੇ ਕਿੰਤੂਆਂ ਪਰੰਤੂਆਂ 'ਚ ਨਾ ਉਲਝ ਜਾਣ। ਪੁਸਤਕ 'ਨਾਵਲ' ਜਾਂ 'ਕਹਾਣੀਆਂ' ਹੋਣ ਦਾ ਚੱਕਰ ਨਾ ਪਾ ਬਹਿਣ ਜਦ ਕਿ ਲੇਖਕ ਨੇ ਖ਼ੁਦ ਇਸ ਦੇ ਸਾਹਿਤਕ ਰੂਪ ਨੂੰ (ਕੇਸਰ ਤੇ ਫ਼ਕੀਰ ਦੀ ਯਾਤਰਾ) ਦਾ ਉਪ ਸਿਰਲੇਖ ਪਹਿਲਾਂ ਹੀ ਦੇ ਦਿੱਤਾ ਹੋਇਐ।

ਇਹ ਪੁਸਤਕ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧੁੱਗੇ ਤੋਂ ਬੀਕਾਨੇਰ ਤਕ ਦੀ ਸੁਪਨਈ ਯਾਤਰਾ ਹੈ। ਇੰਜ ਇਸ ਦਾ ਸਾਹਿਤਕ ਰੂਪ 'ਗਲਪੀ ਯਾਤਰਾ' ਬਣ ਗਿਆ ਹੈ। ਕੋਈ ਇਸ ਨੂੰ ਨਾਵਲ ਕਹੀ ਜਾਵੇ, ਕਹਾਣੀਆਂ ਕਹੀ ਜਾਵੇ ਜਾਂ ਗਲਪੀ ਗੱਲ ਬਾਤ, ਕੁਝ ਵੀ ਕਹੀ ਜਾਵੇ, ਕਿਤਾਬ ਤਾਂ ਕਿਤਾਬ ਹੀ ਹੁੰਦੀ ਹੈ। ਨਾਲ਼ੇ ਇਹ ਕਿਹੜਾ ਕਿਸੇ ਸਿਲੇਬਸ ਦੀ ਪਾਠ ਪੁਸਤਕ ਹੈ? ਚੰਗੀ ਕਿਤਾਬ ਦੇ ਤੌਰ 'ਤੇ ਜੇ ਕਿਸੇ ਨੇ ਸਲਾਹੁਣੀ ਜਾਂ ਅਵਾਰਡ ਦੇਣਾ ਤਾਂ ਜੀ ਸਦਕੇ ਦੇਵੇ।

ਇਸ ਸੁਪਨਈ ਯਾਤਰਾ ਦੇ ਕੇਵਲ ਤਿੰਨ ਪਾਤਰ ਹਨ। ਫ਼ਕੀਰ, ਕੇਸਰ ਤੇ ਕੁੱਤਾ। ਇਸ ਯਾਤਰਾ ਦਾ ਹਾਲ ਚਾਲ, ਮਾਹੌਲ, ਆਥਣ ਤੇ ਸਵੇਰ ਵੇਲੇ ਸੂਰਜ ਦੇ ਲਹਿਣ ਤੇ ਚੜ੍ਹਨ ਦਾ ਨਜ਼ਾਰਾ, ਅੰਬਰ 'ਤੇ ਤਾਰਿਆਂ ਦਾ ਲਿਸ਼ਕਣਾ ਤੇ ਅਲੋਪ ਹੋਣਾ, ਧੁੱਪਾਂ-ਛਾਵਾਂ, ਟਿੱਬਿਆਂ ਦੀ ਉਡਦੀ ਰੇਤ ਤੇ ਸਮੁੱਚੀ ਕਾਇਨਾਤ ਦਾ ਚਿੱਤ੍ਰਨ ਕਮਾਲ ਦਾ ਚਿੱਤ੍ਰਿਆ ਗਿਆ ਹੈ: ਸੂਰਜ ਭਰ-ਜੋਬਨ 'ਤੇ ਸੀ। ਧੁੱਪ ਵਿਚ ਚਮਕ ਰਹੀ ਦੁੱਧ-ਚਿੱਟੀ ਰੇਤ ਅੱਖਾਂ ਨੂੰ ਚੁੰਧਿਆ ਰਹੀ ਸੀ...।

ਪੁਸਤਕ ਵਿਚ ਰੁਮਾਂਸ ਵੀ ਹੈ ਤੇ ਰਹੱਸ ਵੀ। ਦੁਨੀਆਦਾਰੀ ਦੀਆਂ ਵੀ ਗੱਲਾਂ ਹਨ ਤੇ ਦੀਨਦਾਰੀ ਦੀਆਂ ਵੀ। ਕਵਿਤਾ ਦੇ ਬੰਦ ਵੀ ਹਨ ਤੇ ਕਾਵਿਮਈ ਵਰਤਕ ਵੀ। ਅਖਾਣ ਵੀ, ਲੋਕੋਕਤੀਆਂ ਤੇ ਬਾਤਾਂ ਬਤੋਲੀਆਂ ਵੀ। ਸਭ ਕਾਸੇ ਨੂੰ ਮੌਲਿਕ ਕਲਾਕਾਰੀ ਨਾਲ ਬੀੜਿਆ ਗਿਆ ਹੈ। ਕੋਈ ਵੀ ਪੁਸਤਕ ਪੜ੍ਹਨ ਲੱਗਿਆਂ ਜੇ ਦਿਲਚਸਪ ਲੱਗਦੀ ਹੋਵੇ, ਅਨੰਦਾਇਕ ਹੋਵੇ, ਮਨ ਨੂੰ ਸਕੂਨ ਤੇ ਜੀਵਨ ਨੂੰ ਸੇਧ ਦਿੰਦੀ ਹੋਵੇ ਤਾਂ ਪਾਠਕ ਨੂੰ ਹੋਰ ਕੀ ਚਾਹੀਦੈ? ਉਸ ਨੂੰ 'ਮੌਲਿਕ' ਜਾਂ 'ਨਕਲ', 'ਨਾਵਲ' ਜਾਂ 'ਕਹਾਣੀ' ਹੋਣ ਨਾਲ ਕੀ? ਰਸੂਲ ਹਮਜ਼ਾਤੋਵ ਦੀ ਕਿਤਾਬ 'ਮੇਰਾ ਦਾਗ਼ਿਸਤਾਨ' ਭਲ਼ਾ ਕੀ ਹੈ? ਕੀ ਕਹਾਂਗੇ ਉਸ ਦੇ ਸਾਹਿਤਕ ਰੂਪ ਨੂੰ? ਵੇਖ ਲਓ ਚੌਹੀਂ ਕੂੰਟੀਂ ਬੱਲੇ-ਬੱਲੇ ਕਰਾਤੀ 'ਮੇਰਾ ਦਾਗ਼ਿਸਤਾਨ' ਨੇ! ਸੁਆਲ ਹੈ, ਕੀ ਪੰਜਾਬੀ ਦੀ ਕੋਈ ਕਿਤਾਬ ਅਜਿਹਾ ਨਹੀਂ ਕਰਵਾ ਸਕਦੀ? ਅਸੀਂ ਜਾਂ ਸਾਡੇ ਤੋਂ ਪੁਰਾਣੇ ਲੇਖਕ ਜੇ ਨਹੀਂ ਕਰਵਾ ਸਕੇ ਤਾਂ ਨਵਲੇਖਕਾਂ ਨੂੰ ਹੌਂਸਲਾ ਤੇ ਸ਼ਾਬਾਸ਼ੇ ਤਾਂ ਦੇਈਏ। ਉਨ੍ਹਾਂ ਤੋਂ ਆਸ ਤਾਂ ਰੱਖੀਏ। ਕੀ ਪਤਾ ਉਹੀ ਪੰਜਾਬ ਦੇ ਰਸੂਲ ਹਮਜ਼ਾਤੋਵ ਬਣ ਜਾਣ!

ਮੇਰੀ ਸਮਝ ਮੁਤਾਬਿਕ ਅਸਲੋਂ 'ਮੌਲਿਕ' ਲਿਖਤ ਜਾਂ ਪੁਸਤਕ ਕੋਈ ਵੀ ਨਹੀਂ ਹੁੰਦੀ। ਹਰੇਕ 'ਚ ਪਹਿਲਾਂ ਦਾ ਸਿਰਜਿਆ ਕੁਝ ਨਾ ਕੁਝ ਲਿਆ ਵਰਤਿਆ ਜ਼ਰੂਰ ਹੁੰਦਾ। ਪਹਿਲਾਂ ਦੇ ਸਿਰਜੇ ਸ਼ਬਦ ਵਰਤੇ ਬਿਨਾਂ ਤਾਂ ਕਿਸੇ ਵੀ ਲੇਖਕ ਦਾ ਨਹੀਂ ਸਰਦਾ। ਸੋਚੋ, ਸਭ ਤੋਂ ਪਹਿਲਾਂ ਉਹ ਸ਼ਬਦ ਕੀਹਨੇ ਸਿਰਜੇ ਜੋ ਅਸੀਂ ਵਰਤ ਰਹੇ ਹਾਂ? 'ਬਾਬਾਣੀਆਂ ਕਹਾਣੀਆਂ' ਮੂਲ ਰੂਪ 'ਚ ਹੈਣ ਕੀਹਦੀਆਂ ਸਿਰਜੀਆਂ ਹੋਈਆਂ? ਉਹ ਤਾਂ ਬਾਤਾਂ ਵਾਂਗ ਮੂੰਹੋਂ-ਮੂੰਹ ਤੁਰੀਆਂ ਆਉਂਦੀਆਂ। ਜੇ ਕਿਸੇ ਨੇ ਇਕੱਤਰ ਕਰ ਲਈਆਂ ਤੇ ਸੰਪਾਦਿਤ ਕਰ ਦਿੱਤੀਆਂ ਤਾਂ ਉਹ, ਉਹਦੀਆਂ ਹੀ ਕਿਵੇਂ ਹੋ ਗਈਆਂ? ਲੋਕਧਾਰਾ ਦੇ ਲੋਕਗੀਤ, ਲੋਕ




ਕਹਾਣੀਆਂ, ਅਖਾਣ, ਮੁਹਾਵਰੇ, ਅਟੱਲ ਸਚਾਈਆਂ, ਪੰਚਤੰਤਰ ਦੀਆਂ ਕਹਾਣੀਆਂ...। ਓਸ਼ੋ, ਰੂਸੋ, ਹਮਜ਼ਾਤੋਵ, ਵਾਰਸ ਤੇ ਕਪੂਰ ਹੋਰਾਂ ਦੇ ਕਥਨ...। ਕੀਹਦਾ ਕੀਹਦਾ ਨਾਂ ਲਿਖੀਏ?

ਮੌਲਿਕਤਾ ਤਾਂ ਉਨ੍ਹਾਂ ਦੀ 'ਮੌਲਿਕ' ਢੰਗ ਨਾਲ ਜਾਂ 'ਨਕਲੀ' ਢੰਗ ਨਾਲ ਵਰਤੋਂ ਕਰਨ 'ਚ ਹੁੰਦੀ ਹੈ। ਕੋਈ ਲੇਖਕ ਉਨ੍ਹਾਂ ਨੂੰ ਕਿਵੇਂ ਵਰਤਦੈ, ਕੋਈ ਕਿਵੇਂ? ਧੁੱਗਾ ਕੋਈ ਪ੍ਰੌਢ ਲੇਖਕ ਨਹੀਂ, ਅਜੇ ਨਵਲੇਖਕ ਹੀ ਹੈ। ਫਿਰ ਵੀ ਉਸ ਨੇ ਸਾਰਾ ਕੁਝ ਕਮਾਲ ਦੀ ਕਲਾ ਨਾਲ ਪ੍ਰੋਇਆ ਤੇ ਵਰਤਿਆ। ਵੈਸੇ ਲੋਕਧਾਰਾ ਦਾ ਪਿੜ ਸਭ ਲਈ ਖੁੱਲ੍ਹਾ ਪਿਆ ਹੈ, ਲੋਕ ਕਹਾਣੀਆਂ ਜਾਂ ਲੋਕ ਗੀਤ ਕੋਈ ਵੀ ਵਰਤ ਸਕਦੈ। ਵਰਤ ਸਕਦੈ ਕੀ, ਵਰਤੀ ਹੀ ਜਾਨੇ ਆਂ ਤੇ 'ਮੌਲਿਕ' ਲੇਖਕ ਹੋਣ ਦਾ ਭਰਮ ਵੀ ਪਾਲੀ ਜਾਨੇ ਆਂ! ਡਾ. ਗੁਰਪ੍ਰੀਤ ਧੁੱਗਾ ਨੇ ਵੀ ਸਭ ਲਈ ਖੁੱਲ੍ਹੇ ਪਿੜ ਦੀ ਵਰਤੋਂ ਕੀਤੀ ਹੈ:

'ਜ਼ਿੰਦਗੀ 'ਚ ਸਾਂਭ-ਸਾਂਭ ਰੱਖੋ ਨਿੰਮ ਵਰਗੇ ਯਾਰਾਂ ਨੂੰ, ਜਿਹੜੇ ਮਿੱਠੇ ਭਾਵੇਂ ਨਹੀਂ ਹੁੰਦੇ ਪਰ ਲੋੜ ਪੈਣ 'ਤੇ ਕੰਮ ਕੌੜੀ ਦਵਾਈ ਵਾਂਗ ਆਉਂਦੇ ਨੇ...।'

ਪੁਸਤਕ 'ਚਾਲੀ ਦਿਨ' ਦਾ ਟਾਈਟਲ ਹੀ ਵੇਖੀਏ। ਟਾਈਟਲ 'ਤੇ ਸਭ ਤੋਂ ਉਪਰ ਛਪਿਆ ਸਿਰਲੇਖ ॥ ਇਹ ਜੁ ਦੁਨੀਆ ਸਿਹਰੁ ਮੇਲਾ ॥ ਹੈ। ਇਹ ਭਗਤ ਕਬੀਰ ਜੀ ਦੇ ਸਲੋਕ ਦੀ ਅੱਧੀ ਪੰਗਤੀ ਹੈ। ਪੂਰੀ ਪੰਗਤੀ ॥ ਇਹ ਜੋ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥ ਹੈ। ਭਾਵ ਇਹ ਦੁਨੀਆ ਮੈਜਿਕ ਮੇਲਾ ਹੈ, ਜਾਦੂ ਹੈ, ਤਮਾਸ਼ਾ ਹੈ। ਕਿਸੇ ਨੇ ਹੱਥ ਫੜ ਕੇ ਨਹੀਂ ਤੋਰਨਾ, ਆਪੇ ਹੀ ਸੰਭਲਣਾ ਪੈਣਾ।

॥ ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥ ਜੇ ਯਤਨ ਕਰਦਾ ਰਹੇਂਗਾ ਤਾਂ ਪਰੇਸ਼ਾਨੀਆਂ ਤੋਂ ਬਚਿਆ ਰਹੇਂਗਾ। ਇਥੇ ਸੁਖ ਵੀ ਹੈ ਤੇ ਦੁੱਖ ਵੀ। ਬਾਬਾ ਫਰੀਦ ਜੀ ਦਾ ਸ਼ਲੋਕ ਹੈ: ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਨਾਨਕ ਦੁਖੀਆ ਸਭੁ ਸੰਸਾਰੁ॥ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਹਨ: ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

ਹਾਸ਼ਮ ਸ਼ਾਹ ਨੇ ਲਿਖਿਆ ਹੈ:

ਇਕਸੇ ਤਾਰ ਬਹਾਰ ਨਾ ਰਹਿੰਦੀ, ਨਹੀਂ ਇਕਸੇ ਤੋਰ ਜ਼ਮਾਨਾ

ਹਰ ਦਿਨ ਚਾਲ ਨਹੀਂ ਅਲਬੇਲੀ, ਨਹੀਂ ਹਰ ਦਿਨ ਜ਼ੋਰ ਜਵਾਨਾ

ਰੋਵਣ ਸੋਗ ਹਮੇਸ਼ ਨਾ ਹੋਵੇ, ਨਹੀਂ ਨਿੱਤ ਨਿੱਤ ਰਾਗ ਸੁਹਾਨਾ

ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ

ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਤਵੇ ਗੂੰਜਦੇ ਰਹੇ:

ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ...

ਹੈ ਆਉਣ ਜਾਣ ਬਣਿਆ, ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ...

ਮੈਥੋਂ ਕਿਤੇ ਲਿਖਿਆ ਗਿਆ ਸੀ: ਸ੍ਰਿਸ਼ਟੀ ਬੜਾ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਖੇਡ-ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇੱਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ:

ਬਾਜ਼ੀਗਰ ਬਾਜ਼ੀ ਪਾਈ ਸਭ ਖਲਕ ਤਮਾਸ਼ੇ ਆਈ

ਪੁਸਤਕ ਦੇ ਸਰਵਰਕ ਉਤੇ ਕੇਸਰ, ਫ਼ਕੀਰ ਤੇ ਕੁੱਤਾ ਤੁਰੇ ਜਾਂਦੇ ਹਨ। ਰਾਹ ਰੇਤਲਾ, ਉਚਾਣਾਂ ਨਿਵਾਣਾਂ ਵਾਲਾ ਤੇ ਵਿੰਗਾਂ-ਵਲਾਂ ਵਾਲਾ ਹੈ। ਆਲੇ ਦੁਆਲੇ ਉੱਚੇ ਨੀਵੇਂ ਟਿੱਬੇ ਹਨ, ਰੁੱਖ 'ਕੱਲਾ ਦੁਕੱਲਾ ਦਿਸਦਾ ਹੈ, ਵਾਟਾਂ ਲੰਮੀਆਂ ਹਨ, ਰਾਤਾਂ ਪੈਂਦੀਆਂ, ਖਾਧ ਖੁਰਾਕ ਭੁੱਜੇ ਦਾਣੇ, ਗੁੜ ਦੀ ਰੋੜੀ ਤੇ ਪਾਣੀ ਹਨ। ਸਿਰ 'ਤੇ ਅਸਮਾਨ ਹੈ, ਤਾਰੇ ਹਨ, ਕਦੇ ਖੁਸ਼ਕ ਤੇ ਕਦੇ ਭਿੰਨੀਆਂ ਪੌਣਾਂ ਵਗਦੀਆਂ ਹਨ। ਪੰਛੀ ਉਡਦੇ ਹਨ, ਚਹਿਕਦੇ ਹਨ, ਕਦੇ ਕਦੇ ਕੇਸਰ ਨੂੰ ਬਚਪਨ ਦੀ ਸਖੀ ਸਹੇਲੀ ਜੀਤੋ ਵੀ ਯਾਦ ਆਉਂਦੀ ਹੈ, ਰੁਮਾਂਸ ਦਾ ਛੱਟਾ ਵੱਜ ਜਾਂਦਾ ਹੈ, ਵਚਨਾਂ ਤੇ ਕਥਨਾਂ ਦੇ ਬੋਹਲ ਉਸਰਦੇ, ਬਾਬਾਣੀਆਂ ਕਹਾਣੀਆਂ ਦੀ ਛਹਿਬਰ ਲੱਗਦੀ ਤੇ ਸਿਆਣਪਾਂ ਦੀ ਪਾਣ ਚੜ੍ਹਦੀ ਹੈ। ਵਾਟ ਮੁੱਕਦੀ ਜਾਂਦੀ ਹੈ, ਮੰਜ਼ਲ 'ਤੇ ਚਾਲ਼ੀ ਦਿਨਾਂ 'ਚ ਪੁੱਜਣਾ ਹੈ। ਬਿਰਤਾਂਤ ਸਿਰਜਣ ਦੇ ਕਿਆ ਕਹਿਣੇ! ਯਾਤਰਾ ਸ਼ੁਰੂ ਹੋਣ ਦਾ ਦ੍ਰਿਸ਼ ਦੇਖੋ: ਥੋੜ੍ਹਾ-ਥੋੜ੍ਹਾ ਚਾਨਣ ਹੋ ਰਿਹਾ ਸੀ। ਥੇਹ ਦੀ ਝਿੜੀ ਵਾਲੇ ਦਰੱਖਤ ਉਸ ਨੂੰ ਸਾਫ਼ ਦਿਸਣ ਲੱਗ ਪਏ ਸਨ। ਚੰਨ ਤੇ ਬੱਦਲਾਂ ਦੀ ਲੁਕਣ-ਮੀਟੀ ਵਿਚ ਚੰਨ ਦੀ ਰਫ਼ਤਾਰ ਤੇਜ਼ ਹੋ ਗਈ ਜਾਪਦੀ ਸੀ ਜਿਵੇਂ ਉਸ ਨੂੰ ਵੀ ਆਉਂਦੇ ਸੂਰਜ ਦੇ ਪੈਰਾਂ ਦੀ ਬਿੜਕ ਆ ਗਈ ਹੋਵੇ।

ਟਾਈਟਲ ਦੇ ਪਿਛਲੇ ਪਾਸੇ ਛਪਿਆ ਹੈ: ਚਾਲ਼ੀ ਦਿਨ (ਦਸਤਾਵੇਜ਼-ਏ-ਜ਼ਿੰਦਗੀ)। ਉਸ ਦੇ ਹੇਠਾਂ ਇਕ ਸੁਆਲ ਦਾ ਜੁਆਬ ਹੈ। ਫ਼ਕੀਰ-'ਜੁਆਨਾ ਜੇ ਤੇਰੇ ਪਿੱਛੇ ਸ਼ੇਰ ਦੌੜ ਰਿਹਾ ਹੋਵੇ ਤੇ ਅੱਗੇ ਅਚਾਨਕ ਕੋਈ ਖੂਹ ਆ ਜਾਵੇ ਤਾਂ ਤੂੰ ਕੀ ਕਰਨਾ ਚਾਹੇਂਗਾ?'ਕੇਸਰ-'ਜਾਗਣਾ, ਸਾਈਂ ਜੀ।'

ਕਵਰ ਦੇ ਅੰਦਰਵਾਰ ਲਿਖਿਆ ਹੈ:

ਦਿੱਤੀ ਜੇ ਅੱਖ ਦੇਵੀਂ ਨਜ਼ਰ ਵੀ ਮਾਲਕਾ।
ਰੱਖੀਂ ਤੂੰ ਜਿੱਥੇ ਹੋਵੇ ਕਦਰ ਵੀ ਮਾਲਕਾ।
ਇੱਕੋ ਦਾਨ ਮੰਗਾਂ ਮੈਂ ਬੁੱਧ ਤੇ ਵਿਵੇਕ ਦਾ,
ਦਿੱਤਾ ਹੈ ਬਹੁਤ ਦੇਵੀਂ ਸਬਰ ਵੀ ਮਾਲਕਾ।

ਜਿਵੇਂ ਪੁਸਤਕ ਲਿਖਣ 'ਚ ਕਈ ਜੁਗਤਾਂ ਵਰਤੀਆਂ ਗਈਆਂ ਹਨ ਉਵੇਂ ਪ੍ਰਕਾਸ਼ਕ ਆੱਟਮ ਆਰਟ ਨੇ ਵੀ ਕਿਤਾਬ ਦੀ ਪ੍ਰਕਾਸ਼ਨਾਂ 'ਚ ਕਈ ਛਾਪਕ ਜੁਗਤਾਂ ਵਰਤੋਂ 'ਚ ਲਿਆਂਦੀਆਂ ਹਨ। ਕੂਲ਼ੇ ਸਰਵਰਕ ਵਾਲੀ 155 ਪੰਨਿਆਂ ਦੀ ਹਲਕੀ ਫੁਲਕੀ ਕਿਤਾਬ ਦੇ ਪਿਛਲੇ 5 ਪੰਨੇ ਖਾਲੀ ਛੱਡੇ ਹਨ ਤਾਂ ਕਿ ਪੜ੍ਹਨ ਵਾਲਾ ਪੁਸਤਕ ਬਾਰੇ ਕੁਝ ਲਿਖ ਸਕੇ। ਕੀਮਤ ਵੀ ਵਾਜਬ ਹੀ ਰੱਖੀ ਹੈ 200 ਰੁਪਏ। ਪੜ੍ਹਨ ਨੂੰ ਵੀ ਬਹੁਤਾ ਸਮਾਂ ਨਹੀਂ ਲੱਗਦਾ।

***(ਚਲਦਾ)***

# ਕੰਮ ਦੀਆਂ ਗੱਲਾਂ

1. ਜਿਸ ਇਨਸਾਨ ਨੇ ਔਖੇ ਸਮੇਂ ਵਿਚ ਨਿਸਵਾਰਥ ਹੋ ਕੇ ਤੁਹਾਡਾ ਸਾਥ ਦਿੱਤਾ, ਅਜਿਹੇ ਪਰਉਪਕਾਰੀ ਇਨਸਾਨ ਨੂੰ ਕਦੇ ਨਾ ਭੁੱਲੋ।



2. ਜੋ ਆਪਣਾ ਹੋ ਕੇ ਵੀ ਆਪਣਾ ਨਾ ਬਣਿਆ ਉਸਨੂੰ ਕਦੇ ਵੀ ਆਪਣਾ ਨਾ ਸਮਝੋ।
3. ਸ਼ਾਮ ਨੂੰ ਇਹ ਜ਼ਰੂਰ ਸੋਚੋ ਕਿ ਆਪਣੇ ਘਰ-ਪਰਿਵਾਰ ਲਈ ਅੱਜ ਮੈਂ ਕੀ ਕੀਤਾ?

**ਮਾਸਟਰ ਸੰਜੀਵ ਧਰਮਾਣੀ**
**ਫੋਨ: 94785-61356**

4. ਦੂਸਰਿਆਂ ਦੇ ਬਹਿਕਾਵੇ ਵਿਚ ਆਉਣ ਤੋਂ ਪਹਿਲਾਂ ਪੂਰੀ ਤਫ਼ਤੀਸ਼ ਖੁਦ ਕਰਨੀ ਚਾਹੀਦੀ ਹੈ।
5. ਦੂਸਰੇ ਦਾ ਬੁਰਾ ਕਦੇ ਨਹੀਂ ਸੋਚਣਾ ਚਾਹੀਦਾ; ਕਿਉਂਕਿ ਨਕਾਰਾਤਮਕਤਾ ਸਭ ਤੋਂ ਪਹਿਲਾਂ ਸਾਡੇ 'ਤੇ ਹੀ ਆਪਣਾ ਬੁਰਾ ਪ੍ਰਭਾਵ ਪਾਉਂਦੀ ਹੈ।
6. ਸ਼ਾਕਾਹਾਰੀ ਇਨਸਾਨ ਦੁਨੀਆ ਦਾ ਖੁਸ਼ਨਸੀਬ ਇਨਸਾਨ ਹੁੰਦਾ ਹੈ; ਕਿਉਂਕਿ ਉਸਦਾ ਪੇਟ ਕਿਸੇ ਵੀ ਜੀਵ-ਜੰਤੂ ਦਾ ਕਬਰਿਸਤਾਨ ਨਹੀਂ ਹੁੰਦਾ।
7. ਸਾਨੂੰ ਆਪਣੇ ਈਸ਼ਟ 'ਤੇ ਹਮੇਸ਼ਾ ਭਰੋਸਾ ਬਣਾਈ ਰੱਖਣਾ ਚਾਹੀਦਾ ਹੈ।
8. ਹੱਦ ਤੋਂ ਜ਼ਿਆਦਾ ਚਲਾਕੀ ਇਨਸਾਨ ਨੂੰ ਸਮਾਜ ਦੀਆਂ ਨਜ਼ਰਾਂ ਵਿਚ ਗਿਰਾ ਦਿੰਦੀ ਹੈ।
9. ਬੇਈਮਾਨੀ ਦੀ ਕਮਾਈ ਕਦੇ ਵੀ ਬੰਦੇ ਨੂੰ ਸ਼ਾਂਤੀ ਤੇ ਸਕੂਨ ਨਾਲ਼ ਜਿਉਣ ਨਹੀਂ ਦਿੰਦੀ।
10. ਸਮਾਂ ਕਦੇ ਕਿਸੇ ਦਾ ਇੱਕੋ ਜਿਹਾ ਨਹੀਂ ਰਹਿੰਦਾ। ਇਸਲਈ ਸਮੇਂ ਅਤੇ ਸਥਿਤੀ ਦਾ ਕਦੇ ਹੰਕਾਰ ਨਹੀਂ ਕਰਨਾ ਚਾਹੀਦਾ।
11. ਜਦੋਂ ਕੋਈ ਇਨਸਾਨ ਵੱਖਰਾ ਕੰਮ ਕਰਦਾ ਹੈ ਤਾਂ ਦੁਨੀਆ ਉਸ ਉੱਤੇ ਹੱਸਦੀ ਹੈ, ਫਿਰ ਵਿਰੋਧਤਾ ਕਰਦੀ ਹੈ ਤੇ ਬਾਅਦ ਵਿਚ ਉਸੇ ਇਨਸਾਨ ਦੇ ਸਫ਼ਲ ਹੋ ਜਾਣ 'ਤੇ ਉਸਨੂੰ ਸਲੂਟ ਮਾਰਦੀ ਹੈ। ਇਹੋ ਦੁਨੀਆ ਦਾ ਦਸਤੂਰ ਹੈ।
12. ਨਸ਼ੇ ਕਰਨ ਵਾਲ਼ੇ ਇਨਸਾਨ ਦੇ ਸੁਪਨੇ ਕਦੇ ਪੂਰੇ ਨਹੀਂ ਹੁੰਦੇ।
13. ਕੀ ਤੁਸੀਂ ਕਦੇ ਸੋਚਿਆ ਹੈ ਕਿ ਸੂਰਜ ਹਰ ਰੋਜ਼ ਬਿਨਾਂ ਦੇਰੀ ਅਤੇ ਬਿਨਾਂ ਛੁੱਟੀ ਕੀਤਿਆਂ, ਬਿਨਾਂ ਕਿਸੇ ਭੇਦਭਾਵ ਤੋਂ ਸਭ ਪ੍ਰਾਣੀਆਂ ਤੇ ਬਨਸਪਤੀ ਨੂੰ ਰੌਸ਼ਨੀ ਤੇ ਊਰਜਾ ਦਿੰਦਾ ਹੈ। ਸੂਰਜ ਵਾਂਗ ਬਣਨਾ ਚਾਹੀਦਾ ਹੈ।
14. ਵਾਤਾਵਰਨ ਨੂੰ ਪਿਆਰ ਕਰੋਗੇ ਤਾਂ ਖੁਸ਼ ਰਹੋਗੇ।
15. ਜਦੋਂ ਵੀ ਸਮਾਂ ਮਿਲ਼ੇ ਕੁਦਰਤੀ ਵਰਤਾਰਿਆਂ ਨੂੰ ਧਿਆਨ ਨਾਲ਼ ਸੁਣਨਾ ਤੇ ਨਿਹਾਰਨਾ ਚਾਹੀਦਾ ਹੈ। ਇਹ ਕੁਦਰਤ ਦਾ ਅਨਮੋਲ ਖਜ਼ਾਨਾ ਹੈ। ਇਸ ਵਿਚ ਬੇਅੰਤ ਖੁਸ਼ੀ, ਸਕੂਨ ਤੇ ਸੰਤੁਸ਼ਟੀ ਹੈ।



# ਫ਼ਿਲਮ ਲੋਕ



## ਸਦਾਬਹਾਰ ਸੰਗੀਤ ਦਾ ਰਚੇਤਾ ਸੀ-ਆਰ. ਡੀ. ਬਰਮਨ



ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਆਰ.ਡੀ.ਬਰਮਨ ਭਾਵ ਰਾਹੁਲ ਦੇਵ ਬਰਮਨ ਬਾਲੀਵੁੱਡ ਦੇ ਬੇਹੱਦ ਪ੍ਰਤਿਭਾਵਾਨ ਸੰਗੀਤਕਾਰ ਐਸ.ਡੀ.ਬਰਮਨ ਦਾ ਹੋਣਹਾਰ ਪੁੱਤਰ ਸੀ। ਆਰ.ਡੀ.ਬਰਮਨ ਜਦੋਂ ਬਾਲ ਅਵਸਥਾ ਵਿਚ ਪੰਘੂੜੇ 'ਚ ਪਿਆ ਰੋਂਦਾ ਹੁੰਦਾ ਸੀ ਤਾਂ ਉਹ ਜ਼ਿਆਦਾ ਕਰਕੇ ਪੰਚਮ ਸੁਰ ਵਿਚ ਹੀ ਰੋਂਦਾ ਸੀ ਜਿਸ ਕਰਕੇ ਅਦਾਕਾਰ ਅਸ਼ੋਕ ਕੁਮਾਰ ਨੇ ਬਚਪਨ 'ਚ ਹੀ ਉਸਦਾ ਨਾਂ 'ਪੰਚਮ' ਰੱਖ ਦਿੱਤਾ ਸੀ। ਵੱਡਿਆਂ ਹੋ ਕੇ ਕੇਵਲ ਪੰਚਮ ਹੀ ਨਹੀਂ ਸਗੋਂ ਸੱਤੇ ਸੁਰਾਂ ਦਾ ਉਸਤਾਦ ਬਣ ਕੇ ਆਰ.ਡੀ.ਬਰਮਨ ਨੇ ਕੁੱਲ 331 ਫ਼ਿਲਮਾਂ ਲਈ ਸੰਗੀਤ ਸਿਰਜਿਆ ਸੀ ਜਿਨ੍ਹਾ ਵਿੱਚੋਂ 292 ਹਿੰਦੀ, 31ਬੰਗਾਲੀ, 3ਤੇਲਗੂ, 2 ਤਾਮਿਲ, 2 ਉੜੀਆ ਅਤੇ 1 ਮਰਾਠੀ ਫ਼ਿਲਮ ਸੀ। ਉਸਦੀਆਂ ਅਧਿਕਤਰ ਫ਼ਿਲਮਾਂ ਆਪਣੇ ਮਨਮੋਹਕ ਸੰਗੀਤ ਕਰਕੇ ਸੁਪਰਹਿੱਟ ਰਹੀਆਂ ਸਨ।

ਗਾਇਕ ਕਿਸ਼ੋਰ ਕੁਮਾਰ ਅਤੇ ਗਾਇਕਾ ਆਸ਼ਾ ਭੌਂਸਲੇ ਕੋਲੋਂ ਉਨ੍ਹਾ ਦੇ ਫ਼ਿਲਮੀ ਕੈਰੀਅਰ ਦੇ ਸਭ ਤੋਂ ਵੱਧ ਹਿੱਟ ਗੀਤ ਗਵਾ ਕੇ ਉਨ੍ਹਾ ਨੂੰ ਸ਼ੁਹਰਤ ਦੀ ਟੀਸੀ 'ਤੇ ਪੰਹੁਚਾ ਦੇਣ ਵਾਲੇ ਆਰ.ਡੀ.ਬਰਮਨ ਦਾ ਜਨਮ 27 ਜੂਨ,1939 ਨੂੰ ਗੀਤਕਾਰ ਮਾਂ ਮੀਰਾ ਦੇਵ ਬਰਮਨ ਦੀ ਕੁੱਖੋਂ ਕਲਕੱਤਾ ਵਿਖੇ ਹੋਇਆ ਸੀ। ਹੋਣਹਾਰ ਮਾਪਿਆਂ ਦੇ ਹੋਣਹਾਰ ਫ਼ਰਜ਼ੰਦ ਪੰਚਮ ਨੇ ਆਪਣਾ ਪਹਿਲਾ ਗੀਤ ਕੇਵਲ ਨੌਂ ਸਾਲ ਦੀ ਉਮਰ ਵਿਚ ਸੰਗੀਤਬੱਧ ਕਰ ਦਿੱਤਾ ਸੀ ਤੇ ਉਸਦੀ ਇਸ ਦਿਲਕਸ਼ ਕੰਪੋਜੀਸ਼ਨ ਨੂੰ ਉਸਦੇ ਪਿਤਾ ਨੇ ਬਾਅਦ ਵਿਚ ਸੰਨ 1956 'ਚ ਬਣੀ ਫ਼ਿਲਮ 'ਫੰਟੂਸ਼' ਲਈ ਵਰਤ ਲਿਆ ਸੀ। ਇਥੇ ਹੀ ਬਸ ਨਹੀਂ ਸੰਨ 1957 ਵਿਚ ਗੁਰੂਦੱਤ ਦੀ ਫ਼ਿਲਮ 'ਪਿਆਸਾ' ਦੇ ਗੀਤ ''ਸਰ ਜੋ ਤੇਰਾ ਚਕਰਾਏ ''ਦੀ ਧੁਨ ਵੀ ਅਠਾਰ੍ਹਾਂ ਵਰ੍ਹਿਆਂ ਦੇ ਮੁੱਛ ਫੁੱਟ ਗੱਭਰੂ ਪੰਚਮ ਦੀ ਹੀ ਤਿਆਰ ਕੀਤੀ ਹੋਈ ਸੀ। ਪੰਚਮ ਨੇ ਆਪਣੇ ਪਿਤਾ ਤੋਂ ਇਲਾਵਾ ਸੰਗੀਤਕਾਰ ਸਲਿਲ ਚੌਧਰੀ ,ਉਸਤਾਦ ਅਲੀ ਅਕਬਰ ਖ਼ਾਨ ਅਤੇ ਉਸਤਾਦ ਸਮਤਾ ਪ੍ਰਸਾਦ ਤੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਸਨ।

ਆਰ.ਡੀ.ਬਰਮਨ ਨੇ ਉੱਨੀ ਵਰ੍ਹਿਆਂ ਦੀ ਉਮਰੇ ਆਪਣੇ ਪਿਤਾ ਨਾਲ ਬਤੌਰ ਸਹਾਇਕ ਸੰਗੀਤਕਾਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬਤੌਰ ਸਹਾਇਕ ਉਸਨੇ'ਚਲਤੀ ਕਾ ਨਾਮ ਗਾੜੀ','ਕਾਗ਼ਜ਼ ਕੇ ਫੂਲ','ਤੇਰੇ ਘਰ ਕੇ ਸਾਮਨੇ','ਬੰਦਿਨੀ','ਜ਼ਿੱਦੀ','ਤੀਨ ਦੇਵੀਆਂ','ਗਾਈਡ','ਜਿਊਲ ਥੀਫ਼' ਅਤੇ 'ਪ੍ਰੇਮ ਪੁਜਾਰੀ' ਜਿਹੀਆਂ ਸ਼ਾਹਕਾਰ ਫ਼ਿਲਮਾਂ ਬਾਲੀਵੁੱਡ ਦੀ ਝੋਲ੍ਹੀ ਪਾਈਆਂ ਸਨ। ਉਨ੍ਹਾ ਵੇਲਿਆਂ ਵਿਚ ਫ਼ਿਲਮ ' ਸੋਲ੍ਹਵਾਂ ਸਾਲ ' ਦੇ ਇਕ ਗੀਤ ''ਹੈ ਅਪਨਾ ਦਿਲ ਤੋਂ ਆਵਾਰਾ'' ਲਈ ਉਸਨੇ ਮਾਊਥ ਆਰਗੇਨ ਨਾਂ ਦਾ ਸੰਗੀਤਕ ਸਾਜ਼ ਇਸ ਕਦਰ ਬਾਖ਼ੂਬੀ ਨਾਲ ਵਜਾਇਆ ਸੀ ਕਿ ਕਈ ਦਹਾਕਿਆਂ ਤੱਕ ਇਹ ਸਰੋਤਿਆਂ ਦੇ ਕੰਨਾਂ 'ਚ ਰਸ ਘੋਲ੍ਹਦਾ ਰਿਹਾ ਸੀ।




ਬਤੌਰ ਸੁਤੰਤਰ ਸੰਗੀਤਕਾਰ ਆਰ.ਡੀ.ਬਰਮਨ ਦੀ ਪਹਿਲੀ ਫ਼ਿਲਮ 'ਰਾਜ਼' ਸੀ ਜਿਸ ਵਿਚ ਉਸਨੇ ਸ਼ੈਲੇਂਦਰ ਦੇ ਰਚੇ ਦੋ ਗੀਤ ਆਸ਼ਾ ਭੌਂਸਲੇ, ਗੀਤਾ ਦੱਤ ਅਤੇ ਸ਼ਮਸ਼ਾਦ ਬੇਗਮ ਦੀਆਂ ਆਵਾਜ਼ਾਂ ਵਿਚ ਰਿਕਾਰਡ ਕਰਵਾਏ ਸਨ ਪਰ ਕਿਸੇ ਕਾਰਨ ਇਹ ਫ਼ਿਲਮ ਪੂਰੀ ਨਾ ਹੋ ਸਕੀ ਤੇ ਉਸਨੂੰ ਮਿਲੀ ਦੂਜੀ ਫ਼ਿਲਮ 'ਛੋਟੇ ਨਵਾਬ' ਹੀ ਉਸਦੇ ਕੈਰੀਅਰ ਦੀ ਪਹਿਲੀ ਫ਼ਿਲਮ ਹੋ ਨਿੱਬੜੀ। ਆਰ.ਡੀ.ਬਰਮਨ ਦੀ ਸਭ ਤੋਂ ਪਹਿਲੀ ਹਿੱਟ ਫ਼ਿਲਮ 'ਤੀਸਰੀ ਮੰਜ਼ਿਲ' ਸੀ ਜਿਸਦਾ ਨਿਰਮਾਣ ਨਾਸਿਰ ਹੁਸੈਨ ਨੇ ਕੀਤਾ ਸੀ। ਨਾਸਿਰ ਸਾਹਿਬ ਨੂੰ ਉਸਦਾ ਕੰਮ ਇੰਨਾ ਪਸੰਦ ਆਇਆ ਕਿ ਉਨ੍ਹਾ ਨੇ ਅਗਲੀਆਂ ਕਈ ਫ਼ਿਲਮਾਂ ਉਸਦੇ ਨਾਲ ਹੀ ਕੀਤੀਆਂ ਸਨ ਜਿਨ੍ਹਾ ਵਿਚ 'ਬਹਾਰੋਂ ਕੇ ਸਪਨੇ','ਪਿਆਰ ਕਾ ਮੌਸਮ','ਯਾਦੋਂ ਕੀ ਬਾਰਾਤ' ਆਦਿ ਦੇ ਨਾਂ ਸ਼ਾਮਿਲ ਸਨ। ਉਂਜ ਸੰਨ 1970 ਵਿਚ ਆਈ ਫ਼ਿਲਮ 'ਕਟੀ ਪਤੰਗ' ਦੇ ਸੰਗੀਤ ਨੇ ਉਸਨੂੰ ਪਹਿਲੀ ਸ੍ਰੇਣੀ ਦੇ ਸੰਗੀਤਕਾਰਾਂ ਦੀ ਕਤਾਰ ਵਿਚ ਖੜਾ ਕਰ ਦਿੱਤਾ ਸੀ।

ਇਸ ਮਹਾਨ ਸੰਗੀਤਕਾਰ ਦੁਆਰਾ ਸੰਗੀਤਬੱਧ ਕੀਤੇ ਯਾਦਗਾਰੀ ਨਗ਼ਮਿਆਂ ਦੀ ਜੇ ਗੱਲ ਕੀਤੀ ਜਾਵੇ ਤਾਂ ''ਲੱਕੜੀ ਕੀ ਕਾਠੀ'',''ਇਕ ਚਤੁਰ ਨਾਰ'',''ਜਬ ਹਮ ਜਵਾਂ ਹੋਂਗੇ'',''ਚੁਰਾ ਲੀਆ ਹੈ ਤੁਮਨੇ ਜੋ ਦਿਲ ਕੋ'',''ਪਿਆਰ ਹਮੇਂ ਕਿਸ ਮੋੜ ਪੇ ਲੇ ਆਇਆ'',''ਪੀਆ ਤੂ ਅਬ ਤੋ ਆ ਜਾ'',''ਓ ਮੇਰੇ ਦਿਲ ਕੇ ਚੈਨ'',''ਏਕ ਲੜਕੀ ਕੋ ਦੇਖਾ ਤੋ ਐਸਾ ਲਗਾ'',''ਵਾਅਦਾ ਕਰੋ ਕਿ ਨਹੀਂ ਛੋੜੋਗੇ ਮੇਰਾ ਸਾਥ'',''ਜ਼ਿੰਦਗੀ ਕੇ ਸਫ਼ਰ ਮੇਂ ਗੁਜ਼ਰ ਜਾਤੇ ਹੈਂ ਜੋ ਮਕਾਮ'',''ਕਿਆ ਯਹੀ ਪਿਆਰ ਹੈ'',''ਐਸੇ ਨਾ ਮੁਝੇ ਤੁਮ ਦੇਖੋ'',''ਦਮ ਮਾਰੋ ਦਮ'',''ਰਾਤ ਕਲੀ ਇਕ ਖ਼ੁਆਬ ਮੇਂ ਆਈ'',''ਰੈਨਾ ਬੀਤੀ ਜਾਏ'',''ਯੇ ਦੋਸਤੀ ਹਮ ਨਹੀਂ ਤੋੜੇਂਗੇ ''ਅਤੇ ''ਯੇ ਸ਼ਾਮ ਮਸਤਾਨੀ ਮਦਹੋਸ਼ ਕੀਏ ਜਾਏ '' ਆਦਿ ਸਮੇਤ ਕਈ ਹੋਰ ਗੀਤ ਸ਼ਾਮਿਲ ਕੀਤੇ ਜਾ ਸਕਦੇ ਹਨ।


'ਮਾਸੂਮ','ਸਨਮ ਤੇਰੀ ਕਸਮ' ਅਤੇ '1942-ਏ ਲਵ ਸਟੋਰੀ' ਆਦਿ ਫ਼ਿਲਮਾਂ ਲਈ 'ਸਰਬੋਤਮ ਸੰਗੀਤਕਾਰ' ਦਾ ' ਫ਼ਿਲਮ ਫੇਅਰ ਪੁਰਸਕਾਰ' ਹਾਸਿਲ ਕਰਨ ਵਾਲੇ ਇਸ ਗੁਣਵਾਨ ਸੰਗੀਤਕਾਰ ਦੀਆਂ ਇਕ ਦਰਜਨ ਹੋਰ ਫ਼ਿਲਮਾਂ ਵੱਖ-ਵੱਖ ਇਨਾਮਾਂ ਲਈ ਨਾਮਜ਼ਦ ਹੋਈਆਂ ਸਨ। ਅਖ਼ੀਰ 4 ਜਨਵਰੀ,1994 ਆਰ.ਡੀ.ਬਰਮਨ ਦਾ ਦੇਹਾਂਤ ਹੋ ਗਿਆ ਸੀ। ਉਹ ਵਾਕਿਆ ਹੀ ਇਕ ਸਿਆਣਾ,ਸੁਰੀਲਾ ਅਤੇ ਮਹਾਨ ਸੰਗੀਤ ਨਿਰਦੇਸ਼ਕ ਸੀ।

## ਬਿਆਨ ਤੋਂ ਮੁੱਕਰ ਗਈ ਕ੍ਰਿਤੀ ਖਰਬੰਦਾ



ਜਿਹੜੀ ਬਿਲਕੁਲ ਤਾਜ਼ਾ ਖ਼ਬਰ ਕ੍ਰਿਤੀ ਖਰਬੰਦਾ ਬਾਬਤ ਹੈ, ਉਹ ਇਹ ਹੈ ਕਿ 'ਆਲੀਆ ਉਬਰਾਏ' ਦੀ ਭੂਮਿਕਾ ਦਮਦਾਰ ਤੇ ਸ਼ਾਨਦਾਰ ਤਰੀਕੇ ਨਾਲ ਨਿਭਾਅ ਕੇ ਉਸ ਨੇ ਵੈੱਬ ਸੀਰੀਜ਼ 'ਰਾਣਾ ਨਾਇਡੂ-2' ਜ਼ਰੀਏ ਖ਼ੂਬ ਸਿਫ਼ਤਾਂ ਆਪਣੀਆਂ ਕਰਵਾਈਆਂ ਤੇ ਮੀਡੀਆ ਦੇ ਹਰੇਕ ਹਿੱਸੇ ਨੇ ਕਿਹਾ ਕਿ ਹੈ ਕਿ 'ਰਾਣਾ ਨਾਇਡੂ-2' 'ਚ ਕ੍ਰਿਤੀ ਨੇ ਆਪਣੀ ਭੂਮਿਕਾ 'ਆਲੀਆ ਉਬਰਾਏ' 'ਚ ਅਜਿਹੀ ਜਾਨ ਪਾਈ ਹੈ, ਜਿਵੇਂ ਸੱਚਮੁੱਚ ਹੀ ਉਹ 'ਆਲੀਆ ਉਬਰਾਏ' ਹੋਵੇ। ਨਵੇਂ, ਚਮਕ-ਦਮਕ ਵਾਲੇ ਖੁੱਲ੍ਹਮ-ਖੁੱਲ੍ਹੇ 'ਆਲੀਆ ਉਬਰਾਏ' ਦੇ ਕਿਰਦਾਰ ਨੇ ਕ੍ਰਿਤੀ ਖਰਬੰਦਾ ਦੀ ਪੂਰੀ ਗੱਲਬਾਤ ਫਿਰ ਇੰਡਸਟਰੀ ਵਿਚ ਬਣਾ ਦਿੱਤੀ ਹੈ। ਦੋ ਸਾਲ ਪਹਿਲਾਂ ਅਭਿਨੇਤਾ ਪੁਲਕਿਤ ਸਮਰਾਟ ਨਾਲ ਵਿਆਹ ਕਰਵਾਉਣ ਵਾਲੀ ਕ੍ਰਿਤੀ ਖਰਬੰਦਾ ਅਜੇ ਵੀ ਪੁਲਕਿਤ ਨਾਲ ਕਈ ਵਾਰ ਕੈਂਡਲ ਡਿਨਰ ਕਰਕੇ ਆਪਣੇ ਅਤਿ ਰੁਮਾਂਟਿਕ ਹੋਣ ਦਾ ਪ੍ਰਭਾਵ ਦੇ ਰਹੀ ਹੈ। ਉਧਰ ਔਰਤ ਸੰਸਥਾਵਾਂ ਦਾ ਵਿਰੋਧ ਦੇਖ ਕ੍ਰਿਤੀ ਆਪਣੇ ਪਹਿਲੇ ਦਿੱਤੇ ਬਿਆਨ ਤੋਂ ਪਾਸਾ ਵੱਟ ਗਈ ਹੈ ਤੇ ਉਸ ਨੇ ਕਿਹਾ ਕਿ ਔਰਤ ਸਸਤੀ ਚੀਜ਼ ਨਹੀਂ ਤੇ ਉਹ 370 ਰੁਪਏ ਦੀ ਬਰਿਆਨੀ ਵਾਲੀ ਗੱਲ 'ਚ ਉਸ ਦਰਸ਼ਕ 'ਤੇ ਕਾਰਵਾਈ ਦੀ ਮੰਗ ਕਰਦੀ ਹੈ। ਹਰ ਸਮੇਂ ਆਨਲਾਈਨ ਰਹਿਣ ਦਾ ਦਬਾਅ ਅੰਦਰ ਤੋਂ ਮਾਨਸਿਕਤਾ ਨੂੰ ਖੋਖਲਾ ਕਰ ਰਿਹਾ ਹੈ। ਹਿੰਦੀ, ਤੇਲਗੂ ਤੇ ਕੰਨੜ ਫ਼ਿਲਮਾਂ ਦੀ ਅਭਿਨੇਤਰੀ ਕ੍ਰਿਤੀ ਖਰਬੰਦਾ ਬਿਨਾਂ ਪੀ.ਆਰ. ਪ੍ਰਚਾਰ ਦੇ ਨਿਰਮਾਤਾਵਾਂ ਦੀ ਪਸੰਦ ਹੈ। ਕ੍ਰਿਤੀ ਖਰਬੰਦਾ ਨੇ 'ਰਿਸਕੀ ਰੋਮਿਓ' ਨਵੀਂ ਫ਼ਿਲਮ ਵੀ ਪ੍ਰਾਪਤ ਕੀਤੀ ਹੈ ਤੇ 'ਰਾਮਾ ਨਾਇਡ-2' ਦੀ ਸੱਤ ਮਿੰਟ ਦੀ ਡਬਿੰਗ ਲਈ ਚਾਰ ਘੰਟੇ ਟ੍ਰੈਫਿਕ 'ਚ ਫਸੋ ਜਾਣਾ ਤੇ ਫਿਰ ਗਲੇ ਦਾ ਅਚਾਨਕ ਦਰਦ ਤੇ ਫਿਰ 7 ਮਿੰਟ ਡਬਿੰਗ ਕਰਕੇ ਪੰਜ ਘੰਟੇ ਫਿਰ ਟ੍ਰੈਫਿਕ ਜਾਮ 'ਚ ਫਸਣ ਦੀ ਗੱਲ 'ਤੇ ਹੱਸ ਕੇ ਕ੍ਰਿਤੀ ਨੇ ਕਿਹਾ ਕਿ ਸੱਤ ਮਿੰਟ ਦੀ ਡਬਿੰਗ ਲਈ 9 ਘੰਟੇ ਜਾਮ ਨੇ ਦਰਦਾਂ ਲਾ ਦਿੱਤੀਆਂ, ਆਬਾਦੀ ਬਹੁਤ ਵਧ ਰਹੀ ਹੈ, ਟ੍ਰੈਫਿਕ ਦਾ ਹਾਲ ਬੁਰਾ ਹੈ।

## ਬੇਹੱਦ 'ਕਲਿਆਣਕਾਰੀ' ਸੀ-ਕਲਿਆਣ ਜੀ



ਬਾਲੀਵੁੱਡ ਸੰਗੀਤ ਵਿਚ ਚੋਟੀ ਦਾ ਸਥਾਨ ਰੱਖਣ ਵਾਲੀ ਸੰਗੀਤਕਾਰ ਜੋੜੀ ਲਕਸ਼ਮੀਕਾਂਤ-ਪਿਆਰੇ ਲਾਲ ਨੂੰ ਫ਼ਖ਼ਰ ਸੀ ਕਿ ਉਹ ਮਹਾਨ ਸੰਗੀਤਕਾਰ ਜੋੜੀ ਕਲਿਆਣ ਜੀ-ਅਨੰਦ ਜੀ ਦੇ ਚੇਲੇ ਤੇ ਸਹਾਇਕ ਰਹੇ ਸਨ। ਕਲਿਆਣ ਜੀ-ਅਨੰਦ ਜੀ ਦੀ ਜੋੜੀ ਨੇ 250 ਤੋਂ ਵੱਧ ਫ਼ਿਲਮਾਂ ਲਈ ਬੇਹੱਦ ਦਿਲਕਸ਼ ਸੰਗੀਤ ਰਚਿਆ ਸੀ ਜਿਨ੍ਹਾ ਵਿਚੋਂ 17 ਫ਼ਿਲਮਾਂ ਗੋਲਡਨ ਜੁਬਲੀ ਅਤੇ 39 ਫ਼ਿਲਮਾਂ ਸਿਲਵਰ ਜੁਬਲੀ ਰਹੀਆਂ ਸਨ। ਇਸ ਜੋੜੀ ਵੱਲੋਂ ਰਚੇ ਸੁਰੀਲੇ ਗੀਤਾਂ ਵਿਚ ''ਅਕੇਲੇ ਹੈਂ ਚਲੇ ਆਓ'',''ਵਾਅਦਾ ਕਰ ਲੇ ਸਾਜਨਾ'',''ਆਜਾ ਤੁਝ ਕੋ ਪੁਕਾਰੇ ਮੇਰੇ ਗੀਤ'',''ਕਭੀ ਰਾਤ ਦਿਨ ਹਮ ਦੂਰ ਥੇ'',''ਕਸਮੇਂ ਵਾਅਦੇ ਪਿਆਰ ਵਫ਼ਾ ਸਭ ਬਾਤੇਂ ਹੈ ਬਾਤੋਂ ਕਾ ਕਿਆ'', ''ਮੇਰੇ ਦੇਸ਼ ਕੀ ਧਰਤੀ ਸੋਨਾ ਉਗਲੇ'',''ਸੁੱਖ ਕੇ ਸਬ ਸਾਥੀ ਦੁੱਖ ਮੇਂ ਨਾ ਕੋਇ'',''ਜ਼ਿੰਦਗੀ ਕਾ ਸਫ਼ਰ ਹੈ ਯੇ ਕੈਸਾ ਸਫ਼ਰ'',''ਪਲ ਪਲ ਦਿਲ ਕੇ ਪਾਸ ਤੁਮ ਰਹਿਤੀ ਹੋ ''ਅਤੇ ''ਜੀਵਨ ਸੇ ਭਰੀ ਤੇਰੀ ਆਂਖੇਂ '' ਆਦਿ ਜਿਹੇ ਸੈਂਕੜੇ ਯਾਦਗਾਰੀ ਨਗ਼ਮੇ ਸ਼ਾਮਿਲ ਹਨ ਤੇ ਉਨ੍ਹਾ ਵੱਲੋਂ ਸਿਰਜੇ ਸੰਗੀਤ ਦੀ ਮਹਿਕ ਅੱਜ ਵੀ ਫ਼ਿਜ਼ਾ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ।

ਕਲਿਆਣ ਜੀ ਵੀਰ ਜੀ ਸ਼ਾਹ ਅਤੇ ਅਨੰਦ ਜੀ ਵੀਰ ਜੀ ਸ਼ਾਹ ਦੋਵੇਂ ਭਰਾ ਸਨ ਜਿਨ੍ਹਾ ਵਿੱਚੋਂ ਕਲਿਆਣ ਜੀ ਵੱਡਾ ਸੀ ਤੇ ਉਸਦਾ ਜਨਮ 30 ਜੂਨ,1928 ਨੂੰ ਗੁਜਰਾਤ ਦੇ ਕੱਛ ਖੇਤਰ ਵਿਖੇ ਸਥਿਤ ਕੁੰਡੂਰੀ ਪਿੰਡ ਵਿਖੇ ਹੋਇਆ ਸੀ। ਪਿੰਡੋਂ ਕਰਿਆਨੇ ਦੀ ਦੁਕਾਨ ਬੰਦ ਕਰਕੇ ਉਸਦੇ ਪਿਤਾ ਨੇ ਇਕ ਦਿਨ ਮੁੰਬਈ ਦਾ ਰੁਖ਼ ਕਰ ਲਿਆ ਤੇ ਇਥੇ ਆ ਕੇ ਕਰਿਆਨਾ ਸਟੋਰ ਖੋਲ੍ਹ ਲਿਆ। ਕਲਿਆਣ ਜੀ ਦੇ ਪੜ੍ਹਦਾਦਾ ਜੀ ਸੰਗੀਤ ਵਿਚ ਰੁਚੀ ਰੱਖਦੇ ਸਨ ਤੇ ਇਹ ਖਿੱਚ ਕਲਿਆਣ ਜੀ ਤੇ ਅਨੰਦ ਜੀ ਦੇ ਅੰਦਰ ਵੀ ਸੀ। ਪਿਤਾ ਦੀ ਆਗਿਆ ਤੇ ਸਹਿਯੋਗ ਸਦਕਾ ਦੋਵਾਂ ਭਰਾਵਾਂ ਨੇ ਇੱਕ ਸੰਗੀਤ ਅਧਿਆਪਕ ਤੋਂ ਸੰਗੀਤ ਦੀਆਂ ਬਾਰੀਕੀਆਂ ਸਿੱਖਣੀਆਂ ਸ਼ੁਰੂ ਕੀਤੀਆਂ ਤੇ ਦਿਲਚਸਪ ਗੱਲ ਇਹ ਰਹੀ ਕਿ ਉਨ੍ਹਾ ਦੇ ਅਧਿਆਪਕ ਨੂੰ ਮਿਹਨਤਾਨੇ ਵਜੋਂ ਉਨ੍ਹਾ ਦੇ ਪਿਤਾ ਜੀ ਪੈਸੇ ਦੀ ਥਾਂ ਮਹੀਨੇ ਭਰ ਦਾ ਰਾਸ਼ਨ ਪ੍ਰਦਾਨ ਕਰਿਆ ਕਰਦੇ ਸਨ।

ਕਲਿਆਣ ਜੀ ਨੇ ਆਪਣਾ ਫ਼ਿਲਮੀ ਕੈਰੀਅਰ ਬਤੌਰ ਕੈਲਵੋਲੀਨ ਵਾਦਕ ਸ਼ੁਰੂ ਕੀਤਾ ਸੀ। ਇਹ ਇਕ ਅਜਿਹਾ ਸੰਗੀਤਕ ਸਾਜ਼ ਸੀ ਜੋ ਬੀਨ ਦੀ ਧੁਨ ਕੱਢਦਾ ਸੀ। ਸੰਨ 1954 ਵਿਚ ਬਣੀ ਫ਼ਿਲਮ 'ਨਾਗਿਨ' ਲਈ ਸੰਗੀਤਕਾਰ ਹੇਮੰਤ ਕੁਮਾਰ ਦੇ ਸੰਗੀਤ ਨਿਰਦੇਸ਼ਨ ਹੇਠ ਕਲਿਆਣ ਜੀ ਨੇ ਬੀਨ ਦੀ ਦਿਲਕਸ਼ ਧੁਨ ਵਜਾਈ ਸੀ ਜੋ ਕਿ ਬੇਹੱਦ ਮਕਬੂਲ ਹੋਈ ਸੀ। ਕੁਝ ਸਮਾਂ ਬਤੌਰ ਕੈਲਵੋਲੀਨ ਵਾਦਕ ਕੰਮ ਕਰਨ ਪਿੱਛੋਂ ਕਲਿਆਣ ਜੀ ਨੇ ਆਪਣੇ ਭਰਾ ਨਾਲ ਮਿਲ ਕੇ 'ਕਲਿਆਣ ਜੀ-ਅਨੰਦ ਜੀ ਐਂਡ ਪਾਰਟੀ ' ਨਾਮਕ ਸੰਗੀਤਕ ਗਰੁੱਪ ਕਾਇਮ ਕਰਕੇ ਵੱਖ-ਵੱਖ ਸ਼ਹਿਰਾਂ ਵਿਚ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ ਸਨ। ਸੰਨ 1959 ਵਿਚ ਕਲਿਆਣ ਜੀ ਨੇ ਬਤੌਰ ਫ਼ਿਲਮ ਸੰਗੀਤਕਾਰ ਆਪਣੀ ਪਹਿਲੀ ਫ਼ਿਲਮ 'ਸਮਰਾਟ ਚੰਦਰਗੁਪਤ ' ਕੀਤੀ ਸੀ ਜਿਸ ਵਿਚ ਮੁੰਹਮਦ ਰਫ਼ੀ ਅਤੇ ਲਤਾ ਮੰਗੇਸ਼ਕਰ ਦਾ ਗਾਇਆ ਗੀਤ ''ਚਾਹੇ ਪਾਸ ਹੋ , ਚਾਹੇ ਦੂਰ ਹੋ'' ਸੁਪਰਹਿੱਟ ਰਿਹਾ ਸੀ। ਇਸ ਉਪਰੰਤ ਆਪਣੇ ਭਰਾ ਅਨੰਦ ਜੀ ਨਾਲ ਕਲਿਆਣ ਜੀ-ਅਨੰਦ ਜੀ ਦੀ ਜੋੜੀ ਬਣਾ ਕੇ ਸੰਨ 1959 ਵਿਚ ਹੀ 'ਸੱਟਾ ਬਾਜ਼ਾਰ' ਅਤੇ ' ਮਦਾਰੀ ' ਜਿਹੀਆਂ ਫ਼ਿਲਮਾਂ ਕੀਤੀਆਂ ਸਨ ਤੇ ਸੰਨ 1961 ਵਿਚ ਆਈ 'ਛਲੀਆ' ਦੇ ਮਨਮੋਹਕ ਗੀਤਾਂ ਨੇ ਇਸ ਜੋੜੀ ਨੂੰ ਪਹਿਲੀ ਕਤਾਰ ਦੇ ਸੰਗੀਤਕਾਰਾਂ ਵਿਚ ਲਿਆ ਕੇ ਖੜਾ ਕਰ ਦਿੱਤਾ ਸੀ।



''ਜਿਸਕਾ ਮੁਝੇ ਥਾ ਇੰਤਜ਼ਾਰ'', ''ਮੈਂ ਪਿਆਸਾ ਤੁਮ ਸਾਵਨ'',''ਪਲ ਭਰ ਕੇ ਲੀਏ ਕੋਈ ਹਮੇਂ ਪਿਆਰ ਕਰ ਲੇ'',''ਸਾਰੇ ਸ਼ਹਿਰ ਮੇਂ ਆਪ ਸਾ ਕੋਈ ਨਹੀਂ'', ''ਕਭੀ ਰਾਤ ਦਿਨ ਹਮ ਦੂਰ ਥੇ'', ''ਯਾਰੀ ਹੈ ਈਮਾਨ ਮੇਰਾ,ਯਾਰ ਮੇਰੀ ਜ਼ਿੰਦਗੀ'' ਆਦਿ ਜਿਹੇ ਗੀਤਾਂ ਲਈ ਸ਼ਾਨਦਾਰ ਸੰਗੀਤ ਸਿਰਜਣ ਵਾਲੇ ਕਲਿਆਣ ਜੀ ਨੂੰ ਇਹ ਮਾਣ ਦਿੱਤਾ ਜਾਂਦਾ ਹੈ ਕਿ ਇਨ੍ਹਾ ਨੇ ਮਨਹਰ ਉਧਾਸ,ਅਭਿਜੀਤ,ਉਦਿਤ ਨਰਾਇਣ ,ਸਾਧਨਾ ਸਰਗਮ, ਅਨੁਰਾਧਾ ਪੌਡਵਾਲ, ਸਪਨਾ ਮੁਖਰਜੀ ਅਤੇ ਸੁਨਿਧੀ ਚੌਹਾਨ ਜਿਹੇ ਸੁਰੀਲੇ ਗਾਇਕਾਂ ਨੂੰ ਬਾਲੀਵੁੱਡ ਵਿਚ ਪ੍ਰਵੇਸ਼ ਕਰਵਾਇਆ ਸੀ ਤੇ ਕਮਰ ਜਲਾਲਾਬਾਦੀ,ਅਨੰਦ ਬਖ਼ਸ਼ੀ,ਗੁਲਸ਼ਨ ਬਾਵਰਾ,ਵਰਮਾ ਮਲਿਕ ਅਤੇ ਅੰਜਾਨ ਆਦਿ ਗੀਤਕਾਰਾਂ ਨੂੰ ਵੀ ਬਾਲੀਵੁੱਡ ਵਿਚ ਵੱਡੀ ਪਛਾਣ ਦਿਵਾਈ ਸੀ। 24 ਅਗਸਤ, 2000 ਨੂੰ ਕਿਅਲਾਣ ਜੀ ਦਾ ਦੇਹਾਂਤ ਹੋ ਗਿਆ ਸੀ। ਆਪਣੇ ਮਨਮੋਹਕ ਸੰਗੀਤ ਸਦਕਾ ਉਹ ਸਦਾ ਹੀ ਸਾਡੇ ਦਰਮਿਆਨ ਮੌਜੂਦ ਰਹਿਣਗੇ।

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਇ ॥



# ਮਹਾਨ ਸਮਾਜ ਸੁਧਾਰਕ
# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ
# ਦੀ 76ਵੀਂ ਅਤੇ
# ਸੰਤ ਬਾਬਾ ਰੋਸ਼ਨ ਸਿੰਘ ਜੀ
# ਦੀ ਦੂਸਰੀ ਮਿੱਠੀ ਯਾਦ ਨੂੰ ਸਮਰਪਿਤ



ਮਹਾਨ ਸਮਾਜ ਸੁਧਾਰਕ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 76ਵੀਂ ਅਤੇ ਸੰਤ ਬਾਬਾ ਰੋਸ਼ਨ ਸਿੰਘ ਜੀ ਦੀ ਦੁਸਰੀ ਮਿੰਠੀ ਯਾਦ ਨੂੰ ਸਮਰਪਿਤ 28 ਜੂਨ ਨੂੰ ਵਿਸ਼ੇਸ਼ ਪ੍ਰੋਗਰਾਮ ਗੁਰਦੁਆਰਾ ਸੰਤ ਸਾਗਰ ਵਿਖੇ ਕਰਵਾਏ ਜਾ ਰਹੇ ਹਨ।

## ਪ੍ਰੋਗਰਾਮ :

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**
26 ਜੂਨ 2026 ਸਵੇਰੇ 10:45 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
: 28 ਜੂਨ 2026 ਸਵੇਰੇ 09:30 ਵਜੇ

## ਪਹੁੰਚ ਰਹੇ ਰਾਗੀ, ਢਾਡੀ ਅਤੇ ਕਥਾਵਾਚਕ






ਉਪਰੰਤ ਦੁਪਿਹਰ 2:30 ਵਜੇ ਤਕ ਦੀਵਾਨ ਸਜਣਗੇ। ਜਿਸ ਵਿਚ ਭਾਈ ਗੁਰਪ੍ਰੀਤ ਸਿੰਘ ਕੀਰਤਨੀ ਜਥਾ । ਭਾਈ ਭੁਪਿੰਦਰ ਸਿੰਘ ਜੀ ( ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ) ਭਾਈ ਲਖਵਿੰਦਰ ਸਿੰਘ ਕਥਾਵਾਚਕ, ਢਾਡੀ ਜਥਾ ਮੋਹਨ ਸਿੰਘ ਬਡਾਨਾ, ਭਾਈ ਸੱਜਣ ਸਿੰਘ ਜੀ । ( ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ) ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਗੁਰੂ ਚਰਨਾਂ ਨਾਲ ਜੋੜਣਗੇ। ਆਪ ਸੰਗਤ ਅਗੇ ਬੇਨਤੀ ਹੈ ਕਿ ਆਪ ਸਾਰੇ ਪਰਿਵਾਰਾਂ ਸਮੇਤ ਤੇ ਹੋਰਨਾਂ ਨੂੰ ਵੀ ਪ੍ਰੇਰਕੇ ਗੁਰੂਘਰ ਹਾਜ਼ਰੀ ਭਰੋ ਤੇ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣੋ ।

**ਇਸ ਸਾਰੇ ਪ੍ਰੋਗਰਾਮ ਵਿੱਚ ਗੁਰੂ ਕਾ ਲੰਗਰ ਅੱਤੁਟ ਵਰਤੇਗਾ ।**

**ਵਧੇਰੇ ਜਾਣਕਾਰੀ ਲਈ 917-733-5150 (ਬਲਵਿੰਦਰ ਸਿੰਘ)**
**ਅਤੇ 646-812-4656 (ਕਸ਼ਮੀਰ ਸਿੰਘ ਬੱਸੀ) ਨੂੰ ਕਾਲ ਕਰ ਸਕਦੇ ਹੋ ।**

# ਗੁਰਦੁਆਰਾ ਸੰਤ ਸਾਗਰ
## GURDWARA SANT SAGAR

242-25 Braddock Ave, Bellerose NY 11426
Phone # 718-343-1030

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਸੇਵਾ ਸੋਸਾਇਟੀ, ਬੈਲਰੋਜ਼, ਨਿਊਯਾਰਕ ।**